ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 38 | 19 September 2018 to 25 September 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com



03
■ ਭਾਈਚਾਰਾ
'ਅਮਰੀਕਾ ਵਿਚ ਸਿੱਖ' ਟੀਵੀ ਪ੍ਰੋਗਰਾਮ ਨੇ ਐਮੀ ਐਵਾਰਡ ਜਿੱਤਿਆ



12
■ ਨਜ਼ਰੀਆ
ਬਾਦਲ ਪਰਿਵਾਰ ਦਾ ਅਜੋਕਾ ਸੰਕਟ ਅਤੇ ਅਕਾਲੀ ਦਲ



23
■ ਵਿਚਾਰ ਚਰਚਾ
ਭਾਰਤ ਵਿਚ ਪਾਖੰਡੀ ਬਾਬਿਆਂ ਦਾ 'ਮਾਇਆਜਾਲ'

## ਰੈਲੀਆਂ ਦੀ ਰਾਜਨੀਤੀ : ਬੇਅਦਬੀ ਦੇ ਮੁੱਦੇ ਨੂੰ ਰੋਲਣ ਲਈ ਬਾਦਲਾਂ ਤੇ ਕਾਂਗਰਸ ਦੀ ਸਿਆਸੀ ਖੇਡ ਸ਼ੁਰੂ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ ਸੱਤਾਧਾਰੀ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਬਾਦਲ ਵਿਚਾਲੇ ਅਹਿਮ ਮੁੱਦਿਆਂ ਉਤੇ ਇਕ-ਦੂਜੇ ਨਾਲ ਪਾਸ ਦੇ ਕੇ ਖੇਡਣ ਦੀ ਦੀ ਰਾਜਨੀਤੀ ਜ਼ੋਰਾਂ ਉਤੇ ਹੈ। ਜਾਣਬੁੱਝ ਕੇ ਪਹਿਲਾਂ ਰੈਲੀਆਂ ਰੱਦ ਕਰਵਾਈਆਂ ਤੇ ਕੀਤੀਆਂ ਜਾਂਦੀਆਂ ਹਨ ਤੇ ਮੁੜ ਪੁਲਿਸ ਦੇ ਜ਼ੋਰ ਨਾਲ ਕੀਤੇ ਇਕੱਠਾ ਵਿਚ ਪਿੰਡ ਦੀ ਸੱਥ ਵਾਂਗ ਲਲਕਾਰੇ ਮਾਰੇ ਜਾ ਰਹੇ ਹਨ। ਇਹ ਸਭ ਕੁਝ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਦੂਜੇ ਪਾਸੇ ਲਾਉਣ ਦੀ ਕਸਰਤ ਹੀ ਆਖਿਆ ਜਾ ਸਕਦਾ ਹੈ। ਸੂਬੇ ਦੇ ਦਾਨਿਸ਼ਵਰਾਂ ਦੀ ਰਾਇ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕੈਪਟਨ ਸਰਕਾਰ ਵੱਲੋਂ ਇਕ ਦੂਜੇ ਖ਼ਿਲਾਫ਼ ਰੈਲੀਆਂ ਕਰਨ ਦੇ ਐਲਾਨਾਂ ਅਤੇ ਰੈਲੀਆਂ ਕਰਨ ਨਾਲ ਟਕਰਾਅ ਤੋਂ ਛੁੱਟ ਕੁਝ ਨਹੀਂ ਨਿਕਲਣਾ, ਸਗੋਂ ਹਾਲਾਤ ਹੋਰ ਬਦਤਰ ਹੋਣ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।
ਪਹਿਲਾਂ ਕੈਪਟਨ ਸਰਕਾਰ ਨੇ ਫਰੀਦਕੋਟ ਰੈਲੀ 'ਤੇ ਪਾਬੰਦੀ ਲਾ ਕੇ ਗਲਤ ਕਦਮ ਚੁੱਕਿਆ ਫਿਰ ਕੈਪਟਨ ਸਰਕਾਰ ਵੱਲੋਂ ਲੰਬੀ ਵਿਚ ਰੈਲੀ ਦਾ ਐਲਾਨ ਕਰਨ ਤੇ ਉਸੇ ਦਿਨ ਅਕਾਲੀ ਦਲ ਵੱਲੋਂ ਪਟਿਆਲਾ ਵਿੱਚ ਰੈਲੀ ਕਰਨ ਦੇ ਐਲਾਨ ਪਿਛਲੀ ਸਰਕਾਰ ਸਮੇਂ ਹੋਈਆਂ ਬੇਅਦਬੀ ਦੀਆਂ

ਬਾਕੀ ਸਫ਼ਾ 32 'ਤੇ





### ਬਾਦਲ ਸਾਹਿਬ ਨੂੰ ਪੂਰਾ ਸੱਚ ਬੋਲਣ 'ਚ ਕੀ ਦਿੱਕਤ ਹੈ ?

ਪੰਜਾਬ ਦੇ ਸਭ ਤੋਂ ਬਜ਼ੁਰਗ ਸਿਆਸਤਦਾਨ ਅਤੇ ਪੰਜ ਵਾਰ ਮੁੱਖ ਮੰਤਰੀ ਰਹੇ ਸ. ਪ੍ਰਕਾਸ਼ ਸਿੰਘ ਬਾਦਲ ਅਧੂਰਾ ਸੱਚ ਬੋਲ ਕੇ ਅਸਲੀਅਤ ਨੂੰ ਪਲਟਾ ਦਿੰਦੇ ਹਨ। 16 ਸਤੰਬਰ ਨੂੰ ਫਰੀਦਕੋਟ 'ਚ ਰੈਲੀ ਦੌਰਾਨ ਆਪਣੀ ਵਿਰੋਧੀ ਪਾਰਟੀ ਕਾਂਗਰਸ ਦੀ ਭੰਡੀ ਕਰਨ ਖਾਤਰ ਬਾਦਲ ਸਾਹਿਬ ਨੇ ਕਾਂਗਰਸੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੇ ਦੋਸ਼ ਲਾਇਆ ਕਿ ਪੰਜਾਬੀ ਸੂਬੇ ਦੀ ਹੱਕੀ ਮੰਗ ਨੂੰ ਉਹਨਾਂ ਨੇ ਪੂਰੀ ਨਹੀਂ ਹੋਣ ਦਿੱਤਾ। ਇਹ ਗੱਲ ਸਹੀ ਹੈ ਕਿ ਨਹਿਰੂ ਨੇ ਆਪਦੇ ਜਿਊਂਦੇ ਜੀ ਪੰਜਾਬੀਆਂ ਦੀ ਇਹ ਬਿਲਕੁਲ ਵਾਜਬ ਮੰਗ ਨਹੀਂ ਮੰਨੀ ਤੇ ਇਹਦੇ ਹੱਕ ਵਿੱਚ ਅਕਾਲੀ ਦਲ ਵੱਲੋਂ ਚਲਾਈ ਗਈ ਜੱਦੋਜਹਿਦ 'ਤੇ ਬਹੁਤ ਹੀ ਤਸ਼ੱਦਦ ਕੀਤਾ। ਸ. ਬਾਦਲ ਵੱਲੋਂ ਬੋਲਿਆ ਗਿਆ ਇਹ ਅਧੂਰਾ ਸੱਚ ਹੈ। ਪੂਰਾ ਸੱਚ ਇਹ ਹੈ ਕਿ ਉਹਨਾਂ ਦੀ ਭਾਈਵਾਲ ਪਾਰਟੀ ਭਾਰਤੀ ਜਨਤਾ ਪਾਰਟੀ ਪੰਜਾਬੀ ਸੂਬੇ ਦੀ ਮੰਗ ਨੂੰ ਦੱਬਣ ਲਈ ਨਹਿਰੂ ਤੋਂ ਵੀ ਦੋ ਰੱਤੀਆਂ

ਬਾਕੀ ਸਫ਼ਾ 32 'ਤੇ

## ਐਨਆਰਆਈ ਔਰਤ ਦੀ ਗੋਲੀ ਲੱਗਣ ਨਾਲ ਮੌਤ

**ਟਾਂਡਾ/ਬਿਊਰੋ ਨਿਊਜ਼ :** ਇਥੋਂ ਦੇ ਜਾਜਾ ਬਾਈਪਾਸ ਨੇੜੇ ਚਾਹਲ ਗੰਨ ਹਾਊਸ ਦੇ ਮਾਲਕ ਸਰਬਜੀਤ ਸਿੰਘ ਦੇ ਪੁੱਤਰ ਅਮਨਪ੍ਰੀਤ ਸਿੰਘ ਸੋਨੂ ਵੱਲੋਂ ਚਲਾਈਆਂ ਗੋਲੀਆਂ ਲੱਗਣ ਨਾਲ ਇਕ ਐਨਆਰਆਈ ਔਰਤ ਦੀ ਮੌਤ ਹੋਣ ਦੀ ਖਬਰ ਹੈ। ਜਾਣਕਾਰੀ ਮੁਤਾਬਕ ਇਸ ਘਟਨਾ ਵਿਚ ਮ੍ਰਿਤਕ ਔਰਤ ਦੀ ਭਰਜਾਈ ਗੰਭੀਰ ਜ਼ਖ਼ਮੀ ਹੋ ਗਈ। ਇਹ ਘਟਨਾ ਦੁਪਹਿਰੇ 1 ਵਜੇ ਦੇ ਕਰੀਬ ਵਾਪਰੀ। ਮ੍ਰਿਤਕ ਔਰਤ ਦੀ ਪਛਾਣ ਸਰਬਜੀਤ ਕੌਰ ਪਤਨੀ ਗੁਰਵਿੰਦਰ ਸਿੰਘ ਨਿਵਾਸੀ ਪਿਪਲਾਂਵਾਲੀ ਹੁਸ਼ਿਆਰਪੁਰ ਵਜੋਂ ਹੋਈ ਹੈ, ਜਦਕਿ ਜਖ਼ਮੀ ਹੋਈ ਔਰਤ ਦੀ ਪਛਾਣ ਦਲਵੀਰ ਕੌਰ ਪਤਨੀ ਅਮਨਦੀਪ ਸਿੰਘ ਨਿਵਾਸੀ ਝਾਂਵਾ ਦੱਸੀ ਗਈ ਹੈ, ਜਿਸ ਨੂੰ ਹੁਸ਼ਿਆਰਪੁਰ ਦੇ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸਰਬਜੀਤ ਕੌਰ 5 ਸਤੰਬਰ ਨੂੰ ਕੈਨੇਡਾ ਤੋਂ ਇਥੇ ਆਈ ਸੀ। ਘਟਨਾ ਦੀ ਸੂਚਨਾ ਮਿਲਦੇ ਹੀ ਡੀਐੱਸਪੀ ਗੁਰਪ੍ਰੀਤ ਸਿੰਘ ਗਿੱਲ ਅਤੇ ਥਾਣਾ ਮੁਖੀ ਪ੍ਰਦੀਪ ਸਿੰਘ ਮੌਕੇ 'ਤੇ ਪੁੱਜੇ ਅਤੇ ਸੀਸੀਟੀਵੀ ਫੁਟੇਜ ਦੀ ਮਦਦ ਨਾਲ ਤਫਤੀਸ਼ ਸ਼ੁਰੂ ਕਰ ਦਿੱਤੀ। ਪੁਲੀਸ ਨੇ ਅਮਨਪ੍ਰੀਤ ਸਿੰਘ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਦੋਵੇਂ ਔਰਤਾਂ ਪਿੰਡ ਝਾਂਵਾਂ ਤੋਂ ਜਾਣਕਾਰ ਸਰਬਜੀਤ ਸਿੰਘ ਦੇ ਗੰਨ ਹਾਊਸ ਕਿਸੇ ਕੰਮ ਆਈਆਂ ਸਨ। ਮੁਲਜ਼ਮ ਨੇ ਗੋਲੀਆਂ ਕਿਉਂ ਚਲਾਈਆਂ, ਇਸ ਬਾਰੇ ਅਜੇ ਸਪੱਸ਼ਟ ਨਹੀਂ ਹੋ ਸਕਿਆ ਹੈ। ਟਾਂਡਾ ਪੁਲੀਸ ਨੇ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਹੈ।



## ਪੰਜਾਬ 'ਚ ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀ ਚੋਣਾਂ ਵਿਚ ਚੱਲੀਆਂ ਗੋਲੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਵੋਟਾਂ ਦੌਰਾਨ ਕਈ ਥਾਵਾਂ ਉਤੇ ਕਾਂਗਰਸ ਅਤੇ ਅਕਾਲੀ ਦਲ ਦੇ ਕਾਰਕੁੰਨਾਂ ਵਿਚਾਲੇ ਹਿੰਸਕ ਝੜਪਾਂ ਹੋਣ ਦੀ ਖ਼ਬਰ ਹੈ। ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕਰਨ ਦੇ ਬਾਵਜੂਦ ਜ਼ਿਲ੍ਹਾ ਬਠਿੰਡਾ ਦੇ ਪਿੰਡ ਦੂਲੇਵਾਲ ਵਿੱਚ ਅਕਾਲੀ ਤੇ ਕਾਂਗਰਸ ਵਰਕਰਾਂ ਵਿਚਾਲੇ ਝੜਪ ਹੋ ਗਈ। ਇਸ ਦੌਰਾਨ ਦੋਵਾਂ ਧਿਰਾਂ ਵੱਲੋਂ ਗੋਲ਼ੀਆਂ ਵੀ ਚਲਾਈਆਂ ਗਈਆਂ। ਦੱਸਿਆ ਜਾ ਰਿਹਾ ਹੈ ਕਿ ਝੜਪ ਦੌਰਾਨ ਬੱਚਾ ਗੰਭੀਰ ਜ਼ਖ਼ਮੀ ਹੋਇਆ ਹੈ।
ਇਸ ਤੋਂ ਇਲਾਵਾ ਬਠਿੰਡਾ ਦੇ ਹੀ ਪਿੰਡ ਮਿੱਡਾ ਵਿੱਚ ਵਾਹਨਾਂ ਦੀ ਭੰਨ੍ਹਤੋੜ ਦੇ ਮਾਮਲੇ ਵੀ ਸਾਹਮਣੇ ਆਏ ਹਨ। ਪਿੰਡ ਕਾਲ਼ਿਆਂਵਾਲੀ ਵਿੱਚ ਕਾਰਾਂ ਦੀ ਭੰਨ੍ਹਤੋੜ ਕੀਤੀ ਗਈ। ਇੱਥੇ ਪਿੰਡ ਬਾਦਲ ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਆਪਣੀ ਵੋਟ ਪਾਈ।
ਉੱਧਰ ਮੁਕਤਸਰ ਵਿੱਚ ਮਨਜਿੰਦਰ ਸਿੰਘ ਬਿੱਟੂ ਦੇ ਹੋਟਲ ਵਿੱਚੋਂ 10 ਅਣਪਛਾਤੇ ਬੰਦੇ ਫੜੇ ਗਏ। ਇਨ੍ਹਾਂ ਕੋਲੋਂ ਹਥਿਆਰ ਤੇ ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਬਿੱਟੂ ਅਕਾਲੀ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਮੁੰਡਾ ਹੈ ਤੇ ਉਦੈਕਰਨ ਜ਼ੋਨ ਤੋਂ ਚੋਣਾਂ ਲੜ ਰਿਹਾ ਹੈ। ਵੋਟਾਂ ਦੀ ਗਿਣਤੀ 22 ਸਤੰਬਰ ਨੂੰ ਹੋਏਗੀ।

## ਨੌਰਥ ਕੈਰੋਲੀਨਾ ਇਲਾਕੇ 'ਚ ਫਲੋਰੈਂਸ ਤੂਫਾਨ ਦੀ ਤਬਾਹੀ

**ਨੌਰਥ ਕੇਰੋਲਿਨਾ/ਹੁਸਨ ਲੜੋਆ ਬੰਗਾ :**
ਅਮਰੀਕਾ ਵਿਚ ਤੂਫ਼ਾਨ 'ਫਲੋਰੈਂਸ' ਨਾਲ ਉੱਤਰੀ ਕੈਰੋਲਿਨਾ 'ਚ ਹੁਣ ਤੱਕ 31 ਲੋਕਾਂ ਦੀ ਮੌਤ ਹੋ ਗਈ ਹੈ। ਹੁਣ ਭਾਵੇਂ ਤੂਫ਼ਾਨ ਦਾ ਪ੍ਰਭਾਵ ਘਟ ਗਿਆ ਹੈ ਪਰ ਇਸ ਕਾਰਨ 10 ਲੱਖ ਤੋਂ ਜ਼ਿਆਦਾ ਘਰਾਂ ਦੀ ਬਿਜਲੀ ਸਪਲਾਈ ਠੱਪ ਹੋਈ ਪਈ ਹੈ। ਫਲੋਰੈਂਸ ਤੁਫਾਨ ਦੀ ਤਬਾਹੀ ਨੇ ਲੱਖਾਂ ਲੋਕ ਬੇਘਰ ਕਰ ਦਿੱਤੇ ਤੇ ਕਈ ਇਲਾਕੇ ਸੂਬੇ ਦੇ ਬਾਕੀ ਹਿੱਸਿਆਂ ਨਾਲੋਂ ਕੱਟੇ ਗਏ ਹਨ। ਤਬਾਹੀ ਨਾਲ ਦੋ ਚਾਰ ਹੋਣ ਲਈ ਮਰੀਨ, ਕੋਸਟ ਗਾਰਡ, ਨਾਗਰਿਕ ਕਰਮਚਾਰੀ ਅਤੇ ਵਾਲੰਟੀਅਰਾਂ ਨੇ ਦਿਨ ਰਾਤ ਇੱਕ ਕੀਤੀ ਹੋਈ ਹੈ। ਫਲੋਰੈਂਸ ਦੇ ਹਮਲੇ ਵਿਚ ਫਸੇ ਸੈਂਕੜੇ ਲੋਕਾਂ ਨੂੰ ਬਚਾਉਣ ਲਈ ਹੈਲੀਕਾਪਟਰ, ਕਿਸ਼ਤੀਆਂ ਅਤੇ ਹੈਵੀ ਡਿਊਟੀ ਵਾਹਨਾਂ ਦੀ ਵਰਤੋਂ ਕੀਤੀ ਗਈ



। 90 ਮੀਲ ਪ੍ਰਤਿ ਘੰਟਾ (145 ਕਿਲੋਮੀਟਰ) ਹਵਾ ਵਾਲੇ ਤੁਫਾਨ ਫਲੋਰੈਂਸ ਨੇ ਪੂਰੇ ਹਿਕ ਦਿਨ ਆਪਣਾ ਕਹਿਰ ਜਾਰੀ ਰੱਖਿਆ। ਤੱਟ ਦੇ ਨਾਲ ਲੱਗਦੇ ਸ਼ੁਰੂਆਤੀ ਹਮਲੇ ਵਿੱਚ, ਫਲੋਰੈਂਸ ਨੇ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਅਤੇ 9 00,000 ਤੋਂ ਵੱਧ ਘਰਾਂ ਅਤੇ ਕਾਰੋਬਾਰਾਂ ਦੀ ਬਿਜਲੀ ਗੁੱਲ ਕਰ ਦਿੱਤੀ। ਉਚ ਅਧਿਕਾਰੀਆਂ ਨੇ ਕੇਪ ਫਾਈਰ ਦਰਿਆ ਅਤੇ ਲਿਟਲ ਰਿਵਰ ਦੇ ਇਕ ਮੀਲ (1.6 ਕਿਲੋਮੀਟਰ) ਦੇ ਅੰਦਰ

ਬਾਕੀ ਸਫ਼ਾ 32 'ਤੇ

SINGH CPA PLLC
Making Businesses Tax Efficient
Tax Planning
Bookkeeping/ Payroll
Sales & Occupancy Taxes
Corporate & Individual Taxes
Barjinderjit Singh, CPA
Serving Clients in All 48 States
700 Central Expressway South, Suite 400 Allen, TX. 75013
(214) 210-9600
bill@mysinghcpa.com
www.mysinghcpa.com

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE
OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

ਰੈਪਾਪੋਰਟ ਅਤੇ ਉਸ ਦੀ ਪਤਨੀ ਦੇ ਪੈਸੇ ਤੁਰੰਤ ਵਾਪਸ ਕਰੋ
ਕਾਂਗਰਸਮੈਨ ਡੇਵਿਨ ਨੂਨਸ, ਤੁਸੀਂ ਮਾਰਟਿਨ ਰੈਪਾਪੋਰਟ ਤੋਂ ਕਾਨੂੰਨੀ ਮੁਹਿੰਮ ਚਲਾਉਣ ਲਈ ਵੱਧ ਤੋਂ ਵੱਧ ਦਾਨ ਕਿਉਂ ਸਵੀਕਾਰ ਕੀਤਾ ਹੈ, ਜਿਸ ਨੇ ਇਹ ਕਿਹਾ ਹੈ, ਕਿ ਭਾਰਤੀਆਂ ਨੇ ਅੱਤਵਾਦ ਨੂੰ ਫੰਡਿਗ ਕੀਤੀ ਹੈ। ਉਹ ਨਰਿੰਦਰ ਮੋਦੀ ਦੇ ਅਜਿਹੇ ਹੀ "ਬਕਵਾਸ" ਬਿਆਨਾਂ ਨੂੰ ਵੀ ਦੁਹਰਾਉਂਦੇ ਹਨ। ਇਸ ਕਰਕੇ ਹੁਣੇ ਹੀ ਰੈਪਾਪੋਰਟ ਅਤੇ ਉਸ ਦੀ ਪਤਨੀ ਦੇ ਪੈਸੇ ਵਾਪਸ ਕਰੋ।
Congressman Devin Nunes : Why did you accept the maximum legal campaign donation from Martin Rapaport, who is reported to have insinuated that Indians fund terrorism and called statements by Narendra Modi "bulls*t?"
Tell Nunes to return Rapaport and his wife's money NOW
PAID FOR BY THE SWAMP ACCOUNTABILITY PROJECT AND NOT AUTHORIZED BY ANY CANDIDATE OR CANDIDATE'S COMMITTEE.
WWW.SWAMPACCOUNTABILITYPROJECT.COM

ਵਰਕਰਾਂ ਦੀ ਲੋੜ
ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।
ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ
ਦੋਸਤਾਂ ਮਿੱਤਰਾਂ ਨਾਲ ਵੇਖੋ ਅਪਣੀ
ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
PLAYSTATION Network
XBOX
FANDANGONOW

# 'ਅਮਰੀਕਾ ਵਿਚ ਸਿੱਖ' ਟੀਵੀ ਪ੍ਰੋਗਰਾਮ ਨੇ ਐਮੀ ਐਵਾਰਡ ਜਿੱਤਿਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿਚ ਸਿੱਖਾਂ 'ਤੇ ਬਣੇ ਪਹਿਲੇ ਕੇਬਲ ਟੀਵੀ ਪ੍ਰੋਗਰਾਮ "ਅਮਰੀਕਾ ਵਿਚ ਸਿੱਖ" ਨੇ ਐਮੀ ਐਵਾਰਡ ਪ੍ਰਾਪਤ ਕੀਤਾ ਹੈ। "ਯੂਨਾਈਟਿਡ ਸ਼ੇਡਜ਼ ਆਫ ਅਮਰੀਕਾ' ਦੀ ਐਪੀਸੋਡ ਲੜੀ ਵਿਚ ਤਿਆਰ ਇਸ ਪ੍ਰੋਗਰਾਮ ਵਿਚ ਪਹਿਲੀ ਵਾਰ ਹੈ, ਜਦੋਂ ਸਿੱਖਾਂ ਨੇ ਆਪਣੀਆਂ ਕਹਾਣੀਆਂ, ਆਪਣੀ ਆਵਾਜ਼ ਵਿਚ, ਟੈਲੀਵਿਜ਼ਨ ਉਤੇ ਇਕ ਘੰਟਾ ਸੁਣਾਈਆਂ ਹਨ। ਸਿੱਖ ਕੌਮ ਨੂੰ ਇਹ ਐਪੀਸੋਡ ਦੇਖਣ ਲਈ ਕਿਹਾ ਗਿਆ ਹੈ, ਤਾਂ ਜੋ ਉਹ ਖ਼ੁਦ ਵੀ ਸਿੱਖ-ਪਹਿਚਾਣ ਨੂੰ ਲੈ ਕੇ ਵਧੇਰੇ ਸੁਚੇਤ ਤੇ ਜਾਗਰੂਕ ਹੋ ਸਕਣ।

ਵਾਸ਼ਿੰਗਟਨ ਪੋਸਟ ਦੇ ਇਕ ਖਬਰ ਮੁਤਾਬਕ ਪ੍ਰੋਗਰਾਮ ਬਣਾਉਣ ਵਾਲਿਆਂ ਦਾ ਕਹਿਣਾ ਹੈ ਕਿ ਸਾਡੇ ਲਈ ਟੀਵੀ ਉਦਯੋਗ ਵਿਚ ਸਰਵ ਉੱਚ ਮਾਣ ਪ੍ਰਾਪਤ ਹੋਇਆ ਹੈ। ਅੱਜ ਜਦੋਂ ਅਸੀਂ 9/11 ਤੋਂ ਬਾਅਦ ਬੀਤੇ ਸਤਾਰ੍ਹਾਂ ਸਾਲ ਦੇ ਵਕਫੇ ਦੀ ਪੁਣਛਾਣ ਕਰਦੇ ਹਾਂ, ਤਾਂ ਸਾਡਾ ਮੰਨਣਾ ਹੈ ਕਿ, ਉਹ ਕਹਾਣੀਆਂ ਸੁਣਨੀਆਂ ਜੋ ਸਾਨੂੰ ਬੀਤੇ ਸਮੇਂ ਵਿਚ ਲਿਜਾ ਕੇ ਮਹਿਸੂਸ ਕਰਵਾਉਣ,



ਇਸ ਦਿਨ ਅਤੇ ਇਸ ਤੋਂ ਬਾਅਦ ਪੀੜਤ ਹਜ਼ਾਰਾਂ ਲੋਕਾਂ ਨਾਲ ਹਮਦਰਦੀ ਜਤਾਉਣ ਦਾ, ਸਭ ਤੋਂ ਵਧੀਆ ਤਰੀਕਾ ਹੈ। ਇਹ ਕਹਾਣੀਆਂ ਸਾਨੂੰ ਅੱਜ ਅਮਰੀਕਾ ਵਿਚ ਨਫ਼ਰਤ ਕਰਨ ਵਾਲੀਆਂ ਭਿਆਨਕ ਨੀਤੀਆਂ ਅਤੇ ਰਣਨੀਤੀਆਂ ਨੂੰ ਸਮਝਣ ਵਿਚ ਮਦਦ ਕਰਦੀਆਂ ਹਨ। ਇਹ ਦੱਸਦੀਆਂ ਹਨ ਕਿ ਮੁਸਲਮਾਨਾਂ, ਸਿੱਖਾਂ ਅਤੇ ਪ੍ਰਵਾਸੀਆਂ ਨਾਲ ਇਕਮੁੱਠਤਾ ਵਿਚ ਕਿਵੇਂ ਰਹਿਣਾ ਹੈ। ਕਿਵੇਂ ਇਕ ਨਵਾਂ ਭਵਿੱਖ ਸਿਰਜਣਾ ਹੈ।

ਇਸ ਲਈ 9/11 ਦੀ ਵਰ੍ਹੇਗੰਢ ਉਤੇ ਅਜਿਹੀਆਂ ਕਹਾਣੀਆਂ ਸੁਣਨ ਲਈ ਸਿੱਖ ਭਾਈਚਾਰੇ ਨੂੰ ਸੱਦਾ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਬਾਰੇ ਤੁਸੀਂ ਪਹਿਲਾਂ ਕਦੇ ਨਹੀਂ ਸੁਣਿਆ ਹੋਵੇਗਾ। ਇੰਟਰਨੈਟ ਉਤੇ ਇਕ ਟੂਲਕਿਟਸ ਵਿਚ ਬਹੁਤ ਸਾਰੀਆਂ ਨਿੱਕੀਆਂ ਫਿਲਮਾਂ, ਕਿਤਾਬਾਂ ਦੀ ਸੂਚੀ ਵੀ ਦਰਜ ਕੀਤੀ ਗਈ ਹੈ ਜੋ ਕਿ ਅੱਜ 9/11 ਨੂੰ ਸਮਝਣ ਅਤੇ ਅਮਰੀਕਾ ਵਿੱਚ ਨਫ਼ਰਤ ਦੇ ਕਾਰਨ ਨੂੰ ਸਮਝਣ ਵਿਚ ਸਾਡੀ ਮਦਦ ਕਰਦੀਆਂ ਹਨ। ਯੂਨਾਈਟਿਡ ਸ਼ੇਡਜ਼ ਦੇ ਇਸ ਐਪੀਸੋਡ ਵਿਚ ਸ਼ਾਮਲ ਇਨ੍ਹਾਂ ਸਿੱਖ-ਅਮਰੀਕੀ ਕਹਾਣੀਆਂ, ਨੂੰ ਸੁਣਨ ਦੀ ਰਾਸ਼ਟਰ ਨੂੰ ਜ਼ਰੂਰਤ ਹੈ। ਇਨ੍ਹਾਂ ਵਿਚ 9/11 ਦੀ ਘਟਨਾ ਤੋਂ ਬਾਅਦ ਮਾਰੇ ਗਏ ਪਹਿਲੇ ਸਿੱਖ

**ਬਾਕੀ ਸਫ਼ਾ 32 'ਤੇ**

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੀ ਚੋਣ ਮੁਲਤਵੀ

**ਰਿਚਮੰਡ ਹਿੱਲ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੁੱਚੀ ਸਿੱਖ ਸੰਗਤ ਨੂੰ ਗੁਰਦੁਆਰਾ ਸਾਹਿਬ ਕਮੇਟੀ ਦੀ ਹੋਣ ਵਾਲੀ ਚੋਣ ਨਾਲ ਸਬੰਧਤ ਨਵੀਂ ਜਾਣਕਾਰੀ ਦਿੱਤੀ ਗਈ ਹੈ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਵਲੋਂ ਗੁਰਦੁਆਰਾ ਸਾਹਿਬ ਕਮੇਟੀ ਦੀ ਹੋਣ ਵਾਲੀ ਚੋਣ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਹ ਚੋਣ ਪਹਿਲਾਂ ਗੁਰਦੁਆਰਾ ਸਾਹਿਬ ਵਿਚ 4 ਜੁਲਾਈ ਨੂੰ ਅਨਾਊਂਸ ਕਰ ਦਿੱਤੀ ਗਈ ਸੀ। ਉਸ ਦਿਨ ਚੋਣ ਦੀ ਤਰੀਕ ਨਹੀਂ ਸੀ ਦੱਸੀ ਗਈ। ਸੰਵਿਧਾਨ ਅਨੁਸਾਰ ਚੋਣ-ਤਰੀਕ ਬਾਰੇ ਸੰਗਤਾਂ ਨੂੰ ਚੋਣਾਂ ਤੋਂ ਅੱਠ ਹਫ਼ਤੇ ਪਹਿਲਾਂ ਦੱਸਣਾ ਜ਼ਰੂਰੀ ਹੈ। ਜਦੋਂ ਇਹ ਤਰੀਕ ਅਨਾਊਂਸ ਕੀਤੀ ਗਈ ਸੀ, ਉਸ ਸਮੇਂ ਅੱਠ ਹਫ਼ਤੇ ਤੋਂ ਘੱਟ ਸਮਾਂ ਰਹਿ ਗਿਆ ਸੀ। ਇਸ ਕਰਕੇ ਸੰਵਿਧਾਨ ਦੀ ਪ੍ਰਕਿਰਿਆ ਨੂੰ ਮੁੱਖ ਰੱਖਦੇ ਹੋਏ, 13 ਸਤੰਬਰ ਨੂੰ ਬੋਰਡ ਆਫ਼ ਟਰੱਸਟ ਦੀ ਮੀਟਿੰਗ ਤੋਂ ਬਾਅਦ ਚੋਣ ਮੁਲਤਵੀ ਕਰ ਦਿੱਤੀ ਗਈ ਤੇ ਉਸ ਨੋਟਿਸ ਦੀ ਕਾਪੀ ਸਤੰਬਰ 14 ਨੂੰ ਗੁਰਦੁਆਰਾ ਸਾਹਿਬ ਦੇ ਵਕੀਲ ਦੁਆਰਾ ਕੋਰਟ ਵਿਚ ਦੇ ਦਿੱਤੀ ਗਈ। ਉਨ੍ਹਾਂ ਕਿਹਾ ਕਿ ਹੁਣ ਜਦੋਂ ਵੀ ਚੋਣ ਦੀ ਤਰੀਕ ਰੱਖੀ ਜਾਵੇਗੀ, ਸੰਗਤਾਂ ਨੂੰ 8 ਤੋਂ 10 ਹਫ਼ਤੇ ਪਹਿਲਾਂ ਸੂਚਿਤ ਕਰ ਦਿੱਤਾ ਜਾਵੇਗਾ।

# ਬੇ-ਏਰੀਏ ਦੇ ਨੇਵਾਰਕ ਸ਼ਹਿਰ ਵਿਚ ਪਹਿਲੀ ਸਿੱਖ ਕਲਾ ਪ੍ਰਦਰਸ਼ਨੀ

**ਖਰੀਦੋ-ਫਰੋਖਤ 22 ਸਤੰਬਰ ਨੂੰ ਹੋਵੇਗੀ**

**ਨੇਵਾਰਕ (ਫਰੀਮਾਂਟ)/ਬਲਵਿੰਦਰਪਾਲ ਸਿੰਘ ਖਾਲਸਾ :** ਅਮਰੀਕਾ ਤੇ ਕੈਨੇਡਾ ਦੇ ਸਿੱਖ ਕਲਾਕਾਰਾਂ ਦੇ ਸਹਿਯੋਗ, ਉਤਸ਼ਾਹ ਤੇ ਸਿੱਖ ਸੰਗਤਾਂ ਦੀ ਮੰਗ ਉਤੇ ਇਕ ਨਿਵੇਕਲੀ ਸਿੱਖ ਕਲਾ ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਵਿਚ ਸਿੱਖ ਕਲਾ ਦੇ ਪ੍ਰਸਿੱਧ-ਕਲਾਕਾਰ ਹਿੱਸਾ ਲੈ ਰਹੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਹਜ਼ੂਰ ਆਰਟ ਦੇ ਡਾਇਰੈਕਟਰ ਸਨਮਿਤ ਸਿੰਘ ਨੇ ਕਿਹਾ ਕਿ 22 ਸਤੰਬਰ ਦਿਨ ਸ਼ਨਿਚਰਵਾਰ ਨੂੰ ਨੇਵਾਰਕ ਪੈਵੀਲਿਅਨ ਹਾਲ ਨੰਬਰ 4, ਥਾਰਨਟਨ ਐਵੇਨਿਊ 6430 ਵਿਖੇ ਇਸ ਕਲਾ ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਵਿਚ ਮਾਪਿਆਂ, ਨੌਜਵਾਨਾਂ ਤੇ ਬੱਚਿਆਂ ਨੂੰ ਆਉਣਾ ਚਾਹੀਦਾ ਹੈ ਤਾਂ ਕਿ ਉਨਾਂ ਨੂੰ ਸਿੱਖ ਕਲਾ ਬਾਰੇ ਜਾਣਕਾਰੀ ਹੋ ਸਕੇ ਤੇ ਉਹ ਸਿੱਧਾ ਸਿੱਖ ਕਲਾਕਾਰਾਂ ਨਾਲ ਸੰਪਰਕ ਸਥਾਪਤ ਕਰ ਸਕਣ ਤੇ ਸਿੱਧੇ ਉਨਾਂ ਕੋਲੋਂ ਹੀ ਉਨਾਂ ਦੀ ਕਿਰਤ ਖਰੀਦ ਕੇ ਆਪਣੇ ਘਰ ਸਜਾ ਸਕਣ। ਇਸ ਨਾਲ ਬੀਤੇ ਸਿੱਖ ਇਤਿਹਾਸ ਤੇ ਵਿਰਸੇ ਨਾਲ ਜੁੜਿਆ ਜਾ ਸਕੇਗਾ।

ਗੌਰਤਲਬ ਹੈ ਕਿ ਖਾਲਸਾ ਰਾਜ ਦੇ ਖੁਸ ਜਾਣ ਨਾਲ ਸਿੱਖ ਕਲਾ ਦਾ ਕਾਫੀ ਨੁਕਸਾਨ ਹੋ ਗਿਆ ਸੀ। ਖਾਲਸਾ ਰਾਜ ਵੇਲੇ ਸਿੱਖ ਕਲਾ ਆਪਣੀ ਸਿਖਰ ਉਤੇ ਸੀ ਤੇ ਉਸ ਵੇਲੇ ਇਸ ਦੀ ਬਹੁਤ ਕਦਰ ਵੀ ਸੀ। ਸਿੱਖ ਰਾਜ ਨਾਲ ਸਬੰਧਿਤ ਬਹੁਤ ਸਾਰੀਆਂ ਬੇਸ਼ਕੀਮਤੀ ਕਲਾ ਕਿਰਤਾਂ ਇੰਗਲੈਂਡ ਪਹੁੰਚ ਗਈਆਂ। ਇਨ੍ਹਾਂ ਵਿਚ ਤਸਵੀਰਾਂ-ਪੇਂਟਿਗਜ਼ ਸਨ, ਸਿੱਖ ਹਥਿਆਰ ਸਨ, ਸਿੱਖ ਰਾਜ ਦੇ ਸਿੱਕੇ ਸਨ ਕਈ ਕਿਸਮ ਦੀਆਂ ਹੋਰ




ਠੋਸ ਸਿੱਖ ਯਾਦਾਂ ਸਨ। ਹੁਣ ਨਿੱਜੀ ਰੂਪ ਵਿਚ ਸਿੱਖ ਕਲਾ ਨੂੰ ਉਤਸ਼ਾਹਿਤ ਕਰਨ ਦੇ ਯਤਨ ਹੋ ਰਹੇ ਹਨ, ਜਿਨਾਂ ਵਿਚ ਸਿੱਖ ਫਾਊਂਡੇਸ਼ਨ ਇੰਟਰਨੈਸ਼ਨਲ ਸੈਨ ਫਰਾਂਸਿਸਕੋ ਸਥਾਪਤ ਜਥੇਬੰਦੀ ਹੈ ਤੇ ਹਜ਼ੂਰ ਆਰਟ ਓਰਗੇਨਾਈਜ਼ੇਸ਼ਨ ਇਸ ਵਿਚ ਨਵਾਂ ਨਾਮ ਹੈ ਜੋ ਸਿੱਖ ਕਲਾ ਨੂੰ ਦੋਬਾਰਾ ਸਿੱਖ ਮਨਾਂ ਵਿਚ ਉਕਰਣ ਦਾ ਯਤਨ ਕਰ ਰਹੀ ਹੈ। ਇਸ ਵਿਚ ਨਵੇਂ ਪੁਰਾਣੇ ਸਿੱਖ ਕਲਾਕਾਰ ਆਪਣੇ ਤੇ ਸਿੱਖ ਕੌਮ ਨਾਲ ਵਾਪਰੇ ਸਾਕਿਆਂ, ਹਾਦਸਿਆਂ, ਸਿੱਖ ਨਾਇਕਾਂ, ਸਿੱਖ ਸ਼ਹੀਦਾਂ, ਸਿੱਖ ਇਤਿਹਾਸਕ ਸਥਾਨਾਂ ਨੂੰ ਆਪਣੇ ਮਨ ਤੇ ਦਿਲ ਦੀ ਪ੍ਰੇਰਨਾ ਨਾਲ ਕੈਨਵਸ ਉਤੇ ਉਕਰਦੇ ਹਨ ਤੇ ਸਿੱਖ ਜਗਤ ਲਈ ਪੇਸ਼ ਕਰਦੇ ਹਨ। ਸੰਗਤਾਂ ਕਲਾ-ਕਿਰਤਾਂ ਨੂੰ ਖਰੀਦ ਦੀਆਂ ਵੀ ਹਨ , ਜਿਸ ਨਾਲ ਸਿੱਖ ਕਲਾਕਾਰਾਂ ਦਾ ਉਤਸ਼ਾਹ ਵਧਦਾ ਹੈ ਤੇ ਉਹ ਸਿੱਖ ਸੰਗਤਾਂ ਵੱਲੋਂ ਮਿਲੇ ਸਹਿਯੋਗ ਨਾਲ ਹੋਰ ਬਹੁਤ ਕੁਝ ਚਿਤਰਣ ਵਿਚ ਲੱਗ ਜਾਂਦੇ ਹਨ।







TRANS-ALLIANCE
TOGETHER WE SAVE

## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN | Continental | GOODYEAR
BFGoodrich | GENERAL TIRE | DUNLOP
YOKOHAMA | KUMHO TIRES | ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955

# ਟਵਿਟਰ ਤੋਂ ਬਾਅਦ ਗੁਰਪਤਵੰਤ ਸਿੰਘ ਪੰਨੂ ਦਾ ਵਟਸਐਪ ਅਕਾਊਂਟ ਵੀ ਬੰਦ

**ਜਲੰਧਰ/ਬਿਊਰੋ ਨਿਊਜ਼ :**
ਪਹਿਲਾਂ ਖਾਲਿਸਤਾਨੀ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਦੇ ਟਵਿਟਰ ਅਕਾਊਂਟ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ, ਹੁਣ ਵ੍ਹਟਸਐਪ ਤੇ ਵੀ ਉਨ੍ਹਾਂ ਦਾ ਅਕਾਊਂਟ ਬੈਨ ਕਰ ਦਿੱਤਾ ਗਿਆ ਹੈ। ਅਜਿਹਾ ਸੋਸ਼ਲ ਮੀਡੀਆ ਕੰਪਨੀ ਨੇ ਪੰਨੂ ਦੀ ਪ੍ਰਚਾਰ ਮੁਹਿੰਮ 'ਤੇ ਰੋਕ ਲਾਉਣ ਲਈ ਕੀਤਾ ਹੈ। ਰਾਇਸ਼ੁਮਾਰੀ-2020 ਦੇ ਪਰਚਾਰ ਨੇ ਫਸਾਇਆ ਨੌਜਵਾਨ : ਰਾਇਸ਼ੁਮਾਰੀ-2020 ਤੇ ਖ਼ਾਲਿਸਤਾਨੀ ਸਰਗਰਮੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ਾਂ ਤਹਿਤ ਪੁਲੀਸ ਵੱਲੋਂ ਨਾਮਜ਼ਦ ਕੀਤੇ ਇੱਕ ਨੌਜਵਾਨ ਨੇ ਬਟਾਲਾ ਨੇੜੇ ਥਾਣਾ ਰੰਗੜ ਨੰਗਲ ਵਿੱਚ ਆਤਮ-ਸਮਰਪਣ ਕਰ ਦਿੱਤਾ ਹੈ। ਇਸ ਨੌਜਵਾਨ ਦੀ ਪਛਾਣ ਰਵੀਪ੍ਰੀਤ ਸਿੰਘ ਨਵੀਂ ਆਬਾਦੀ ਉਮਰਪੁਰਾ ਵਜੋਂ ਦੱਸੀ ਗਈ ਹੈ।
ਥਾਣਾ ਰੰਗੜ ਨੰਗਲ ਦੇ ਐਸਐਚਓ ਹਰਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਰਵੀਪ੍ਰੀਤ ਸਿੰਘ ਦੇ ਪਿਤਾ ਨੇ ਹੀ ਉਸ ਨੂੰ ਥਾਣੇ ਪੇਸ਼ ਕੀਤਾ ਤਾਂ ਪੁਲੀਸ ਨੇ ਤੁਰੰਤ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਦੱਸਿਆ ਕਿ ਮੁਲਜ਼ਮ ਕੋਲੋਂ ਕੋਈ ਵੀ ਇਤਰਾਜ਼ਯੋਗ ਚੀਜ਼ ਜਾਂ ਹਥਿਆਰ ਬਰਾਮਦ ਨਹੀਂ ਹੋਇਆ। ਫਿਲਹਾਲ ਗ੍ਰਿਫ਼ਤਾਰ ਕੀਤੇ ਨੌਜਵਾਨ ਕੋਲੋਂ ਪੁਲੀਸ ਨੂੰ ਕੋਈ ਪੁਖਤਾ ਜਾਣਕਾਰੀ ਨਹੀਂ ਮਿਲੀ।

*ਕਾਂਗਰਸ ਦੇ ਸੀਨੀਅਰ ਆਗੂ ਨਟਵਰ ਨੇ ਮੰਨਿਆ*

# ਐਮਰਜੈਂਸੀ ਤੇ ਅਪ੍ਰੇਸ਼ਨ ਨੀਲਾ ਤਾਰਾ ਇੰਦਰਾ ਦੀਆਂ ਦੋ ਵੱਡੀਆਂ ਗਲਤੀਆਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੇ ਰਾਜਨੀਤਕ ਜੀਵਨ ਵਿਚ ਦੋ ਸਭ ਤੋਂ ਵੱਡੀਆਂ ਗਲਤੀਆਂ ਸੰਨ 1975 ਦੀ ਐਮਰਜੈਂਸੀ ਤੇ ਸੰਨ 1984 ਵਿੱਚ ਅਪ੍ਰੇਸ਼ਨ ਨੀਲਾ ਤਾਰਾ ਤਹਿਤ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਉਤੇ ਫੌਜੀ ਹਮਲਾ ਕਰਨ ਦੀਆਂ ਕੀਤੀਆਂ। ਇਸ ਗੱਲ ਦਾ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਨਟਵਰ ਸਿੰਘ ਨੇ ਵੱਖ-ਵੱਖ ਚਿੱਠੀਆਂ ਉਤੇ ਆਧਾਰਿਤ ਲਿਖੀ ਆਪਣੀ ਨਵੀਂ ਕਿਤਾਬ "ਟ੍ਰਿਯਰਡ ਐਪਿਸਲਜ਼" ਵਿਚ ਕੀਤਾ ਹੈ। ਇਸ ਕਿਤਾਬ ਵਿੱਚ ਉਨ੍ਹਾਂ ਨੇ ਇੰਦਰਾ ਗਾਂਧੀ ਬਾਰੇ ਕੁਝ ਕੌੜਾ ਵੀ ਲਿਖਿਆ ਹੈ। ਉਂਜ, ਇਸ ਦੇ ਬਾਵਜੂਦ ਉਨ੍ਹਾਂ ਨੂੰ ਬਾਕਮਾਲ ਪ੍ਰਧਾਨ ਮੰਤਰੀ ਵੀ ਦੱਸਿਆ ਹੈ। ਉਨ੍ਹਾਂ ਕਿਤਾਬ ਵਿੱਚ ਜ਼ਿਕਰ ਕਰਦਿਆਂ ਇੰਦਰਾ ਗਾਂਧੀ ਬਾਰੇ ਲਿਖਿਆ ਕਿ "ਅਕਸਰ ਉਸ ਨੂੰ ਚੁੱਪ ਰਹਿਣੀ, ਤੁਨਕਮਿਜ਼ਾਜ ਤੇ ਬੇਰਹਿਮ ਆਖਿਆ ਗਿਆ ਹੈ। ਇਹ ਗੱਲ ਵੀ ਘੱਟ ਹੀ ਸੁਣਨ ਨੂੰ ਮਿਲੀ ਹੈ ਕਿ ਉਹ ਹੁਸੀਨ, ਖ਼ੈਰਖਾਹ, ਗ਼ੈਰਤਮੰਦ ਤੇ ਰੌਸ਼ਨ ਦਿਮਾਗ ਮਹਿਲਾ ਦੇ ਨਾਲ ਇਕ ਪੁਰਖਲੂਸ, ਮਾਨਵਵਾਦੀ ਤੇ ਕਿਤਾਬਾਂ ਪੜ੍ਹਨ ਦੀ ਸ਼ੌਕੀਨ ਸੀ। ਉਸ ਨੂੰ ਹੁਸਨ, ਨਫ਼ਾਸਤ, ਅਦਾ, ਸੂਹਜ ਤੇ ਸਭ ਤੋਂ ਵਧ ਕੇ ਜਲੌਅ ਦੀਆਂ ਦਾਤਾਂ ਮਿਲੀਆਂ ਹੋਈਆਂ ਸਨ।"






ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!
Office Hours
Mon-Fri
9am-6pm
Saturday
9am-5pm

CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਸਿੱਖ ਭਾਈਚਾਰੇ ਵੱਲੋਂ ਲਾਸ ਏਂਜਲਸ ਤੋਂ ਦੁਬਾਰਾ ਚੋਣ ਲੜ ਰਹੇ ਜਿਮ ਮੈਕਡੋਨਲ ਦੇ ਹੱਕ ਵਿਚ ਫੰਡ-ਰੇਜਿੰਗ

**ਲਾਸ ਏਂਜਲਸ/ਬਿਊਰੋ ਨਿਊਜ਼ :** ਲਾਸ ਏਂਜਲਸ ਕਾਉਂਟੀ ਸ਼ੈਰਿਫ਼ ਦੀ ਮੁੜ ਹੋ ਰਹੀ ਚੋਣ ਵਿਚ ਉਮੀਦਵਾਰ ਜਿਮ ਮੈਕਡੋਨਲ ਦੇ ਸਨਮਾਨ ਵਿਚ ਸਿੱਖ ਭਾਈਚਾਰੇ ਵੱਲੋਂ ਇਕ ਫੰਡ-ਰੇਜਿੰਗ ਪ੍ਰੋਗਰਾਮ ਕਰਵਾਇਆ ਗਿਆ। ਫੰਡਰੇਜ਼ਰ ਸਮਾਗਮ ਨੂੰ ਬੀਰਈਸ਼ਵਰ ਸਿੰਘ ਗਰੇਵਾਲ, ਸਾਹਿਬ ਸਿੰਘ ਭੁੱਲਰ, ਪਰਮਜੀਤ ਸਿੰਘ ਨਿੱਝਰ, ਨਛੱਤਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਭਸੀਨ, ਡਾਇਮੰਡ ਪੈਲੇਸ ਦੇ ਪਾਲ ਐਸ ਗੋਤਰਾ ਅਤੇ ਹੋਰਨਾਂ ਨੇ ਸੰਬੋਧਨ ਕੀਤਾ। ਇਹ ਸਮਾਗਮ ਡਾਇਮੰਡ ਪੈਲੇਸ ਰੇਸਤਰਾਂ (ਬੈਂਕੁਇਟ ਹਾਲ) ਵਿਚ ਕੀਤਾ ਗਿਆ ਤੇ ਅਤੇ ਖਾਣ-ਪੀਣ ਦਾ ਪ੍ਰਬੰਧ ਵੀ ਡਾਇਮੰਡ ਪੈਲੇਸ ਦੇ ਮਾਲਕ ਪਾਲ ਐਸ ਗੋਤਰਾ ਨੇ ਹੀ ਕੀਤਾ। ਜ਼ਿਕਰਯੋਗ ਹੈ ਕਿ ਲਾਸ ਏਂਜਲਸ ਕਾਉਂਟੀ ਸ਼ੈਰਿਫ਼ ਵਿਭਾਗ ਦੁਨੀਆ ਦਾ ਸਭ ਤੋਂ ਵੱਡਾ ਸ਼ੈਰਿਫ ਵਿਭਾਗ ਹੈ, ਜਿਸ ਵਿਚ 10,000 ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ। ਵੱਡੇ ਕਾਰਪੋਰੇਸ਼ਨ ਬਜਟ ਦੇ ਹਿਸਾਬ ਨਾਲ ਇਹ ਵਿਭਾਗ ਲਾਸ ਏਂਜਲਸ ਪੁਲਿਸ ਡਿਪਾਰਟਮੈਂਟ (ਐਲਏਪੀਡੀ) ਨਾਲੋਂ ਵੀ ਵੱਡਾ ਹੈ। ਇਸ ਦੇ ਮੁਖੀ ਦੀ ਚੋਣ ਲੋਕਾਂ ਦੁਆਰਾ ਵੋਟਾਂ ਪਾ ਕੇ ਕੀਤੀ ਜਾਂਦੀ ਹੈ। ਜਿਮ ਮੈਕਡੋਨਲ 4 ਸਾਲਾਂ ਤੋਂ ਇਸ ਦਾ ਮੁਖੀ ਚਲਿਆ ਆ ਰਿਹਾ ਹੈ। ਉਸ ਦੇ ਅਧੀਨ ਲਾਸ ਏਂਜਲਸ ਵਿਚ ਅਪਰਾਧਾਂ ਦੀ ਦਰ ਬਹੁਤ ਘਟ ਗਈ ਹੈ। ਅੰਕੜਿਆਂ ਮੁਤਾਬਕ ਅਪਰਾਧ ਦੇ ਮਾਮਲੇ ਵਿਚ



ਦਰ 40% ਘਟੀ ਹੈ। ਆਪਣੇ ਭਾਸ਼ਣ ਵਿਚ ਜਿਮ ਮੈਕਡੋਨਲ ਨੇ ਸਮੁੱਚੀ ਕਮਿਊਨਿਟੀ, ਖਾਸ ਕਰਕੇ ਨੌਜਵਾਨਾਂ ਨੂੰ ਲਾਸ ਏਂਜਲਸ ਸ਼ੈਰਿਫ਼ ਡਿਪਾਰਟਮੈਂਟ (ਐਲਏਐਸਡੀ) ਦੀ ਚੋਣ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਉਹ ਸ਼ਾਂਤੀਪੂਰਨ ਅਤੇ ਪਰਮਾਤਮਾ ਦੀ ਰਜ਼ਾ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਦੀ ਬਹੁਤ ਸ਼ਲਾਘਾ ਕਰਦੇ ਹਨ। ਉਸ ਨੇ ਲਾਸ ਏਂਜਲਸ ਦੇ ਵਿਕਾਸ ਲਈ ਲਈ ਆਪਣੇ ਕੰਮ ਦਾ ਪਿਛਲਾ ਰਿਕਾਰਡ ਤੇ ਅੱਗੇ ਲਈ ਨਜ਼ਰੀਆ ਵੀ ਪੇਸ਼ ਕੀਤਾ। ਇਸ ਮੌਕੇ ਬੋਲਦਿਆਂ ਪਰਮਜੀਤ ਸਿੰਘ ਨਿੱਝਰ ਨੇ ਕਿਹਾ ਕਿ ਮਿਸਟਰ ਮੈਕਡੋਨਲ ਨੇ ਆਪਣੀ ਸ਼ੈਰਿਫ ਚੀਫ਼ ਵੱਜੋਂ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਨਾਲ ਲਾਸ ਏਂਜਲਸ ਲਈ ਸ਼ਾਨਦਾਰ ਨਤੀਜੇ ਦਿੱਤੇ ਹਨ। ਇਸ ਆਧਾਰ ਉਤੇ ਸਾਨੂੰ ਉਨ੍ਹਾਂ ਦਾ ਸਮਰਥਨ ਕਰਨਾ ਚਾਹੀਦਾ ਹੈ।

ਨਛੱਤਰ ਸਿੰਘ ਭੁੱਲਰ ਨੇ ਕਿਹਾ ਕਿ ਜਿਮ ਮੈਕਡੋਨਲ ਹਮੇਸ਼ਾ ਸਾਡੇ ਭਾਈਚਾਰੇ ਲਈ ਖੜ੍ਹੇ ਮਿਲੇ ਹਨ, ਜਦੋਂ ਵੀ ਸਾਨੂੰ ਉਨ੍ਹਾਂ ਦੀ ਲੋੜ ਹੁੰਦੀ ਸੀ, ਹੁਣ ਸਾਡੇ ਲਈ ਉਸ ਦੀ ਮੁੜ ਚੋਣ ਵਿਚ ਉਸ ਦਾ ਸਮਰਥਨ ਕਰਨ ਦਾ ਸਮਾਂ ਹੈ। ਵੱਖ-ਵੱਖ ਸਿੱਖ ਗੁਰੂਦੁਆਰਿਆਂ ਦੇ ਬੋਰਡ ਮੈਂਬਰਾਂ ਵੱਲੋਂ ਬੋਲਦਿਆਂ ਸਾਹਿਬ ਸਿੰਘ ਭੁੱਲਰ ਨੇ ਵੀ ਕਿਹਾ ਕਿ ਸਿੱਖ ਭਾਈਚਾਰੇ ਨੂੰ ਇਸ ਚੋਣ ਵਿਚ ਮਿਸਟਰ ਮੈਕਡੋਨਲ ਦੀ ਮਦਦ ਕਰਨ ਦੀ ਲੋੜ ਹੈ, ਕਿਉਂਕਿ ਉਹ ਹਮੇਸ਼ਾ ਸਿੱਖ ਭਾਈਚਾਰੇ ਨਾਲ ਖੜ੍ਹਦੇ ਆ ਰਹੇ ਹਨ। ਇਸ ਤੋਂ ਬਾਅਦ ਪ੍ਰਸ਼ਨ-ਉਤਰ ਸੈਸ਼ਨ ਵੀ ਚੱਲਿਆ ਜਿਸ ਵਿਚ ਸਿੱਖ ਨੌਜਵਾਨਾਂ ਦੇ ਪ੍ਰਤੀਨਿਧੀ ਵੱਜੋਂ ਆਈਐਸ ਗਰੇਵਾਲ ਅਤੇ ਅੰਮ੍ਰਿਤ ਸਿੰਘ ਨੇ ਸੁਰੱਖਿਆ ਤੇ ਕਾਉਂਟੀ ਸ਼ੈਰਿਫ਼ ਵਿਭਾਗ ਵਿਚ ਨੌਕਰੀਆਂ ਆਦਿ ਦੇ ਸਵਾਲ ਕੀਤੇ ਗਏ। ਜਿਮ ਮੈਕਡੋਨਲ ਨੇ ਕਿਹਾ ਕਿ ਵਿਭਾਗ ਵਿਚ ਸਭ ਲਈ ਦਰਵਾਜ਼ੇ ਖੁੱਲ੍ਹੇ ਹਨ। ਬੀਰਈਸ਼ਵਰ ਸਿੰਘ ਗਰੇਵਾਲ ਨੇ ਦੱਸਿਆ ਕਿ ਉਹ ਮਿਸਟਰ ਮੈਕਡੋਨਲ ਨੂੰ ਨਿੱਜੀ ਤੌਰ 'ਤੇ ਜਾਣਦੇ ਹਨ। ਉਨ੍ਹਾਂ ਇਸ ਮੌਕੇ ਆਪਣੇ ਸਹੁਰਾ ਪਿਤਾ ਕੈਪਟਨ ਬਾਬੂ ਸਿੰਘ ਜੀ ਜੋ ਸੰਨ1947 ਵਿਚ ਪਹਿਲੇ ਪੈਪਸੂ ਰਾਜ (ਆਧੁਨਿਕ ਪੰਜਾਬ) ਵਿਚ ਸੁਪਰਡੈਂਟ ਆਫ ਪੁਲਿਸ (ਐਸਪੀ) ਸਨ, ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਜਿੱਥੋਂ ਤੱਕ ਮੈਂ ਜਾਣਦਾ ਹਾਂ ਚੀਫ਼ ਮੈਕਡੋਨਲ ਆਪਣੀ ਈਮਾਨਦਾਰੀ ਅਤੇ ਸਾਫਗੋਈ ਲਈ ਜਾਣੇ ਜਾਂਦੇ ਹਨ, ਇਸੇ ਤਰ੍ਹਾਂ ਮੇਰੇ ਪਿਤਾ ਜੀ ਬਾਬੂ ਸਿੰਘ ਜੀ ਵੀ ਸਨ। ਉਨ੍ਹਾਂ ਦੱਸਿਆ ਕਿ ਅਸੀਂ ਆਪਣੇ ਫੰਡਰੇਜ਼ਿੰਗ ਟੀਚੇ ਦਾ 150% ਪ੍ਰਾਪਤ ਕੀਤਾ ਹੈ ਅਤੇ ਅਸੀਂ ਚੀਫ਼ ਦੇ ਸਮਰਥਨ ਵਿਚ ਮਿਲੇ ਇਸ ਸਨਮਾਨ ਲਈ ਸਭ ਦੇ ਧੰਨਵਾਦੀ ਹਾਂ।

## ਭਾਰਤੀ-ਅਮਰੀਕੀ ਨੂੰ ਕਤਲ ਕਰਨ ਵਾਲੀ ਔਰਤ ਨੂੰ ਉਮਰ ਕੈਦ

**ਆਰਕਾਨਸਾਸ/ਹੁਸਨ ਲੜੋਆ ਬੰਗਾ :**

ਇਕ ਭਾਰਤੀ ਅਮਰੀਕੀ ਸਟੋਰ ਕਲਰਕ ਦੀ, 25 ਡਾਲਰ ਦੀ ਵਿਸਕੀ ਖਾਤਰ ਕੀਤੀ ਹੱਤਿਆ ਦੀ ਦੋਸ਼ੀ ਨੂੰ ਕੋਰਟ ਜਿਊਰੀ ਨੇ ਸਿਰਫ਼ 4 ਘੰਟੇ ਦੇ ਸੁਣਵਾਈ ਤੋਂ ਬਾਅਦ ਜੇਲ੍ਹ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ। ਅਗਸਤ-2016 ਵਿਚ, ਸ਼ਾਨੀਕੋਆ ਮੋਨੀਕ ਫਿਨਲੇ (27 ਸਾਲ) ਨੇ ਨਾਰਥ ਲਿਟਲ ਰੌਕ, ਆਰਕਾਨਸਾਸ ਵਿਚ ਬੈਸਟ ਸ਼ਾਟ ਲਿਕਰ ਵਿਚ ਦੋ ਕਲਰਕਾਂ ਤੋਂ ਸ਼ਰਾਬ ਲੁੱਟ ਲਈ ਸੀ, ਜਿਸ ਨੇ ਲੁੱਟ ਦੌਰਾਨ 65 ਸਾਲਾ ਦਲੀਪ ਕੁਮਾਰ ਪਟੇਲ ਨੂੰ ਮਾਰ ਦਿੱਤਾ ਅਤੇ 66 ਸਾਲਾ ਨਿਰੰਜਨਾ ਮੋਦੀ ਦੇ ਗੋਲੀ ਮਾਰ ਦਿੱਤੀ, ਜੋ ਉਸ ਦੀ ਲੱਤ, ਛਾਤੀ ਤੇ ਬਾਹਾਂ ਵਿਚ ਲੱਗੀ। ਨਿਰੰਜਨ ਮੋਦੀ ਸਟੋਰ ਮਾਲਕ ਗੌਰੰਗ ਮੋਦੀ ਦੀ ਮਾਂ ਸੀ ਤੇ ਪਟੇਲ ਗੌਰੰਗ ਮੋਦੀ ਦਾ ਸਹੁਰਾ ਸੀ, ਜਿਸ ਦੀ ਘਟਨਾ ਦੇ



11 ਦਿਨ ਬਾਅਦ ਮੌਤ ਹੋ ਗਈ ਸੀ। ਸ਼ਾਨੀਕੋਆ ਮੋਨੀਕ ਫਿਨਲੇ ਵਿਸਕੀ ਦੀ ਬੋਤਲ ਲੈ ਕੇ ਵਾਰਦਾਤ ਵਾਲੀ ਥਾਂ ਤੋਂ ਭੱਜ ਗਈ ਸੀ, ਜੋ ਬਾਅਦ ਵਿਚ ਉਸ ਦੇ ਘਰ ਦੇ ਫਰਿੱਜ਼ ਵਿਚੋਂ ਪੁਲੀਸ ਨੂੰ ਤਫਤੀਸ਼ ਦੌਰਾਨ ਅੱਧੀ ਖਾਲੀ ਮਿਲੀ ਸੀ। ਇੱਕ ਪਿਸਤੌਲ ਵੀ ਸ਼ਾਨੀਕੋਆ ਮੋਨੀਕ ਫਿਨਲੇ ਦੇ ਅਪਾਰਟਮੈਂਟ ਵਿੱਚੋਂ ਮਿਲਿਆ ਸੀ। ਪੁਲਿਸ ਨੇ ਸ਼ਾਨੀਕੋਆ ਮੋਨੀਕ ਫਿਨਲੇ ਦੀ ਵੱਖਰੇ ਰੰਗ ਦੀ ਕਾਰ ਤੋਂ ਵੀ ਪਛਾਣ ਕੀਤੀ।

## ਕਰਮਨ ਵਿਖੇ ਹਾਰਵੈਸਟ ਫੈਸਟੀਵਲ ਦਾ ਲੋਕਾਂ ਨੇ ਭਰਪੂਰ ਅਨੰਦ ਲਿਆ

**ਫਰਿਜ਼ਨੋ/ ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**

ਫਰਿਜ਼ਨੋ ਦੇ ਨਜ਼ਦੀਕੀ ਕਰਮਨ ਸ਼ਹਿਰ ਵਿਖੇ ਹਰ ਸਾਲ ਦੀ ਤਰ੍ਹਾਂ 74ਵੇਂ "ਹਾਰਵੈਸਟ ਫੈਸਟੀਵਲ" (Harvest Festival) ਦੀ ਸ਼ੁਰੂਆਤ ਪਰੇਡ ਨਾਲ ਹੋਈ। ਇਸ ਸਮੇਂ ਮਾਹੌਲ ਬਿਲਕੁਲ ਭਾਰਤ ਦੀ ਵਿਸਾਖੀ ਦੇ ਮੇਲੇ ਵਰਗਾ ਸੀ।

ਗੌਰਤਲਬ ਹੈ ਕਿ ਅਮਰੀਕਾ ਵਿਚ ਵੀ ਲੋਕ ਫਸਲ ਪੱਕਣ ਦੀ ਖੁਸ਼ੀ ਵਿਚ ਪੰਜਾਬੀਆਂ ਦੇ ਵਿਸਾਖੀ ਦੇ ਤਿਉਹਾਰ ਵਾਂਗ ਹੀ ਮੌਜ ਮੇਲਾ ਕਰਦੇ ਹਨ। ਬੇਸ਼ੱਕ ਇੱਥੇ ਲੋਕ ਵੱਡੇ ਸ਼ਹਿਰਾਂ ਵਿਚ ਰਹਿ ਰਹੇ ਹਨ ਪਰ ਆਪਣੀ ਪੱਕੀ ਫਸਲ ਦੀ ਕਟਾਈ ਕਰਨ ਦੀ ਖ਼ੁਸ਼ੀ ਪਰੰਪਰਾਗਤ ਮੇਲੇ ਦੇ ਰੂਪ ਵਿਚ ਮਨਾਉਂਦੇ ਆ ਰਹੇ ਹਨ। ਇਸ ਦੀ ਸੁਰੂਆਤ ਪਰੇਡ ਨਾਲ ਕੀਤੀ ਜਾਂਦੀ ਹੈ ਅਤੇ ਇਕੱਠ ਵੀ ਅਮੈਰੀਕਨ ਭਾਈਚਾਰੇ ਦਾ ਬਹੁਤ ਹੁੰਦਾ ਹੈ।

ਕਰਮਨ ਸ਼ਹਿਰ ਦਾ "ਹਾਰਵੈਸਟ ਫੈਸਟੀਵਲ" ਕਾਫੀ ਮਸ਼ਹੂਰ ਹੈ।



ਇਥੇ ਹਰ ਸਾਲ 50 ਤੋਂ ਵੱਧ ਫਲੋਟ ਸਭ ਦੀ ਖਿੱਚ ਦਾ ਕਾਰਨ ਬਣਦੇ ਹਨ। ਇਸ ਤੋਂ ਇਲਾਵਾ ਲੋਕ ਆਪਣੇ ਪੁਰਾਣੇ ਟਰੱਕ, ਟਰੈਕਟਰ, ਕਾਰਾਂ ਅਤੇ ਹੋਰ ਪੁਰਾਤਨ ਸਾਜੋ-ਸਮਾਨ ਦਾ ਵੀ ਲਿਸ਼ਕਾਅ-ਚਮਕਾਅ ਕੇ ਖੁੱਲ੍ਹਾ ਪ੍ਰਦਰਸ਼ਨ ਕਰਦੇ ਹਨ। ਵੱਖ-ਵੱਖ ਭਾਈਚਾਰੇ ਦੇ ਲੋਕ ਆਪਣੇ-ਆਪਣੇ ਸੱਭਿਆਚਾਰ

ਬਾਕੀ ਸਫ਼ਾ 30 'ਤੇ



## ਹੁਣ ਕੈਪਟਨ ਨੂੰ ਬਾਦਲ ਦੇ ਹਲਕੇ ਲੰਬੀ 'ਚ ਰੈਲੀ ਕਰਨ ਦਾ ਚਾਅ ਚੜ੍ਹਿਆ

**ਚੰਡੀਗੜ੍ਹ /ਬਿਊਰੋ ਨਿਊਜ਼ :**
ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲਾਂ ਦੇ ਕਬਜ਼ੇ ਵਾਲਾ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕਰਨ ਲਈ ਆਪਸ ਵਿਚ "ਰੈਲੀ-ਰੈਲੀ" ਖੇਡਣ ਲੱਗੇ ਹੋਏ ਹਨ। ਅਗਲੇ ਦਿਨਾਂ ਵਿਚ ਸਿਆਸੀ ਘਮਸਾਨ ਹੋਰ ਵਧਣ ਦੇ ਆਸਾਰ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀਆਂ ਵੱਲੋਂ ਅਕਾਲੀਆਂ ਨੂੰ ਜੁਆਬ ਦੇਣ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਲੰਬੀ ਨੂੰ ਚੁਣਿਆ ਹੈ। ਮਤਲਬ ਸਾਫ ਹੈ ਕਿ ਇਕ-ਦੂਜੇ ਨੂੰ ਪਾਸ ਦੇ ਕੇ ਰਾਜਨੀਤੀ ਖੇਡੀ ਜਾਵੇ ਤੇ ਪੰਥ ਤੇ ਪੰਜਾਬ ਜਾਂ ਫਿਰ ਕਿਸੇ ਵੀ ਹੋਰ ਤੀਜੀ ਧਿਰ ਦੇ ਸਵਾਲਾਂ ਨੂੰ ਮਿੱਟੀ-ਘੱਟੇ ਰੋਲਿਆ ਜਾਵੇ। ਅਮਰਿੰਦਰ ਸਿੰਘ ਨੇ ਮਹੀਨੇ ਦੇ ਅਖੀਰ ਵਿਚ ਲੰਬੀ ਵਿਚ ਰੈਲੀ ਕਰਨ ਦਾ ਐਲਾਨ ਕੀਤਾ ਹੈ।
ਮੁੱਖ ਮੰਤਰੀ ਦਾ ਕਹਿਣਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਜਾਣਬੁੱਝ ਕੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਬਾਰੇ ਲੋਕਾਂ ਵਿੱਚ ਗੁਮਰਾਹਕੁਨ ਪ੍ਰਚਾਰ ਕਰ ਰਹੇ ਹਨ। ਉਹ ਲੋਕਾਂ ਵਿਚਾਲੇ ਫਿਰਕੂ ਅਫਰਾ -ਤਫਰੀ ਪੈਦਾ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਭ ਜਾਣਦੇ ਹਨ ਕਿ ਬੇਅਦਬੀ ਅਤੇ ਗੋਲੀਕਾਂਡ ਦੀਆਂ ਘਟਨਾਵਾਂ ਪਿਛਲੀ ਅਕਾਲੀ ਸਰਕਾਰ ਸਮੇਂ ਹੋਈਆਂ ਸਨ। ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਜਦੋਂ ਤੋਂ ਜਨਤਕ ਹੋਈ ਹੈ, ਉਦੋਂ ਤੋਂ ਹੀ ਸਾਬਕਾ ਮੁੱਖ ਮੰਤਰੀ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਦੀਆਂ ਘਟਨਾਵਾਂ ਤੋਂ ਲੋਕਾਂ ਦਾ ਧਿਆਨ ਪਾਸੇ ਹਟਾਉਣ ਲਈ ਯਤਨ ਕਰਦੇ ਆ ਰਹੇ ਹਨ। ਚੋਣਾਂ ਵਿਚ ਧਰਮ ਦੀ ਆੜ ਲੈਣਾ ਉਨ੍ਹਾਂ ਲਈ ਆਮ ਗੱਲ ਹੈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਅਕਾਲੀ ਦਲ ਆਪਣਾ ਖੁਸ ਚੁੱਕਾ ਅਧਾਰ ਪ੍ਰਾਪਤ ਕਰਨ ਲਈ ਹਰ ਹੱਥਕੰਡਾ ਵਰਤ ਰਿਹਾ ਹੈ। ਇਸ ਲਈ ਸਰਕਾਰ ਬਾਦਲਾਂ ਨੂੰ ਇਸ ਦਾ ਢੁਕਵਾਂ ਜਵਾਬ ਉਨ੍ਹਾਂ ਦੇ ਹਲਕੇ ਵਿੱਚ ਰੈਲੀ ਕਰ ਕੇ ਦੇਵੇਗੀ। ਇਸੇ ਦੌਰਾਨ ਸੁਖਬੀਰ ਬਾਦਲ ਨੇ ਕਿਹਾ ਕਿ ਜਿਸ ਦਿਨ ਕੈਪਟਨ ਅਮਰਿੰਦਰ ਸਿੰਘ ਲੰਬੀ 'ਚ ਰੈਲੀ ਕਰਨਗੇ, ਅਕਾਲੀ ਦਲ ਵੱਲੋਂ ਉਸੇ ਦਿਨ ਪਟਿਆਲਾ ਵਿਚ ਰੈਲੀ ਕੀਤੀ ਜਾਵੇਗੀ।

# ਹਾਈਕੋਰਟ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿ਼ਫਾਰਸ਼ਾਂ ਦੇ ਆਧਾਰ 'ਤੇ ਪੁਲਿਸ ਅਫਸਰਾਂ ਖਿਲਾਫ ਕਾਰਵਾਈ 'ਤੇ ਰੋਕ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿ਼ਫਾਰਸ਼ਾਂ ਦੇ ਆਧਾਰ 'ਤੇ ਪੁਲਿਸ ਅਫਸਰਾਂ ਖਿਲਾਫ ਕਿਸੇ ਵੀ ਕਾਰਵਾਈ 'ਤੇ ਫਿਲਹਾਲ ਰੋਕ ਲਗਾ ਦਿੱਤੀ ਗਈ ਹੈ। ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਤੇ ਪੁਲੀਸ ਫਾਇਰਿੰਗ ਵਿੱਚ ਹੋਈਆਂ ਮੌਤਾਂ ਦੀ ਜਾਂਚ ਲਈ ਸਰਕਾਰ ਵੱਲੋਂ ਕਾਇਮ ਕੀਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿ਼ਫਾਰਸ਼ਾਂ ਮੁਤਾਬਕ ਤਤਕਾਲੀ ਐਸਐਸਪੀ ਚਰਨਜੀਤ ਸਿੰਘ, ਰਘਬੀਰ ਸਿੰਘ ਸੰਧੂ ਤੇ ਐਸਐਚਓ ਅਮਰਜੀਤ ਸਿੰਘ ਖ਼ਿਲਾਫ਼ ਦਰਜ ਕੀਤੇ ਦੋ ਕੇਸਾਂ ਵਿਚ ਅਗਲੇਰੀ ਕਾਰਵਾਈ ਰੋਕ ਦਿੱਤੀ ਗਈ ਹੈ। ਅਦਾਲਤ ਨੇ ਇਸ ਬਾਰੇ ਪੰਜਾਬ ਸਰਕਾਰ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਸਬੰਧਤ ਹੋਰਨਾਂ ਧਿਰਾਂ ਨੂੰ 20 ਸਤੰਬਰ ਲਈ ਨੋਟਿਸ ਜਾਰੀ ਕੀਤਾ ਹੈ। ਜਸਟਿਸ ਰਾਕੇਸ਼ ਕੁਮਾਰ ਜੈਨ ਨੇ ਸਪੱਸ਼ਟ ਕੀਤਾ ਕਿ ਇਹ ਰੋਕ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਕੀਤੀਆਂ ਸਿਫਾਰਸ਼ਾਂ ਤਹਿਤ ਅਗਲੇਰੀ ਕਾਰਵਾਈ ਕਰਨ 'ਤੇ ਲਾਈ ਗਈ ਹੈ। ਜੱਜ ਨੇ ਇਹ ਫ਼ੈਸਲਾ ਤਿੰਨ ਪੁਲੀਸ ਅਫ਼ਸਰਾਂ ਵੱਲੋਂ ਆਪਣੇ ਵਕੀਲ ਸੰਤ ਪਾਲ ਸਿੰਘ ਸਿੱਧੂ ਤੇ ਅਮਨਦੀਪ ਸਿੰਘ ਤਲਵਾੜ ਰਾਹੀਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਤੋਂ ਬਾਅਦ ਦਿੱਤਾ।
ਜ਼ਿਕਰਯੋਗ ਹੈ ਕਿ ਉਪਰੋਕਤ ਪੁਲੀਸ ਅਧਿਕਾਰੀਆਂ ਖ਼ਿਲਾਫ਼



ਐਫਆਈਆਰ ਦਰਜ ਹੋਈ ਸੀ, ਜਿਸ ਕਰਕੇ ਉਹ ਬਚਾਅ ਲਈ ਅਦਾਲਤ ਪਹੁੰਚ ਗਏ। ਲੰਘੀ 11 ਅਗਸਤ ਨੂੰ ਪੰਜਾਬ ਪੁਲੀਸ ਨੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀਆਂ ਸਿ਼ਫਾਰਸ਼ਾਂ 'ਤੇ ਕਾਰਵਾਈ ਕਰਦਿਆਂ ਸੰਨ 2015 ਵਿੱਚ ਹੋਏ ਬਹਿਬਲ ਕਲਾਂ ਗੋਲੀ ਕਾਂਡ ਸਬੰਧੀ ਉਸ ਵੇਲੇ ਦੇ ਮੋਗਾ ਦੇ ਐਸਐਸਪੀ ਚਰਨਜੀਤ ਸਿੰਘ, ਤਤਕਾਲੀ ਐਸਐਸਪੀ ਫਾਜ਼ਿਲਕਾ ਬਿਕਰਮਜੀਤ ਸਿੰਘ, ਇੰਸਪੈਕਟਰ ਪਰਦੀਪ ਸਿੰਘ ਤੇ ਅਮਰਜੀਤ ਸਿੰਘ ਖ਼ਿਲਾਫ਼ ਕਤਲ, ਇਰਾਦਤਨ ਕਤਲ ਤੇ ਆਰਮਜ਼ ਐਕਟ ਦੀਆਂ ਕੁਝ ਹੋਰ ਮੱਦਾਂ ਤਹਿਤ ਐਫਆਈਆਰ ਦਰਜ ਕੀਤੀ ਸੀ। ਇਸ ਤੋਂ ਇਲਾਵਾ ਬਾਦਲ ਰਾਜ ਸਮੇਂ ਕਈ ਅਣਪਛਾਤੇ ਪੁਲੀਸਕਰਮੀਆਂ ਖ਼ਿਲਾਫ਼ ਵੀ ਬਾਜਾਖ਼ਾਨਾ ਥਾਣੇ ਵਿੱਚ ਇਕ ਐਫਆਈਆਰ ਦਰਜ ਕੀਤੀ ਗਈ ਸੀ। ਬਚਾਅ ਪੱਖ ਦੇ ਵਕੀਲਾਂ ਸੀਨੀਅਰ ਐਡਵੋਕੇਟ ਅਸ਼ਯ ਭਾਨ ਤੇ ਸ੍ਰੀ ਸਿੱਧੂ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਪਹਿਲੀ ਸਰਕਾਰ ਵੇਲੇ ਕਾਇਮ ਕੀਤੇ ਗਏ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਤੋਂ ਬਾਅਦ ਦੂਜਾ ਕਮਿਸ਼ਨ ਕਾਇਮ ਨਹੀਂ ਕੀਤਾ ਜਾ ਸਕਦਾ ਸੀ। ਦੂਜਾ, ਜਸਟਿਸ ਰਣਜੀਤ ਸਿੰਘ ਕਮਿਸ਼ਨ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਚਲਿਆ ਗਿਆ ਤੇ ਇਸ ਨੇ ਤੈਅਸ਼ੁਦਾ ਵਿਧੀਆਂ ਦਾ ਪਾਲਣ ਨਾ ਕੀਤਾ। ਉਨ੍ਹਾਂ ਕਿਹਾ ਕਿ ਦੂਜਾ ਕਮਿਸ਼ਨ ਕਾਇਮ ਕਰਨ ਤੋਂ ਪਹਿਲਾਂ ਪਹਿਲੇ ਕਮਿਸ਼ਨ ਨੂੰ ਡੀਨੋਟੀਫਾਈ ਕੀਤਾ ਜਾਣਾ ਚਾਹੀਦਾ ਸੀ। ਕਮਿਸ਼ਨ ਦਾ ਕੰਮ ਤੱਥ ਖੋਜਣ ਤੱਕ ਮਹਿਦੂਦ ਸੀ ਤੇ ਇਹ ਫ਼ੈਸਲਾ ਲੈਣਾ ਰਾਜ ਸਰਕਾਰ ਦਾ ਜ਼ਿੰਮਾ ਸੀ ਕਿ ਕੀ ਗੋਲੀਬਾਰੀ ਜਾਇਜ਼ ਸੀ ਜਾਂ ਨਹੀਂ। ਕਮਿਸ਼ਨ ਨੇ ਬੇਅਦਬੀ ਦੀਆਂ ਘਟਨਾਵਾਂ ਦੀ ਤੱਥਾਤਮਕ ਸਥਿਤੀ ਦੀ ਬੇਲਾਗ ਪੇਸ਼ਕਾਰੀ ਨਹੀਂ ਕੀਤੀ ਸਗੋਂ ਇਸ ਨੇ ਗੋਲੀਬਾਰੀ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਭੂਮਿਕਾ ਅਖਤਿਆਰ ਕਰ ਲਈ ਜਿਸ ਕਰ ਕੇ ਕਮਿਸ਼ਨ ਦੀ ਰਿਪੋਰਟ ਕਾਨੂੰਨ ਦੀਆਂ ਨਜ਼ਰਾਂ ਵਿੱਚ ਮੰਨਣਯੋਗ ਨਹੀਂ ਹੈ।
ਬਚਾਓ ਪੱਖ ਦੇ ਵਕੀਲਾਂ ਨੇ ਇਹ ਵੀ ਕਿਹਾ ਕਿ ਹਾਲਾਂਕਿ ਕਮਿਸ਼ਨ ਨੇ ਆਪਣੀ ਰਿਪੋਰਟ ਵਿੱਚ ਪਟੀਸ਼ਨਰ ਚਰਨਜੀਤ ਸਿੰਘ ਨੂੰ ਧਾਰਾ 8-ਬੀ ਤਹਿਤ ਨੋਟਿਸ ਜਾਰੀ ਕਰਨ ਦੀ ਗੱਲ ਕਹੀ ਗਈ ਹੈ ਪਰ ਇਹ ਨੋਟਿਸ ਐਕਟ ਦੀ ਧਾਰਾ 8-ਬੀ ਤਹਿਤ ਜਾਰੀ ਨਹੀਂ ਕੀਤਾ ਗਿਆ ਸੀ ਜਿਸ ਤਹਿਤ ਕਿਸੇ ਵਿਅਕਤੀ ਨੂੰ ਆਪਣਾ ਪੱਖ ਪੇਸ਼ ਕਰਨ ਤੇ ਆਪਣੇ ਬਚਾਓ ਦੇ ਸਬੂਤ ਪੇਸ਼ ਕਰਨ ਦਾ ਢੁਕਵਾਂ ਸਮਾਂ ਦਿੱਤਾ ਜਾਂਦਾ ਹੈ।

## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਉਤੇ ਲਾਗੂ ਧਾਰਾ 295-ਏ ਤੋਂ ਪ੍ਰਕਾਸ਼ਕ ਅਤੇ ਲੇਖਕ ਡਰੇ

**ਚੰਡੀਗੜ੍ਹ/ਬਿਊਰੋ ਨਿਊਜ਼ :**
ਸਿੱਖ ਪੰਥ ਦੇ ਸੁਹਿਰਦ ਤੇ ਬਿਬੇਕਵਾਨ ਸਮਝੇ ਜਾਂਦੇ ਆਗੂ ਭਾਈ ਸੁਖਦੇਵ ਸਿੰਘ ਭੌਰ ਉਤੇ ਕਿਸੇ ਪੁਰਾਣੀ ਗੱਲ ਦੇ, ਉਨ੍ਹਾਂ ਵੱਲੋਂ ਖੁਦ ਹੀ ਕਿਸੇ ਹੋਰ ਪ੍ਰਸੰਗ ਵਿਚ ਕੀਤੇ ਜਾ ਰਹੇ ਖੁਲਾਸੇ ਤੋਂ ਬਾਅਦ, ਜਿਸ ਤਰ੍ਹਾਂ ਸਿਆਸੀ ਰੰਜ਼ਿਸ਼ ਨਾਲ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਨਾਮ ਉਤੇ ਧਾਰਾ 295-ਏ ਦਰਜ ਕੀਤੀ ਗਈ, ਉਸ ਤੋਂ ਇਸ ਧਾਰਾ ਦੇ ਉਤੇ ਹੀ ਸਵਾਲ ਖੜੇ ਹੋ ਰਹੇ ਹਨ। ਸਿਆਸੀ ਬੁਰਛਾਗਰਦੀ ਤੇ ਕੁਝ ਅਖੌਤੀ ਵਿਦਵਾਨਾਂ ਦੀ ਸਿੱਖ ਇਤਿਹਾਸ ਨਾਲ ਛੇੜਛਾੜ ਕਰਨ ਦੀਆਂ ਕੋਹਝੀਆਂ ਹਰਕਤਾਂ ਕਾਰਨ ਪੰਜਾਬ ਤੇ ਪੰਜਾਬੀ ਦੇ ਬਹੁਤ ਸਾਰੇ ਪ੍ਰਕਾਸ਼ਕ ਧਾਰਾ 295-ਏ ਦੇ ਡਰ ਕਾਰਨ ਧਾਰਮਿਕ ਸਾਹਿਤ ਛਾਪਣ ਤੋਂ ਹੀ ਗੁਰੇਜ਼ ਕਰਨ ਲੱਗੇ ਹਨ। ਅੰਮ੍ਰਿਤਸਰ ਦੇ ਹਰਭਜਨ ਸਿੰਘ ਦਾ ਪਰਿਵਾਰ ਪਿਛਲੇ 138 ਵਰ੍ਹਿਆਂ ਤੋਂ ਧਾਰਮਿਕ ਪੁਸਤਕਾਂ ਦੀ ਛਪਾਈ ਦੇ ਕਾਰੋਬਾਰ 'ਚ ਲੱਗਿਆ ਹੋਇਆ ਸੀ। ਬੇਅਦਬੀ ਦੇ ਮਾਮਲੇ ਸਾਹਮਣੇ ਆਉਣ ਮਗਰੋਂ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੀ। ਹੁਣ ਜਦੋਂ ਧਾਰਮਿਕ ਪੁਸਤਕਾਂ ਦੀ ਬੇਅਦਬੀ ਲਈ ਸੂਬੇ 'ਚ ਉਮਰ ਕੈਦ ਹੋਇਆ ਕਰੇਗੀ ਤਾਂ ਸੂਬੇ ਦੇ ਸਭ ਤੋਂ ਪੁਰਾਣੇ ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ ਵੱਲੋਂ ਧਾਰਮਿਕ ਪੁਸਤਕਾਂ ਦੀ ਛਪਾਈ ਦਾ ਕੰਮ ਜਾਰੀ ਰਹਿ ਸਕੇਗਾ ਜਾਂ ਨਹੀਂ, ਇਸ ਬਾਰੇ ਖਦਸ਼ਾ ਹੈ। ਜ਼ਿਕਰਯੋਗ ਹੈ ਕਿ ਸੋਧੇ ਬਿਲ ਤਹਿਤ ਬੇਅਦਬੀ ਦੇ ਦੋਸ਼ 'ਚ ਸਜ਼ਾ 2 ਸਾਲ ਤੋਂ ਵਧਾ ਕੇ 10 ਸਾਲ ਕਰ ਦਿੱਤੀ ਗਈ ਹੈ। ਜੇਕਰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਬੇਅਦਬੀ ਕੀਤੀ ਗਈ ਹੋਵੇਗੀ ਤਾਂ ਧਾਰਾ 295-ਏ ਤਹਿਤ ਉਮਰ ਕੈਦ ਦੀ ਸਜ਼ਾ ਹੋਵੇਗੀ। ਇਨ੍ਹਾਂ

ਬਾਕੀ ਸਫ਼ਾ 30 'ਤੇ


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

Call for more Info:

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਹਰਪ੍ਰੀਤ ਸਿੰਘ ਹੰਸਰਾ ਦੀ ਚੋਣ ਰੈਲੀ ਨੇ ਧੰਨ-ਧੰਨ ਕਰਵਾਈ

## *ਦੂਜੇ ਕੌਂਸਲਰਾਂ ਨਾਲ ਦੋਸਤੀ ਪੁਗਾਉਣ ਲਈ ਬਰੈਂਪਟਨ ਦਾ ਭਵਿੱਖ ਦਾਅ ਤੇ ਨਹੀਂ ਲਾਵਾਂਗਾ : ਹੰਸਰਾ*




**ਬਰੈਂਪਟਨ/ਬਿਊਰੋ ਨਿਊਜ਼ :** ਬਰੈਂਪਟਨ ਦੇ ਵਾਰਡਜ਼ 3 ਅਤੇ 4 ਤੋਂ ਸਿਟੀ ਕੌਂਸਲਰ ਦੀ ਪੁਜੀਸ਼ਨ ਲਈ ਹਰਪ੍ਰੀਤ ਸਿੰਘ ਹੰਸਰਾ ਨੇ ਆਪਣਾ ਚੋਣ ਪ੍ਰਚਾਰ ਆਰੰਭ ਦਿੱਤਾ ਹੈ। ਕਿਸੇ ਵੱਡੀ ਚੋਣ ਰੈਲੀ ਦਾ ਰੂਪ ਧਾਰਨ ਕਰ ਗਈ ਐਤਵਾਰ ਦੀ ਚੋਣ ਰੈਲੀ ਨੇ ਬਰੈਂਪਟਨ ਦੇ ਸਿਆਸੀ ਪਿੜ ਵਿੱਚ ਗੂੜ੍ਹੀਆਂ ਪੈੜਾਂ ਪਾ ਦਿੱਤੀਆਂ ਹਨ। ਅੱਤ ਦੀ ਗਰਮੀ ਵਿੱਚ ਸੈਂਕੜੇ ਲੋਕਾਂ ਨੇ ਹੰਸਰਾ ਦੀ ਰੈਲੀ ਵਿੱਚ ਸ਼ਮੂਲੀਅਤ ਕੀਤੀ। ਸਟੀਲਜ਼ ਅਤੇ ਹਾਈਵੇਅ 10 ਦੀ ਨੁੱਕਰ 'ਤੇ ਹਰਪ੍ਰੀਤ ਸਿੰਘ ਹੰਸਰਾ ਦੇ ਚੋਣ ਦਫਤਰ ਦੇ ਸਾਹਮਣੇ ਲੱਗੇ ਇਸ ਸਿਆਸੀ ਮੇਲੇ ਵਿੱਚ ਬਰੈਂਪਟਨ ਸ਼ਹਿਰ ਦੀ ਕਈ ਹਸਤੀਆਂ ਪਹੁੰਚੀਆਂ ਹੋਈਆਂ ਸਨ। ਬਰੈਂਪਟਨ ਦੇ ਮਸ਼ਹੂਰ ਡਰੀਊ ਪਰਿਵਾਰ ਦੇ ਫਰਜੰਦ ਕ੍ਰਿਸ ਡਰੀਊ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਹਰਪ੍ਰੀਤ ਸਿੰਘ ਹੰਸਰਾ ਬਾਰੇ ਜਾਣਕਾਰੀ ਦਿੱਤੀ। ਉਪਰੰਤ ਸਟੇਜ ਦੀ ਕਾਰਵਾਈ ਯੂਨੀਵਰਸਿਟੀ ਦੀ ਵਿਦਿਆਰਥਣ ਜਸਮੀਨ ਕੌਰ ਭਿੰਡਰ ਨੇ ਸੰਭਾਲ ਲਈ। ਉਨ੍ਹਾਂ ਸਭ ਨੂੰ ਜੀ ਆਇਆਂ ਕਹਿੰਦਿਆਂ ਸਟੇਜ ਤੇ ਵਾਰਡਜ਼ 3 ਅਤੇ 4 ਦੇ ਰੀਜਨਲ ਕੌਂਸਲਰ ਮਾਰਟਿਨ ਮਡੈਰਸ ਨੂੰ ਆਉਣ ਦਾ ਸੱਦਾ ਦਿੱਤਾ। ਮਾਰਟਿਨ ਨੇ ਇਸ ਮੌਕੇ ਕਿਹਾ ਕਿ ਸਾਨੂੰ ਕੌਂਸਲ ਵਿੱਚ ਹਰਪ੍ਰੀਤ ਸਿੰਘ ਹੰਸਰਾ ਵਰਗੇ ਅਗਾਂਹਵਧੂ ਸੋਚ ਵਾਲੇ ਕੌਂਸਲਰ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਪਿਛਲੀ ਕੌਂਸਲ ਵਿੱਚ ਅਸੀਂ ਬਹੁਤ ਫੈਸਲੇ ਕਰਨੇ ਚਾਹੁੰਦੇ ਸੀ ਪਰ ਉਹ ਹੋ ਨਹੀਂ ਸਕੇ, ਇਸ ਲਈ ਸਾਨੂੰ ਕੌਂਸਲ ਵਿੱਚ ਸ. ਹੰਸਰਾ ਦੀ ਲੋੜ ਹੈ।

ਬਰੈਂਪਟਨ ਦੀ ਮੇਅਰ ਲਿੰਡਾ ਜਿਫਰੀ ਨੇ ਇਸ ਮੌਕੇ ਆਪਣੀ ਰੁਝੇਵਿਆਂ ਭਰੀ ਮੁਹਿੰਮ 'ਚੋਂ ਵਕਤ ਕੱਢ ਕੇ ਇਥੇ ਸ਼ਮੂਲੀਅਤ ਕੀਤੀ। ਮੇਅਰ ਜਿਫਰੀ ਨੇ ਬੋਲਦਿਆਂ ਕਿਹਾ ਕਿ ਪਿਛਲੇ ਚਾਰ ਸਾਲ ਸਾਡੇ ਲਈ ਵੱਡੀ ਚੁਣੌਤੀ ਬਣੇ ਰਹੇ। ਹਰ ਉਸਾਰੂ ਕੰਮ ਕਰਨ ਲਈ ਸਾਨੂੰ ਬੇਵਜਾਹ ਵਿਰੋਧ ਸਹਿਣਾ ਪਿਆ। ਹੁਣ ਅਸੀਂ ਚਾਹੁੰਦੇ ਹਾਂ ਕਿ ਤੁਸੀ ਹਰਪ੍ਰੀਤ ਸਿੰਘ ਹੰਸਰਾ ਨੂੰ ਕੌਂਸਲ ਵਿੱਚ ਭੇਜੋ ਕਿਉਂਕਿ ਇਹ ਨੌਜੁਆਨ ਮੁਸ਼ਕਲਾਂ ਨੂੰ ਹੱਲ ਕਰਨ ਦੀ ਮੁਹਾਰਤ ਰੱਖਦਾ ਹੈ। ਮੇਅਰ ਜਿਫਰੀ ਨੇ ਕਿਹਾ ਕਿ ਹੰਸਰਾ ਪਰਿਵਾਰ ਕਮਿਊਨਟੀ ਦੇ ਹਰ ਕੰਮ ਵਿੱਚ ਮੂਹਰਲੀ ਕਤਾਰ ਵਿੱਚ ਖੜ੍ਹ ਕੇ ਕੰਮ ਕਰਦੇ ਹਨ। ਮੇਅਰ ਨੇ ਅਪੀਲ ਕੀਤੀ ਕਿ 22 ਅਕਤੂਬਰ ਨੂੰ ਹਰਪ੍ਰੀਤ ਹੰਸਰਾ ਨੂੰ ਵੋਟ ਦੇ ਕੇ ਕੌਂਸਲ ਵਿੱਚ ਭੇਜੋ। ਉਨਟਾਰੀਓ ਦੇ ਸਾਬਕਾ ਹੈਲਥ ਮਨਿਸਟਰ ਅਤੇ ਸਾਬਕਾ ਡਿਪਟੀ ਪ੍ਰੀਮੀਅਰ ਜਾਰਜ ਸਮਿਦਰਮੈਨ ਨੇ ਕਿਹਾ ਕਿ ਮੈਂ ਹਰਪ੍ਰੀਤ ਲਈ ਟਰਾਂਟੋ ਸੈਂਟਰ ਤੋਂ ਸ਼ੁਭ ਕਾਮਨਾਵਾਂ ਲੈ ਕੇ ਆਇਆ ਹਾਂ। ਲੰਬਾ ਸਮਾਂ ਮੈਂ ਹਰਪ੍ਰੀਤ ਦਾ ਬੌਸ ਰਿਹਾ ਹਾਂ ਅਤੇ ਇਹ ਕਹਿ ਸਕਦਾ ਹੈ ਕਿ ਹਰਪ੍ਰੀਤ ਮੁੱਦਿਆਂ ਦਾ ਨਿਬੇੜਾ ਕਰਨ ਦੀ ਜੁਗਤ ਰੱਖਦਾ ਹੈ। ਸਮਿਦਰਮੈਨ ਨੇ ਕਿਹਾ ਕਿ ਹਰਪ੍ਰੀਤ ਇੱਕ ਚੋਟੀ ਦਾ ਰਾਜਨੀਤਕ ਬਣ ਕੇ ਉਭਰੇਗਾ।

ਪਿਛਲੀਆਂ ਦੋ ਚੋਣਾਂ ਵਿੱਚ ਇਸੇ ਸੀਟ 'ਤੇ ਉਮੀਦਵਾਰ ਰਹਿ ਚੁੱਕੇ ਅਗਾਂਹਵਧੂ ਨੌਜੁਆਨ ਪਰਮਿੰਦਰ ਗਰੇਵਾਲ ਨੇ ਇਸ ਮੌਕੇ ਹਰਪ੍ਰੀਤ ਹੰਸਰਾ ਦਾ ਨਾਮ ਤਸਦੀਕ ਕਰਦਿਆਂ ਕਿਹਾ ਕਿ ਬਰੈਂਪਟਨ ਦੇ ਬਹੁਤ ਮੁੱਦੇ ਅਣਛੂਹੇ ਹੀ ਰਹੇ ਹਨ। ਸਭ ਤੋਂ ਵੱਡਾ ਮੁੱਦਾ ਆਵਾਜਾਈ ਦੀ ਭੀੜ ਦਾ ਹੈ। ਬਰੈਂਪਟਨ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਵਿੱਚ ਜਾਣ ਲਈ ਡੇਢ ਘੰਟੇ ਦਾ ਸਮਾਂ ਲੱਗ ਜਾਂਦਾ ਹੈ। ਇਸ ਤੋਂ ਇਲਾਵਾ ਬਰੈਂਪਟਨ ਵਿੱਚ ਕਰਾਈਮ ਵੀ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਪ੍ਰੀਤ ਸਿੰਘ ਹੰਸਰਾ ਇਨ੍ਹਾਂ ਮੁੱਦਿਆਂ ਨਾਲ ਸਹੀ ਢੰਗ ਨਾਲ ਸਿੱਝ ਸਕਦਾ ਹੈ।

ਇਸ ਮੌਕੇ ਹਰਪ੍ਰੀਤ ਸਿੰਘ ਹੰਸਰਾ ਨੇ ਸਟੇਜ 'ਤੇ ਆ ਕੇ ਸਭ ਦਾ ਧੰਨਵਾਦ ਕੀਤਾ। ਹਰਪ੍ਰੀਤ ਨੇ ਆਪਣੀ ਸਵਰਗੀ ਮਾਂ ਕਮਲਜੀਤ ਕੌਰ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਮੈਨੂੰ ਛੋਟੀ ਉਮਰ ਵਿੱਚ ਗੁਰਦੁਆਰੇ ਲਿਜਾਂਦੀ ਸੀ, ਜੋ ਚਾਹੁੰਦੀ ਸੀ ਕਿ ਮੈਂ ਕਮਿਊਨਟੀ ਵਿੱਚ ਸ਼ਾਮਲ ਹੋ ਕੇ ਜਨਤਕ ਸੇਵਾ ਵਿੱਚ ਰੁਚੀ ਰੱਖਾਂ।

ਸ. ਹੰਸਰਾ ਨੇ ਕਿਹਾ ਕਿ ਪਿਛਲੀ ਕੌਂਸਲ ਗੁੱਟਬੰਦੀ ਦੀ ਭੇਟ ਚੜ੍ਹ ਕੇ ਕਾਰਜ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਇਥੇ ਕੌਂਸਲਰ ਦੋਸਤੀ ਨਿਭਾਉਂਦੇ ਰਹੇ, ਦੋਸਤਾਂ ਦੇ ਕਹਿਣ ਉਤੇ ਵੋਟਾਂ ਪਾ ਕੇ ਬਰੈਂਪਟਨ ਦੇ ਭਵਿੱਖ ਨਾਲ ਖਿਲਵਾੜ ਕਰਦੇ ਰਹੇ। ਲਾਈਟ ਰੇਲ, ਜਿਸ ਨੂੰ ਸੂਬਾ ਸਰਕਾਰ ਨੇ ਪੂੰਜੀ ਖਰਚ ਕੇ ਬਰੈਂਪਟਨ ਵਿੱਚ ਲਿਆਉਣਾ ਸੀ, ਅਸੀਂ ਰੂਟ ਦਾ ਰੇੜਕਾ ਪਾ ਕੇ ਉਸ ਨੂੰ ਰੱਦ ਕਰ ਦਿੱਤਾ। ਹਰਪ੍ਰੀਤ ਨੇ ਕਿਹਾ, ਕਿ "ਮੈਂ ਦਰਵਾਜ਼ੇ ਖੜਕਾਉਂਦਾ ਹਾਂ ਤਾਂ ਲੋਕ ਆਪਣੇ ਕੌਂਸਲਰ ਦਾ ਨਾਮ ਤੱਕ ਨਹੀਂ ਜਾਣਦੇ ਪਰ ਮੈਂ

ਬਾਕੀ ਸਫ਼ਾ 32 'ਤੇ

## ਸਿਆਟਲ ਵਿਰਾਸਤ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦੇ ਮੰਤਵ ਨਾਲ 22 ਸਤੰਬਰ ਸ਼ਨਿਚਰਵਾਰ ਸ਼ਾਮ 7 ਤੋਂ 10 ਵਜੇ ਤੱਕ ਇਕ ਸਮਾਗਮ ਐਬਰਨ ਹਾਈ



ਸਕੂਲ ਦੇ ਪਰਫਾਰਮਿੰਗ ਆਟ ਸੈਂਟਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਵਾਸਤੇ ਕੋਈ ਟਿਕਟ ਨਹੀਂ ਪਰ ਸੀਟਾਂ ਉਤੇ ਬੈਠਣ ਲਈ ਕੰਪਲੀਮੈਂਟਰੀ ਪਾਸ ਦਿੱਤੇ ਜਾਣਗੇ। ਇਸ ਪ੍ਰੋਗਰਾਮ ਵਾਸਤੇ 6 ਤੋਂ 7 ਵਜੇ ਤੱਕ ਦਰਸ਼ਕਾਂ ਨੂੰ ਦਸਤਾਰਾਂ ਤੇ ਦੁਪੱਟੇ ਸਜਾ ਕੇ ਪਹੁੰਚਣ ਵਾਸਤੇ ਅਪੀਲ ਕੀਤੀ ਗਈ ਹੈ। ਇਸ ਮੌਕੇ ਏ.ਬੀ.ਸੀ. ਡਾਂਸ ਗਰੁੱਪ ਵਲੋਂ ਹਰਮੀਤ ਧਾਲੀਵਾਲ, ਅਰਜਨ ਸਹੋਤਾ ਦੀ ਅਗਵਾਈ ਹੇਠ ਭੰਗੜਾ, ਜਤਿੰਦਰ ਸਿੰਘ ਸ਼ਾਨ-ਏ-ਪੰਜਾਬ ਬੀਸੀ ਵਲੋਂ ਗਿੱਧਾ, ਗੁਰਦੀਪ ਭੁੱਲਰ ਅਕੈਡਮੀ ਬੀਸੀ ਵਲੋਂ ਦੋਗਾਣਾ ਸਕਿੱਟਾਂ ਤੋਂ ਇਲਾਵਾ ਗੀਤ ਸੰਗੀਤ, ਕਵੀਸ਼ਰੀ ਲਾਈਵ ਪਰਫਾਰਮੈਂਸ ਸਮੇਤ ਮਨ-ਪ੍ਰਚਾਵੇ ਲਈ ਵੱਖ-ਵੱਖ ਤਰ੍ਹਾਂ ਦੀਆਂ ਵੰਨਗੀਆਂ ਪੇਸ਼ ਕੀਤੀਆਂ ਜਾਣਗੀਆਂ। ਸਟੇਜ ਦਾ ਸੰਚਾਲਨ ਆਸ਼ਾ ਸ਼ਰਮਾ ਜੀ ਕਰਨਗੇ। ਇਸ ਸਮਾਗਮ ਨੌਜਵਾਨਾਂ ਨੂੰ

ਬਾਕੀ ਸਫ਼ਾ 32 'ਤੇ


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035


ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਸੰਧੂ ਪਰਿਵਾਰ ਨੂੰ ਸਦਮਾ

### ਮੋਤਾ ਸਿੰਘ ਦਾ ਅਕਾਲ ਚਲਾਣਾ

**ਮਿਲਪੀਟਸ/ਬਿਊਰੋ ਨਿਊਜ਼ :** ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਮੋਤਾ ਸਿੰਘ ਜੀ ਸੰਧੂ, ਜੋ 14 ਸਤੰਬਰ, 2018 ਨੂੰ ਆਪਣੀ



ਸੰਸਾਰਕ ਯਾਤਰਾ ਪੂਰੀ ਕਰਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ 23 ਸਤੰਬਰ ਨੂੰ 1 ਤੋਂ 3 ਵਜੇ ਤੱਕ ਚੈਪਲ ਆਫ਼ ਚਾਈਮਜ਼, 32992, ਮਿਸ਼ਨ ਬੁਲੇਵਰਡ, ਹੇਵਰਡ, ਕੈਲੀਫੋਰਨੀਆ ਸੀ ਏ 94544 ਵਿਖੇ ਹੋਵੇਗਾ। ਇਸ ਪਿਛੋਂ ਮਿਲਪੀਟਸ ਗੁਰਦੁਆਰਾ, 680, E Calaveras Blvd. Milpitas, CA 95035 ਵਿਖੇ ਭੋਗ ਤੇ ਅੰਤਿਮ ਅਰਦਾਸ ਹੋਵੇਗੀ। ਉਹ ਪਿੱਛੇ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੋਟ ਫਤੂਹੀ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ 22 ਸਾਲ ਫੌਜ ਵਿਚ ਨੌਕਰੀ ਕੀਤੀ। ਉਹ ਆਪਣੇ ਪਿੱਛੇ ਇਕ ਛੋਟੀ ਭੈਣ ਛੱਡ ਗਏ ਹਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਕੁਲਦੀਪ ਸਿੰਘ ਫੋਨ ਨੰਬਰ 408-431-6610 'ਤੇ ਸੰਪਰਕ ਕਰੋ।

## ਸੀਆਰਐਸ ਰੀਪੋਰਟ ਨੇ ਭਾਰਤ ਵਿਚ ਹਿੰਦੂ-ਅੱਤਵਾਦ ਦਾ ਡਰ ਪ੍ਰਗਟਾਇਆ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਕਾਂਗਰੇਸ਼ਨਲ ਰਿਸਰਚ ਸਰਵਿਸ (ਸੀਆਰਐਸ) ਨੇ ਅਮਰੀਕੀ ਸੰਸਦ ਵਿਚ ਪੇਸ਼ ਆਪਣੀ ਰੀਪੋਰਟ ਵਿਚ ਭਾਰਤ 'ਚ ਕਥਿਤ ਧਰਮ-ਪ੍ਰੇਰਿਤ ਅਤਿਆਚਾਰ ਅਤੇ ਹਿੰਸਾ ਦੇ ਵੱਖ ਵੱਖ ਖੇਤਰਾਂ ਦਾ ਜ਼ਿਕਰ ਕੀਤਾ ਹੈ।ਇਨ੍ਹਾਂ ਵਿਚ ਰਾਜ ਪੱਧਰੀ ਧਰਮ ਤਬਦੀਲੀ ਵਿਰੋਧੀ ਕਾਨੂੰਨ, ਗਊ ਰਾਖੀ ਲਈ ਕਾਨੂੰਨ ਹੱਥ ਵਿਚ ਲੈਣਾ, ਵਿਅਕੀਗਤ ਆਜ਼ਾਦੀ 'ਤੇ ਕਥਿਤ ਹਮਲੇ ਅਤੇ ਗ਼ੈਰ-ਸਰਕਾਰੀ ਜਥੇਬੰਦੀਆਂ ਦੀਆਂ ਮੁਹਿੰਮਾਂ ਨੂੰ ਭਾਰਤ ਦੀਆਂ ਧਰਮਨਿਰਪੱਖ ਰਵਾਇਤਾਂ ਲਈ ਹਾਨੀਕਾਰਕ ਮੰਨਿਆ ਗਿਆ ਹੈ। ਗੌਰਤਲਬ ਹੈ ਕਿ ਭਾਵੇਂ ਸੀਆਰਐਸ ਰੀਪੋਰਟ ਨੂੰ ਅਮਰੀਕੀ ਸੰਸਦ ਦੀ ਅਧਿਕਾਰਤ ਰੀਪੋਰਟ ਨਹੀਂ ਮੰਨਿਆ ਜਾਂਦਾ ਹੈ ਅਤੇ ਨਾ ਹੀ ਇਹ ਸੰਸਦ

ਬਾਕੀ ਸਫ਼ਾ 32 'ਤੇ

## ਬਰਗਾੜੀ ਮੋਰਚਾ : ਰਾਜੇ ਦਾ ਮੋਤੀ ਮਹਿਲ ਘੇਰਨ ਦੀ ਚੇਤਾਵਨੀ

**ਕੋਟਕਪੂਰਾ/ਬਿਊਰੋ ਨਿਊਜ਼ :** ਮੁੱਖ ਮੰਤਰੀ ਅਮਰਿੰਦਰ ਸਿੰਘ ਤੇ ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੇ ਬੇਅਦਬੀ ਦੇ ਮਾਮਲੇ ਵਿੱਚ ਦੋਸਤਾਨਾ ਮੈਚ ਖੇਡਣ ਖਿਲਾਫ ਬਰਗਾੜੀ ਮੋਰਚੇ ਵਿਚ ਵੀ ਚਰਚਾ ਹੋ ਰਹੀ ਹੈ॥ਬਰਗਾੜੀ ਇਨਸਾਫ਼ ਮੋਰਚੇ ਦੇ ਆਗੂ ਜਥੇਦਾਰ ਧਿਆਨ ਸਿੰਘ ਮੰਡ ਤੇ ਬਲਜੀਤ ਸਿੰਘ ਦਾਦੂਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿਤਾਵਨੀ ਦਿੰਦਿਆਂ ਆਖਿਆ ਕਿ ਉਹ ਬਾਦਲਾਂ ਨਾਲ ਦੋਸਤਾਨਾ ਮੈਚ ਬੰਦ ਕਰ ਦੇਣ, ਨਹੀਂ ਤਾਂ ਆਉਣ ਵਾਲੇ ਦਿਨਾਂ ਵਿੱਚ ਸਿੱਖ ਸੰਗਤ ਵੱਲੋਂ ਮੋਤੀ ਮਹਿਲ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਦੀ ਬੇਅਦਬੀ ਦਾ ਮਸਲਾ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਇਸ ਲਈ ਸੰਗਤ ਨੂੰ ਇਨਸਾਫ਼ ਦਿੱਤਾ ਜਾਵੇ। ਉਨ੍ਹਾਂ



ਆਖਿਆ ਕਿ ਇਸ ਮਸਲੇ ਨੂੰ ਰੈਲੀਆਂ ਕਰਕੇ ਰੋਲਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਜਥੇਦਾਰ ਮੰਡ ਨੇ ਸਪਸ਼ਟ ਕੀਤਾ ਕਿ ਬਰਗਾੜੀ ਵਿੱਚ ਇਨਸਾਫ਼ ਮੋਰਚਾ ਉਦੋਂ ਤੱਕ ਸਮਾਪਤ ਨਹੀਂ ਪਵੇਗਾ ਜਦੋਂ ਤੱਕ ਇਨਸਾਫ਼ ਨਹੀਂ ਮਿਲ ਜਾਂਦਾ। ਉਨ੍ਹਾਂ ਆਖਿਆ ਕਿ ਮਾਮਲੇ ਦੀ ਜਾਂਚ ਭਾਵੇਂ ਕੋਈ ਏਜੰਸੀ ਕਰੇ, ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਇਨਸਾਫ ਜ਼ਰੂਰ ਮਿਲਣਾ ਚਾਹੀਦਾ ਹੈ। ਬੇਅਦਬੀ ਮਾਮਲੇ ਵਿੱਚ ਚਾਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਜ਼ਮਾਨਤ ਮਿਲਣ ਬਾਰੇ ਪੰਥਕ ਆਗੂਆਂ ਨੇ ਆਖਿਆ ਇਸ ਮਾਮਲੇ ਵਿੱਚ ਕੈਪਟਨ-ਬਾਦਲ ਦੀ ਦੋਸਤੀ ਤੇ ਕੇਂਦਰ ਸਰਕਾਰ ਕਾਰਨ ਇਹ ਸਭ ਕੁਝ ਹੋਇਆ ਹੈ।

ਉਨ੍ਹਾਂ ਸਾਬਕਾ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਲਾਏ ਜਾ ਰਹੇ ਇਲਜ਼ਾਮਾਂ ਦਾ ਜਵਾਬ ਦਿੰਦਿਆਂ ਆਖਿਆ ਕਿ ਮੋਰਚੇ ਵਿੱਚ ਸ਼ਾਮਲ ਹੋਣ ਵਾਲੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈਐੱਸਆਈ ਦੇ ਏਜੰਟ ਨਹੀਂ ਬਲਕਿ ਭਾਰਤੀ ਲੋਕ ਹਨ, ਜੋ ਆਪਣੇ ਗੁਰੂ ਦੀ ਬੇਅਦਬੀ ਸਬੰਧੀ ਇਨਸਾਫ਼ ਲਈ ਬਰਗਾੜੀ ਮੰਡੀ ਵਿੱਚ ਧਰਨੇ 'ਤੇ ਬੈਠੇ ਹਨ।

## ਹਿੰਦੀ ਫਿਲਮ 'ਮਨਮਰਜ਼ੀਆਂ' 'ਚ ਸਿੱਖਾਂ ਦੀ ਕਿਰਦਾਰਕੁਸ਼ੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਹਿੰਦੀ ਫਿਲਮਾਂ ਵਿਚ ਸਿੱਖ ਪ੍ਰੰਪਰਾਵਾਂ ਦਾ ਮਜ਼ਾਕ ਪਹਿਲਾਂ ਵੀ ਕਈ ਵਾਰ ਉਡਾਇਆ ਜਾ ਚੁੱਕਾ ਹੈ ਤੇ ਸਿੱਖਾਂ ਵੱਲੋਂ ਹਰ ਵਾਰ ਵਿਰੋਧ ਵੀ ਕੀਤਾ ਜਾ ਚੁੱਕਾ ਹੈ ਪਰ ਕੁਝ ਸ਼ਰਾਰਤੀ ਕਿਸਮ ਦੇ ਲੋਕ ਤੇ ਕੁਝ ਪੈਸੇ ਦੇ ਲਾਲਚੀ ਅਜਿਹੀਆਂ ਹਰਕਤਾਂ ਕਰਨ ਤੋਂ ਹਟਦੇ ਨਹੀਂ ਹਨ। ਸਿੱਖ ਧਰਮ ਦਾ ਮਜ਼ਾਕ ਬਣਾਉਂਦੀ ਇਕ ਹੋਰ ਹਿੰਦੀ ਫਿਲਮ 'ਮਨਮਰਜ਼ੀਆਂ' ਰਿਲੀਜ਼ ਹੋਈ ਹੈ। ਸਿੱਖ ਇਸ ਫਿਲਮ ਦਾ ਵਿਰੋਧ ਕਰ ਰਹੇ ਹਨ । ਜਾਣਕਾਰੀ ਮੁਤਾਬਕ ਇਸ ਫਿਲਮ ਵਿਚ ਸਿੱਖ ਧਰਮ ਦਾ ਮਜ਼ਾਕ ਉਡਾਉਣ ਵਾਲੀਆਂ ਇੱਕ ਤੋਂ ਵੱਧ ਹਰਕਤਾਂ ਕੀਤੀਆਂ ਗਈਆਂ ਹਨ ।

ਫਿਲਮ 'ਚ ਅਭਿਸ਼ੇਕ ਬਚਨ ਨੂੰ ਸਿੱਖ ਪਹਿਰਾਵੇ 'ਚ ਦਿਖਾਇਆ ਗਿਆ ਹੈ। ਦਸਤਾਰ ਉਤਾਰਨ ਤੋਂ ਬਾਅਦ ਉਸ ਦਾ ਸਿਗਰਟ ਪੀਣਾ ਅਤੇ ਅਨੰਦ ਕਾਰਜ ਸਿੱਖ ਰਹਿਤ ਮਰਿਯਾਦਾ ਨਾਲ ਨਾ ਕਰਨ 'ਤੇ ਸਿੱਖਾਂ ਵੱਲੋਂ ਇਸ ਫਿਲਮ ਦਾ ਵਿਰੋਧ ਕੀਤਾ ਜਾ ਰਿਹਾ ਹੈ। ਵਿਸ਼ਾ ਸੱਚਮੁੱਚ ਬਹੁਤ ਗੰਭੀਰ ਹੈ। ਦਲ ਖਾਲਸਾ ਦੇ ਭਾਈ ਗਜਿੰਦਰ ਸਿੰਘ ਨੇ ਕਿਹਾ ਹੈ ਕਿ ਇਹੋ ਜਿਹੀਆਂ ਫਿਲਮਾਂ ਦਾ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ ਤੇ ਇਸ ਰੁਝਾਨ ਨੂੰ ਠੱਲ੍ਹ ਪੈਣੀ ਚਾਹੀਦੀ ਹੈ । ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫਿਲਮ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ. ਨੇ ਇਸ ਬਾਰੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਤੇ ਸੈਂਸਰ ਬੋਰਡ ਦੇ ਮੁੱਖੀ ਨੂੰ



ਚਿੱਠੀ ਲਿਖਦੇ ਹੋਏ ਸੈਂਸਰ ਬੋਰਡ 'ਚ ਇਕ ਸਿੱਖ ਮੈਂਬਰ ਦੀ ਨਿਯੁਕਤੀ ਪੱਕੇ ਤੌਰ 'ਤੇ ਕਰਨ ਦੀ ਮੰਗ ਕੀਤੀ ਹੈ। ਸਿੱਖ ਜਥੇਬੰਦੀਆਂ ਵਲੋਂ ਇਸ ਫ਼ਿਲਮ ਵਿਰੁੱਧ ਭਾਰੀ ਰੋਸ ਪ੍ਰਗਟਾਇਆ ਜਾ ਰਿਹਾ ਹੈ ਕਿਉਂਕਿ ਇਨ੍ਹਾਂ ਕਿਰਦਾਰਾਂ ਨੇ ਸਿੱਖ ਹੋਣ ਦੇ ਬਾਵਜੂਦ ਸਿਗਰਟਾਂ ਦੇ ਸੂਟੇ ਖਿੱਚੇ ਹਨ। ਸਿੱਖ ਫ਼ਲਸਫ਼ੇ ਵਿਚ ਸਿਗਰਟ ਪੀਣ ਦੀ ਸਖ਼ਤ ਮਨਾਹੀ ਹੈ। ਸਿਗਰਟ ਪੀਣਾ ਸਿੱਖ ਧਰਮ ਵਿਚ ਬੱਜਰ ਕੁਰਹਿਤ ਹੈ। ਤਕਲੀਫ਼ ਹੁੰਦੀ ਹੈ ਜਦੋਂ ਵੱਡੇ ਪਰਦੇ ਉਤੇ ਸਿੱਖਾਂ ਨੂੰ ਸਿਗਰਟ ਪੀਂਦੇ ਵਿਖਾਇਆ ਜਾਂਦਾ ਹੈ।

ਸੈਂਸਰ ਬੋਰਡ ਕਈ ਸਾਲਾਂ ਤੋਂ ਸਿੱਖ ਵਿਚਾਰਧਾਰਾ ਵਿਰੋਧੀ ਫਿਲਮਾਂ ਨੂੰ ਪ੍ਰਦਰਸ਼ਨ ਕਰਨ ਦੀ ਮਨਜ਼ੂਰੀ ਦੇ ਰਿਹਾ ਹੈ, ਜਿਸ 'ਚ "ਮਨਮਰਜ਼ੀਆਂ, ਡਿਸ਼ੂੰਮ, ਸੰਤਾ-ਬੰਤਾ ਅਤੇ ਨਾਨਕਸ਼ਾਹ ਫਕੀਰ" ਵਰਗੀਆਂ ਵਿਵਾਦਿਤ ਫਿਲਮਾਂ ਨੂੰ ਸੈਂਸਰ ਬੋਰਡ ਵੱਲੋਂ ਪਾਸ ਕਰਨਾ ਸਿਨੇਮਾਟੋਗ੍ਰਾਫ ਐਕਟ ਅਤੇ ਉਸ ਦੇ ਨਿਯਮਾਂ ਦੀ ਉਲੰਘਣਾ ਹੈ। ਸੈਂਸਰ ਬੋਰਡ ਲਈ ਫਿਲਮ ਨੂੰ ਪਾਸ ਕਰਨ ਵੇਲੇ ਇਸ ਗੱਲ ਨੂੰ ਜ਼ਰੂਰੀ ਤੌਰ 'ਤੇ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਫਿਲਮ ਸਮਾਜ ਦੇ ਪ੍ਰਤੀ ਜਵਾਬਦੇਹ ਅਤੇ ਸਮਾਜ ਦੀਆਂ ਭਾਵਨਾਵਾਂ ਨੂੰ ਬੌਧਿਕ ਪੱਧਰ 'ਤੇ ਕਾਇਮ ਰੱਖਣ 'ਚ ਸਮਰਥ ਹੋਵੇ। ਸੈਂਸਰ ਬੋਰਡ ਦੇ ਖੇਤਰੀ ਅਧਿਕਾਰੀ ਨੂੰ ਫਿਲਮ ਸਿੱਖ ਧਰਮ ਦੀ ਜਾਣਕਾਰੀ ਰੱਖਣ ਵਾਲੇ ਵਿਦਵਾਨਾਂ ਨੂੰ ਦਿਖਾਉਣੀ ਚਾਹੀਦੀ ਸੀ। ਸੈਂਸਰ ਬੋਰਡ 'ਚ ਵੱਖ-ਵੱਖ ਧਰਮਾਂ ਨਾਲ ਸਬੰਧਤ ਇਕ-ਇਕ ਵਿਦਵਾਨ ਮੈਂਬਰ ਨੂੰ ਸ਼ਾਮਲ ਕਰਨ 'ਤੇ ਗੌਰ ਹੋਣੀ ਚਾਹੀਦੀ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ 'ਤੇ ਲੱਗੀਆਂ ਰੌਣਕਾਂ

**ਬਟਾਲਾ/ਬਿਊਰੋ ਨਿਊਜ਼ :** ਬਟਾਲਾ ਦੇ ਸਮੁੱਚੇ ਗੁਰਦੁਆਰਿਆਂ ਵਿਚ ਜਗਤ ਗੁਰੂ, ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ 'ਤੇ ਸਾਲਾਨਾ ਜੋੜ ਮੇਲਾ ਮਨਾਇਆ ਗਿਆ। ਸਿੱਖ ਸੰਗਤਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬਟਾਲਾ 'ਚ ਸ਼ਰਧਾ, ਭਾਵਨਾ, ਚਾਅ ਤੇ ਉਤਸ਼ਾਹ ਨਾਲ ਵਿਆਹ ਪੁਰਬ ਦੀਆਂ ਖ਼ੁਸ਼ੀਆਂ 'ਚ ਸਮੁੱਚੇ ਧਾਰਮਿਕ ਅਸਥਾਨਾਂ ਵਿਚ ਗੁਰਬਾਣੀ ਕੀਰਤਨ ਸਰਵਣ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਕੀਤਾ।

ਇਸ ਸਬੰਧੀ ਹੋਏ ਸਮਾਗਮਾਂ ਦੌਰਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਸ੍ਰੀ ਡੇਹਰਾ ਸਾਹਿਬ, ਗੁਰਦੁਆਰਾ ਸ੍ਰੀ ਸਤਿਕਰਤਾਰੀਆਂ ਸਾਹਿਬ, ਗੁਰਦੁਆਰਾ ਅਚੱਲ ਸਾਹਿਬ ਵਿਖੇ ਰੱਖੇ ਸ੍ਰੀ ਅਖੰਡ ਪਾਠ ਸਾਹਿਬਾਂ ਦੇ ਭੋਗ ਪਾਏ ਗਏ। ਉਪਰੰਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ (ਸਹੁਰਾ ਘਰ) ਸਥਾਨ ਤੋਂ ਜੁਗੋ-ਜੁਗ ਅਟੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ 'ਚ ਅਰਦਾਸ ਕਰਨ ਉਪਰੰਤ ਖਾਲਸਾਈ ਜੈਕਾਰਿਆਂ ਦੀ ਗੂੰਜ 'ਚ ਪੂਰੇ ਸ਼ਾਨੋ-ਸ਼ੌਕਤ ਨਾਲ ਨਗਰ ਕੀਰਤਨ ਆਰੰਭ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ 'ਚ ਸੁਸ਼ੋਭਿਤ ਕਰਨ ਦੀ ਸੇਵਾ ਸਿੰਘ ਸਾਹਿਬ ਗਿਆਨੀ ਸੁਖਜਿੰਦਰ ਸਿੰਘ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੇ ਨਿਭਾਈ ਤੇ ਸੰਤ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲੇ ਤੇ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਵੀ ਉਚੇਚੇ ਤੌਰ 'ਤੇ ਪਹੁੰਚੇ। ਨਗਰ ਕੀਰਤਨ ਦਾ ਵੱਖ-ਵੱਖ ਪੜਾਵਾਂ 'ਤੇ ਸਾਬਕਾ ਕੇਂਦਰੀ ਮੰਤਰੀ ਸ੍ਰੀਮਤੀ ਸੰਤੋਸ਼ ਚੌਧਰੀ, ਵਿਧਾਇਕ ਫਤਿਹਜੰਗ ਸਿੰਘ ਬਾਜਵਾ, ਵਿਧਾਇਕ ਬਲਵਿੰਦਰ ਸਿੰਘ ਲਾਡੀ, ਵਿਧਾਇਕ ਲਖਬੀਰ ਸਿੰਘ ਲੋਧੀਨੰਗਲ, ਸਾਬਕਾ ਚੇਅਰਮੈਨ ਸੁਖਬੀਰ ਸਿੰਘ ਵਾਹਲਾ, ਰਵੀਕਰਨ ਸਿੰਘ ਕਾਹਲੋਂ, ਦੇਸ਼ ਰਾਜ ਸਿੰਘ ਧੁੱਗਾ, ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਜਥੇ. ਸੱਜਣ ਸਿੰਘ ਬੱਜੂਮਾਨ, ਸ. ਗੁਰਨਾਮ ਸਿੰਘ ਜੱਸਲ, (ਤਿੰਨੇ ਸ਼੍ਰੋਮਣੀ ਕਮੇਟੀ ਮੈਂਬਰ) ਜਥੇਦਾਰ ਰਤਨ ਸਿੰਘ ਜ਼ਫਰਵਾਲ, ਜ਼ਿਲ੍ਹਾ ਪ੍ਰਧਾਨ ਰਮਨਦੀਪ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਬਲਬੀਰ ਸਿੰਘ ਬਿੱਟੂ, ਲਖਵਿੰਦਰ ਸਿੰਘ ਘੁੰਮਣ, ਬਾਬਾ ਸ਼ਿਵ ਸਿੰਘ ਬੋਹੜੀਵਾਲੇ, ਡਾ: ਹਰਨੇਕ ਸਿੰਘ ਟੋਨੀ ਬਲਪੁਰੀਆਂ, ਕੰਵਲਪ੍ਰੀਤ ਸਿੰਘ ਕਾਕੀ, ਗੁਰਜੀਤ ਸਿੰਘ ਬਿਜਲੀਵਾਲ, ਮੰਗਲ ਸਿੰਘ ਬਟਾਲਾ, ਰੁਪਿੰਦਰ ਸਿੰਘ ਸ਼ਾਮਪੁਰਾ, ਹਰਮਨਜੀਤ ਸਿੰਘ ਗੁਰਾਇਆ ਨੇ ਭਰਵਾਂ ਸਵਾਗਤ ਕੀਤਾ। ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਤੋਂ ਆਰੰਭ ਹੋਏ ਨਗਰ ਕੀਰਤਨ ਦੀ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਦੇਰ ਸ਼ਾਮ ਆਰੰਭਿਕ ਸਥਾਨ 'ਤੇ ਸੰਪੂਰਨਤਾ ਹੋਈ। ਵੱਖ-ਵੱਖ ਪੜਾਵਾਂ 'ਤੇ ਨਗਰ ਕੀਰਤਨ ਦਾ ਸੰਗਤਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਸਾਰਾ ਦਿਨ ਅੰਮ੍ਰਿਤਮਈ ਬਾਣੀ ਤੇ ਗੁਰੂ ਕੇ ਲੰਗਰਾਂ ਦਾ ਪ੍ਰਵਾਹ ਅਤੁੱਟ ਵਰਤਿਆ। ਇਸ ਮੌਕੇ ਸਿੱਖ ਇਤਿਹਾਸ ਨੂੰ ਰੂਪਮਾਨ ਕਰਦੀਆਂ ਵੱਖ-ਵੱਖ ਪ੍ਰਦਰਸ਼ਨੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ ਤੇ ਨੌਜਵਾਨਾਂ ਵਲੋਂ ਤਿਆਰ ਕੀਤੇ ਛੋਟੇ ਹੈਲੀਕਾਪਟਰ ਨੇ ਪਾਲਕੀ ਸਾਹਿਬ 'ਤੇ ਫੁੱਲਾਂ ਦੀ ਵਰਖਾ ਕੀਤੀ। ਪੁਲਿਸ ਪ੍ਰਸ਼ਾਸਨ ਵਲੋਂ ਨਗਰ ਕੀਰਤਨ ਦੇ ਸਵਾਗਤ 'ਚ ਸਲਾਮੀ ਵੀ ਦਿੱਤੀ ਗਈ।



## ਗੁਰੂ ਨਾਨਕ ਦੇਵ ਜੀ ਦੇ ਵਿਆਹ ਦੀ ਯਾਦਗਾਰ ਹੈ ਗੁਰਦੁਆਰਾ ਕੰਧ ਸਾਹਿਬ ਬਟਾਲਾ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਪੰਜਾਬ ਦੇ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਸ਼ਹਿਰ ਬਟਾਲਾ ਵਿਚ ਹਰ ਸਾਲ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਬਟਾਲਾ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਨੂੰ ਦਰਸਾਉਂਦਾ ਗੁਰਦੁਆਰਾ ਸ੍ਰੀ ਕੰਧ ਸਾਹਿਬ ਸਥਾਪਿਤ ਹੈ। ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਜਦ ਬਰਾਤ ਲੈ ਕੇ ਬਟਾਲਾ ਪਹੁੰਚੇ ਤਾਂ ਉਨ੍ਹਾਂ ਨੂੰ ਇਕ ਕੰਧ ਦੇ ਨੇੜੇ ਬਿਠਾਇਆ ਗਿਆ ਜੋ ਖਸਤਾ ਹਾਲਤ ਵਿਚ ਸੀ। ਬਰਸਾਤ ਦੇ ਮੌਸਮ ਨਾਲ ਕੰਧ ਦੀ ਅਜਿਹੀ ਹਾਲਤ ਸੀ ਕਿ ਉਹ ਕਿਸੇ ਸਮੇਂ ਵੀ ਡਿੱਗ ਸਕਦੀ ਸੀ। ਸਥਾਨਕ ਮਾਨਤਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਇਸ ਕੰਧ ਨੂੰ ਸੁੱਟਣ ਦੀ ਵਿਉਂਤ ਬਣਾਈ ਗਈ ਸੀ। ਕਿਹਾ ਜਾਂਦਾ ਹੈ ਕਿ ਇਸ ਬਾਰੇ ਇਕ ਬਜ਼ੁਰਗ ਔਰਤ ਨੇ ਗੁਰੂ ਜੀ ਨੂੰ ਅਗਾਹ ਕਰਦਿਆਂ ਪਹਿਲਾਂ ਹੀ ਦੱਸ ਦਿੱਤਾ ਸੀ ਪਰ ਗੁਰੂ ਨਾਨਕ ਦੇਵ ਜੀ ਉਸ ਕੰਧ ਦੇ ਹੇਠਾਂ ਹੀ ਬੈਠੇ ਰਹੇ ਅਤੇ ਉਨ੍ਹਾਂ ਨੇ ਬਜ਼ੁਰਗ ਔਰਤ ਨੂੰ ਕਿਹਾ ਕਿ 'ਇਹ ਕੰਧ ਸਦੀਆਂ ਤੱਕ ਨਹੀਂ ਡਿੱਗਦੀ'। ਗੁਰੂ ਜੀ ਦੇ ਵਿਆਹ ਦੀ ਯਾਦਗਾਰ ਵੱਜੋਂ ਕੱਚੀ ਕੰਧ ਨੂੰ ਗੁਰਦੁਆਰਾ ਸਾਹਿਬ ਅੰਦਰ ਸ਼ੀਸ਼ੇ ਵਿਚ ਮੜ੍ਹਾ ਦਿੱਤਾ ਗਿਆ ਹੈ। ਪੁਰਾਣੇ ਸਮੇਂ ਵਿਚ ਲੋਕ ਗੁਰੂ ਜੀ ਦੀ ਯਾਦ ਨਾਲ ਜੁੜੀ ਇਸ ਕੰਧ ਤੋਂ ਮਿੱਟੀ ਉਤਾਰ ਕੇ ਆਪਣੇ ਘਰਾਂ ਨੂੰ ਲੈ ਜਾਂਦੇ ਸਨ ਜਿਸ ਕਾਰਨ ਕੰਧ ਦਾ ਅਕਾਰ ਛੋਟਾ ਹੋ ਗਿਆ ਸੀ। ਇਸ ਤੋਂ ਬਾਅਦ ਇਸ ਕੰਧ ਨੂੰ ਗੁਰਦੁਆਰਾ ਸਾਹਿਬ ਅੰਦਰ ਸ਼ੀਸ਼ੇ ਵਿਚ ਮੜ੍ਹਾ ਦਿੱਤਾ ਗਿਆ। ਮਹਾਨ ਕੋਸ਼ ਵਿਚ ਵੀ ਭਾਈ ਕਾਹਨ ਸਿੰਘ ਨਾਭਾ ਨੇ ਇਸ ਵਿਆਹ ਦਾ ਜ਼ਿਕਰ ਕੀਤਾ ਹੈ ਜੋ ਸਿੱਖ ਇਤਿਹਾਸ ਵਿਚ ਬਹੁਤ ਮਹੱਤਤਾ ਰੱਖਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਬਟਾਲਾ ਦੇ ਰਹਿਣ ਵਾਲੇ ਬਾਬਾ ਮੂਲ ਚੰਦ ਖੱਤਰੀ ਅਤੇ ਮਾਤਾ ਚੰਦੋ ਰਾਣੀ ਦੀ ਸਪੁੱਤਰੀ ਮਾਤਾ ਸੁਲੱਖਣੀ ਜੀ ਨਾਲ ਹੋਇਆ ਸੀ। ਇਤਿਹਾਸਕਾਰਾਂ ਅਨੁਸਾਰ ੮ ਜੁਲਾਈ 1487 ਨੂੰ ਗੁਰੂ ਨਾਨਕ ਦੇਵ ਜੀ ਨੇ 18 ਸਾਲ ਦੀ ਉਮਰ ਵਿਚ ਮਾਤਾ ਸੁਲੱਖਣੀ ਨਾਲ ਵਿਆਹ ਕੀਤਾ ਸੀ ਜਿਸ ਦੌਰਾਨ ਸੱਤ ਫੇਰਿਆਂ ਦੀ ਰਸਮ ਨੂੰ ਤੋੜਦਿਆਂ ਹੋਇਆ ਗੁਰੂ ਨਾਨਕ ਦੇਵ ਜੀ ਨੇ ਚਾਰ ਫੇਰੇ ਲੈ ਕੇ ਵਿਆਹ ਦੀ ਰਸਮ ਨੂੰ ਪੂਰਾ ਕੀਤਾ ਸੀ। ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਘਰ ਬਾਬਾ ਸ੍ਰੀ ਚੰਦ ਅਤੇ ਲੱਖਮੀ ਦਾਸ ਨਾਮ ਦੇ ਦੋ ਪੁੱਤਰਾਂ ਨੇ ਜਨਮ ਲਿਆ। ਮਾਤਾ ਸੁਲੱਖਣੀ ਜੀ ਦੇ ਪਿਤਾ ਬਾਬਾ ਮੂਲ ਚੰਦ ਖੱਤਰੀ ਆਪਣੇ ਪਿੰਡ ਦੇ ਪਟਵਾਰੀ ਸਨ ਜੋ ਕਰ ਇਕੱਠਾ ਕਰਨ ਦਾ ਕੰਮ ਕਰਦੇ ਸਨ। ਪ੍ਰੋਫੈਸਰ ਸਾਹਿਬ ਸਿੰਘ ਦੇ ਲਿਖੇ ਅਨੁਸਾਰ ਖਾਨਪੁਰ ਦੇ ਰਹਿਣ ਵਾਲੇ ਭਾਈ ਜੈ ਰਾਮ ਨਵਾਬ ਦੌਲਤ ਖਾਨ ਕੋਲ ਕੰਮ ਕਰਦੇ ਸਨ। ਆਪਣੇ ਕੰਮ ਨੂੰ ਲੈ ਕੇ ਉਹ ਪੱਖੋਕੇ ਪਿੰਡ ਆਉਂਦੇ ਰਹਿੰਦੇ ਸਨ ਜਿਥੇ ਦੇ ਬਾਬਾ ਮੂਲ ਚੰਦ ਖਤਰੀ ਪਟਵਾਰੀ ਸਨ। ਇਸ ਦੌਰਾਨ ਉਨ੍ਹਾਂ ਨੇ ਗੁਰੂ ਨਾਨਕ ਦੇਵ ਦੀ ਦੇ ਰਿਸ਼ਤੇ ਦੀ ਗੱਲ ਬਾਬਾ ਮੂਲ ਚੰਦ ਨਾਲ ਕੀਤੀ ਸੀ। ਬਾਬਾ ਮੂਲ ਚੰਦ ਨੇ ਇਸ ਰਿਸ਼ਤੇ ਨੂੰ ਸਵੀਕਾਰ ਕਰ ਲਿਆ ਅਤੇ ਦੇਸੀ ਸਾਲ ਅਨੁਸਾਰ 5 ਵਿਸਾਖ 1542 ਨੂੰ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੀ ਮੰਗਣੀ ਕੀਤੀ ਗਈ। ਇਸ ਤੋਂ ਕਰੀਬ ਦੋ ਸਾਲ ਬਾਅਦ 28 ਹਾੜ੍ਹ 1544 (1487 ਈ.) ਨੂੰ ਗੁਰੂ ਸਹਿਬਾਨ ਦਾ ਵਿਆਹ ਹੋਇਆ। ਇਸ ਵਿਆਹ ਸਬੰਧੀ ਇਤਿਹਾਸਕਾਰਾਂ ਨੇ ਆਪਣੇ ਵੱਖ-ਵੱਖ ਪਹਿਲੂ ਪੇਸ਼ ਕੀਤੇ ਹਨ। ਕੁਝ ਇਤਿਹਾਸਕਾਰਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਆਹ ਦੌਰਾਨ ਬ੍ਰਾਹਮਣ ਸਮਾਜ ਵਲੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਨੇ ਕੁੰਡਲੀ ਮਿਲਾਉਣ ਅਤੇ ਨਿਸ਼ਚਿਤ ਸਮੇਂ 'ਤੇ ਵਿਆਹ ਕਰਨ ਜਿਹੇ ਭਰਮ ਨੂੰ ਵੀ ਦੂਰ ਕੀਤਾ। ਇਤਿਹਾਸਕਾਰਾਂ ਅਨੁਸਾਰ ਬਰਾਤ ਲੈ ਕੇ ਪਹੁੰਚੇ ਗੁਰੂ ਨਾਨਕ ਦੇਵ ਜੀ ਨੂੰ ਕੱਚੀ ਕੰਧ ਦੇ ਨਾਲ ਬਿਠਾ ਦਿੱਤਾ ਗਿਆ। ਕੰਧ ਦੀ ਹਾਲਤ ਬਹੁਤ ਹੀ ਖਸਤਾ ਸੀ ਅਤੇ ਬਰਸਾਤੀ ਮੌਸਮ ਕਰਕੇ ਉਹ ਡਿੱਗਣ ਦੇ ਕਿਨਾਰੇ 'ਤੇ ਸੀ। ਅਜਿਹਾ ਦੇਖਦੇ ਹੋਏ ਗੁਰੂ ਜੀ ਦੇ ਸਹੁਰੇ ਪਰਿਵਾਰ ਦੀ ਇਕ ਬਜ਼ੁਰਗ ਔਰਤ ਨੇ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਇਹ ਕੰਧ ਕੱਚੀ ਹੈ ਅਤੇ ਕਿਸੇ ਸਮੇਂ ਵੀ ਡਿੱਗ ਸਕਦੀ ਹੈ। ਔਰਤ ਨੇ ਗੁਰੂ ਨਾਨਕ ਜੀ ਨੂੰ ਕਿਹਾ ਕਿ ਉਨ੍ਹਾਂ ਦੇ ਸਹੁਰੇ ਪਰਿਵਾਰ ਦੀਆਂ ਕੁੜੀਆਂ ਮਜ਼ਾਕ ਕਰਨ ਲਈ ਕੰਧ ਉਨ੍ਹਾਂ ਉਪਰ ਨਾ ਸੁੱਟ ਦੇਣ। ਕੁਝ ਇਸ ਘਟਨਾ ਨੂੰ ਗੁਰੂ ਨਾਨਕ ਸਾਹਿਬ ਦੀ ਹੱਤਿਆ ਕਰਨ ਦੀ ਕੋਸ਼ਿਸ਼ ਨਾਲ ਜੋੜ ਕੇ ਵੀ ਦੇਖਦੇ ਹਨ ਹਰ ਸਾਲ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨੂੰ ਬਟਾਲਾ ਵਿਚ ਮਨਾਇਆ ਜਾਂਦਾ ਹੈ ਅਤੇ ਸਥਾਨਕ ਲੋਕ ਇਸ ਨੂੰ ਬਾਬੇ ਦਾ ਵਿਆਹ ਕਹਿੰਦੇ ਹਨ।

# ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਪੁਰਾਤਨ ਦਰਸ਼ਨੀ ਡਿਓੜੀ ਢਾਹੁਣ ਦਾ ਸਿੱਖ ਸੰਗਤ ਵੱਲੋਂ ਵਿਰੋਧ

**ਤਰਨ ਤਾਰਨ/ਬਿਊਰੋ ਨਿਊਜ਼ :**

ਸਿੱਖ ਧਰਮ ਦੇ ਪੰਜਵੇਂ ਗੁਰੂ ਨਾਲ ਸਬੰਧਤ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ 200 ਸਾਲ ਤੋਂ ਵੱਧ ਪੁਰਾਤਨ ਅਤੇ ਵਿਰਾਸਤੀ ਦਰਸ਼ਨੀ ਡਿਓੜੀ ਨੂੰ ਢਾਹ ਕੇ ਉਸ ਥਾਂ ਨਵੀਂ ਇਮਾਰਤ ਬਣਾਉਣ ਦਾ ਸਿੱਖ ਸੰਗਤ ਵਲੋਂ ਇਸ ਦਾ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ ਦੀ ਇਸ ਪੁਰਾਤਨ ਡਿਓੜੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨੇ ਬਣਵਾਇਆ ਸੀ। ਸ਼੍ਰੋਮਣੀ ਕਮੇਟੀ ਵਲੋਂ ਇਸ ਅਸਥਾਨ ਦੀ ਕਾਰ ਸੇਵਾ ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਨੂੰ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਥੇ. ਗੁਰਬਚਨ ਸਿੰਘ ਕਰਮੂਵਾਲਾ, ਸ਼੍ਰੋਮਣੀ ਕਮੇਟੀ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ ਤੇ ਬਾਬਾ ਜਗਤਾਰ ਸਿੰਘ ਦੀ ਹਾਜ਼ਰੀ ਵਿਚ ਅਰਦਾਸ ਕਰਕੇ ਜਦ ਦਰਸ਼ਨੀ ਡਿਓੜੀ ਨੂੰ ਢਾਹੁਣ ਲਈ ਟੱਕ ਲਗਾਏ ਗਏ ਤਾਂ ਉੱਥੇ ਹਾਜ਼ਰ ਸਿੱਖ ਸੰਗਤ ਵਲੋਂ ਇਸ ਦਾ ਭਾਰੀ ਵਿਰੋਧ ਕੀਤਾ ਗਿਆ।ਸੰਗਤ ਦਾ ਕਹਿਣਾ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਪੁਰਾਤਨ ਦਰਸ਼ਨੀ ਡਿਓੜੀ ਨੂੰ ਬਿਨ੍ਹਾਂ ਵਜ੍ਹਾ ਢਾਹਿਆ ਜਾ ਰਿਹਾ ਹੈ। ਇਸ ਮੌਕੇ ਹਾਜ਼ਰ ਸੰਗਤ ਵਲੋਂ ਪਵਨਜੀਤ ਸਿੰਘ ਖ਼ਾਲਸਾ, ਹਰਪ੍ਰੀਤ ਸਿੰਘ ਖ਼ਾਲਸਾ, ਦਵਿੰਦਰ ਸਿੰਘ ਸ਼ੇਮਾ, ਬੀਬੀ ਰਣਜੀਤ ਕੌਰ ਸ੍ਰੀ ਕਲਗੀਧਰ ਸੇਵਕ ਜਥਾ ਅੰਮ੍ਰਿਤਸਰ, ਅਵਤਾਰ ਸਿੰਘ, ਰੁਪਿੰਦਰ ਸਿੰਘ, ਬਲਜੀਤ ਸਿੰਘ ਰੰਧਾਵਾ, ਸਿਮਰਨਜੀਤ ਸਿੰਘ ਬਹਿਲਾ, ਸਕੱਤਰ ਸਿੰਘ, ਵਰਿੰਦਰ ਸਿੰਘ, ਸੁਰਿੰਦਰ ਸਿੰਘ ਜੱਜ, ਗੁਰਪ੍ਰੀਤ ਸਿੰਘ, ਬਲਰਾਜ ਸਿੰਘ ਰੰਧਾਵਾ, ਅਮਨਦੀਪ ਸਿੰਘ ਆਦਿ ਤੋਂ ਇਲਾਵਾ ਹੋਰ ਸੰਗਤ ਨੇ ਕਾਰ ਸੇਵਾ ਵਾਲੇ ਬਾਬੇ ਤੇ ਸ਼੍ਰੋਮਣੀ ਕਮੇਟੀ ਦੇ ਇਸ ਕਾਰਜ ਦੀ ਵਿਰੋਧਤਾ ਕੀਤੀ ਤੇ ਕਿਹਾ ਕਿ ਉਹ ਕਿਸੇ ਕੀਮਤ 'ਤੇ ਵੀ ਇਸ ਪੁਰਾਤਨ ਇਤਿਹਾਸਕ ਇਮਾਰਤ ਨੂੰ ਤੋੜਨ ਨਹੀਂ ਦੇਣਗੇ।

ਹਾਜ਼ਰ ਸੰਗਤ ਨੇ ਕਿਹਾ ਕਿ ਦਰਸ਼ਨੀ ਡਿਓੜੀ ਦੀ ਹਾਲਤ ਬਹੁਤ ਵਧੀਆ ਹੈ ਤੇ ਜੇਕਰ ਕੁਝ ਕਮੀਆਂ ਪੇਸ਼ੀਆਂ ਹਨ ਤਾਂ ਇਸ ਨੂੰ ਮਾਹਿਰ ਕਾਰੀਗਰਾਂ ਨੂੰ ਬੁਲਾ ਕੇ ਠੀਕ ਕਰਨ ਤੋਂ ਬਾਅਦ ਵਧੀਆ ਤਰੀਕੇ ਨਾਲ ਸੰਭਾਲਿਆ ਜਾ ਸਕਦਾ ਹੈ ਪਰ ਇਸ ਪੁਰਾਤਨ ਇਮਾਰਤ ਨੂੰ ਤੋੜਨ ਨਹੀਂ ਦਿੱਤਾ ਜਾਵੇਗਾ।

ਸੰਗਤ ਦੇ ਰੋਹ ਨੂੰ ਦੇਖਦਿਆਂ ਹੋਇਆਂ ਮੌਕੇ 'ਤੇ ਪੁਰਾਤਨ ਦਰਸ਼ਨੀ ਡਿਓੜੀ ਨੂੰ ਢਾਹੁਣ ਦਾ ਕੰਮ ਰੋਕ ਦਿੱਤਾ ਗਿਆ ਤੇ ਇਹ ਸਾਰਾ ਮਾਮਲਾ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਸਕੱਤਰ ਰੂਪ ਸਿੰਘ ਦੇ ਧਿਆਨ ਵਿਚ ਲਿਆਉਣ 'ਤੇ ਦਰਸ਼ਨੀ ਡਿਓੜੀ ਨੂੰ ਢਾਹੁਣ 'ਤੇ ਰੋਕ ਲਗਾ ਦਿੱਤੀ ਗਈ।

ਜਾਣਕਾਰੀ ਅਨੁਸਾਰ ਪਹਿਲਾਂ ਵੀ ਇਤਿਹਾਸਕ ਗੁਰਘਰਾਂ ਵਿਚ ਪੁਰਾਤਨ ਮੀਨਾਕਾਰੀ ਤੇ ਹੋਰਨਾਂ ਥਾਵਾਂ ਨੂੰ ਢਾਹ ਕੇ ਨਵੇਂ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਾਰ ਸੇਵਾ ਵਾਲੇ ਬਾਬਿਆਂ ਨੂੰ ਸੇਵਾ ਦਿੱਤੀ ਗਈ ਹੈ, ਜਿੱਥੇ ਸੇਵਾ ਦੌਰਾਨ ਕਾਰ ਸੇਵਾ ਵਾਲੇ ਬਾਬਿਆਂ ਵਲੋਂ ਗੁਰਦੁਆਰਾ ਸਾਹਿਬ ਅੰਦਰ ਆਪਣੀਆਂ ਗੋਲਕਾਂ ਲਗਾ ਕੇ ਸੇਵਾ ਲਈ ਜਾ ਰਹੀ ਹੈ।ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੀ 200 ਸਾਲ ਤੋਂ ਵੱਧ ਪੁਰਾਤਨ ਇਸ ਦਰਸ਼ਨੀ ਡਿਓੜੀ ਦੀ ਮੌਜੂਦਾ ਹਾਲਤ ਏਨੀ ਮਾੜੀ ਵੀ ਨਹੀਂ ਹੈ ਕਿ ਇਸ ਨੂੰ ਢਾਹ ਕੇ ਨਵੀਂ ਬਣਾਉਣ ਦੀ ਨੌਬਤ ਆ ਸਕੇ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸਕੱਤਰ ਜਥੇ. ਮਨਜੀਤ ਸਿੰਘ ਤਰਨ ਤਾਰਨੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੀ ਮੁੱਖ ਦਰਸ਼ਨੀ ਡਿਓੜੀ 200 ਸਾਲ ਤੋਂ ਵੱਧ ਪੁਰਾਣੀ ਹੈ। ਸਿੱਖ ਵਿਰਾਸਤੀ ਨੂੰ ਖ਼ਤਮ ਕਰਨਾ ਸਿੱਖੀ ਦੀ ਸੇਵਾ ਨਹੀਂ ਹੈ। ਇਤਿਹਾਸ ਇਹ ਗਵਾਹੀ ਭਰਦਾ ਹੈ ਕਿ ਦਰਸ਼ਨੀ ਡਿਓੜੀ ਦੀ ਇਹ ਇਮਾਰਤ ਇਕ ਨਾਇਬ ਤਹਿਸੀਲਦਾਰ ਮੁਸਲਮਾਨ ਵਲੋਂ ਸ਼ਰਧਾ ਤੇ ਸਤਿਕਾਰ ਨਾਲ ਬਣਵਾਈ ਗਈ ਸੀ। ਅਜਿਹੀਆਂ ਵਿਰਾਸਤਾਂ ਸ਼੍ਰੋਮਣੀ ਕਮੇਟੀ ਨੂੰ ਸਾਂਭ ਕੇ ਰੱਖਣੀਆਂ ਚਾਹੀਦੀਆਂ ਹਨ।

# ਗੁਰੂ ਗ੍ਰੰਥ ਸਾਹਿਬ ਵਿਭਾਗ 'ਚ ਐਮ.ਫਿਲ ਕਰਨ ਵਾਲਿਆਂ ਨੂੰ 'ਸਰਬੱਤ ਦਾ ਭਲਾ' ਟਰੱਸਟ ਵੱਲੋਂ

**ਪਟਿਆਲਾ/ਬਿਊਰੋ ਨਿਊਜ਼ :**

ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿੱਚ ਗੁਰੂ ਗ੍ਰੰਥ ਸਾਹਿਬ ਬਾਰੇ ਐਮ.ਫਿਲ. ਕਰਨ ਵਾਲੇ ਵਿਦਿਆਰਥੀਆਂ ਦੀ ਸਾਰੀ ਫੀਸ 'ਸਰਬੱਤ ਦਾ ਭਲਾ' ਟਰੱਸਟ ਭਰੇਗਾ। ਇਹ ਐਲਾਨ ਟਰੱਸਟ ਦੇ ਐਮ.ਡੀ. ਡਾ. ਐੱਸ.ਪੀ.ਐੱਸ. ਓਬਰਾਏ ਨੇ ਵਿਭਾਗ ਮੁਖੀ ਡਾ. ਸਰਬਜਿੰਦਰ ਸਿੰਘ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਵਿੱਚ ਕੀਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਕੋਈ ਵੀ ਵਿਦਿਆਰਥੀ ਫੀਸ ਕਰਕੇ ਪੜ੍ਹਨੋਂ ਵਾਂਝਾ ਨਾ ਰਹੇ।

ਉਨ੍ਹਾਂ ਕਿਹਾ ਕਿ ਉਹ ਇਸ ਵਿਭਾਗ ਵਿੱਚ ਉਹ ਆਪਣੇ ਪਿਤਾ ਮਰਹੂਮ ਪ੍ਰੀਤਮ ਸਿੰਘ ਦੇ ਨਾਂ 'ਤੇ ਦਸ ਫੈਲੋਸ਼ਿਪਸ ਦੇਣਗੇ। ਇਹ ਫੈਲੋਸ਼ਿਪ ਸਿਰਫ਼ ਐਮ.ਫਿਲ. ਵਾਲਿਆਂ ਲਈ ਹੋਵੇਗੀ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਇੱਥੋਂ ਪੜ੍ਹਾਈ ਪੂਰੀ ਕਰਨਗੇ, ਉਨ੍ਹਾਂ ਨੂੰ ਪੰਜ-ਪੰਜ ਪਿੰਡਾਂ ਦਾ ਯੂਨਿਟ ਬਣਾ ਕੇ ਉੱਥੋਂ ਦਾ ਇੰਚਾਰਜ ਲਾ ਦਿੱਤਾ ਜਾਵੇਗਾ ਤਾਂ ਜੋ ਪਿੰਡਾਂ ਵਿੱਚ ਉਹ ਲੋਕਾਂ ਨੂੰ ਆਪਣੇ ਵਿਰਸੇ ਨਾਲ ਜੋੜਨ। ਸਾਰੇ ਚੁਣੇ ਉਮੀਦਵਾਰ ਸਰਬੱਤ ਦਾ ਭਲਾ ਟਰੱਸਟ ਦੇ ਅਧਿਕਾਰੀ ਹੋਣਗੇ ਤੇ ਉਨ੍ਹਾਂ ਨੂੰ ਵਧੀਆ ਤਨਖ਼ਾਹ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਵਿਭਾਗ ਦੇ ਇਕ ਵਿਦਿਆਰਥੀ ਨੂੰ ਵੱਖਰਾ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਵੀ ਲਾਇਆ। ਇਸ 'ਤੇ ਵਿਭਾਗ ਮੁਖੀ ਡਾ. ਸਰਬਜਿੰਦਰ ਸਿੰਘ ਤੇ ਰਜਿਸਟਰਾਰ ਡਾ. ਮਨਜੀਤ ਸਿੰਘ ਨਿੱਜਰ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

# ਮਕਸੂਦਾਂ ਪੁਲਿਸ ਥਾਣੇ 'ਚ ਹੋਏ ਬੰਬ ਧਮਾਕਿਆਂ ਦੀ ਗੁੱਥੀ ਉਲਝੀ

### *ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ ਨੇ ਲਈ ਜ਼ਿੰਮੇਵਾਰੀ*

**ਚੰਡੀਗੜ੍ਹ/ਬਿਊਰੋ ਨਿਊਜ਼ :**

ਲੰਘੀ 14 ਸਤੰਬਰ ਦੀ ਦੇਰ ਸ਼ਾਮ ਜਲੰਧਰ ਦੇ ਮਕਸੂਦਾਂ ਪੁਲਿਸ ਥਾਣੇ ਵਿਚ ਇਕ ਤੋਂ ਬਾਅਦ ਇਕ ਚਾਰ ਬੰਬ ਧਮਾਕੇ ਹੋਏ ਸਨ ਜਿਸ ਤੋਂ ਬਾਅਦ ਪੁਲਿਸ ਇਸ ਗੁੱਥੀ ਨੂੰ ਸੁਲਝਾਉਣ ਵਿਚ ਲੱਗੀ ਹੋਈ ਹੈ। ਧਮਾਕਿਆਂ ਤੋਂ ਬਾਅਦ ਇਕ ਈ-ਮੇਲ ਰਾਹੀ ਕੁਝ ਪੱਤਰਕਾਰਾਂ ਨੂੰ 'ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ' ਦੇ ਨਾਮ ਤੋਂ ਜਾਰੀ ਕੀਤਾ ਗਿਆ ਇਕ ਪੱਤਰ ਭੇਜ ਕੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਗਈ ਸੀ। ਇਸ ਪੱਤਰ ਉਤੇ ਦਿਲਬਾਗ ਸਿੰਘ ਨਾਮ ਦੇ ਦਸਤਖ਼ਤ ਹਨ। ਪੱਤਰ ਵਿਚ ਲਿਖਿਆ ਗਿਆ ਹੈ ਕਿ ਜਲੰਧਰ ਦੇ ਮਕਸੂਦਾਂ ਥਾਣੇ, ਐਸਐਸਪੀ ਦਫਤਰ ਨਵਾਂ ਸ਼ਹਿਰ ਅਤੇ ਚੰਡੀਗੜ੍ਹ ਦੇ ਦੜੂਆ ਪੁਲਿਸ ਥਾਣੇ 'ਤੇ ਹੋਏ ਹਮਲਿਆਂ ਦੀ ਜ਼ਿੰਮੇਵਾਰੀ ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ ਲੈਂਦੀ ਹੈ। ਪੱਤਰ 'ਚ ਇਹ ਵੀ ਲਿਖਿਆ ਗਿਆ ਕਿ ਪੁਲਿਸ ਨੇ ਨਮੋਸ਼ੀ ਦੇ ਡਰ ਤੋਂ ਨਵਾਂ ਸ਼ਹਿਰ ਅਤੇ ਚੰਡੀਗੜ੍ਹ ਵਿਚ ਹੋਏ ਹਮਲਿਆਂ ਦੀ ਗੱਲ ਨੂੰ ਲੁਕਾ ਲਿਆ ਹੈ,ਹਾਲਾਂਕਿ ਦੋਵੇਂ ਥਾਵਾਂ ਦੀ ਪੁਲਿਸ ਨੇ ਇਸ ਨੂੰ ਇਕ ਅਫਵਾਹ ਦੱਸਿਆ ਹੈ। ਪੱਤਰ ਵਿਚ ਅੱਗੇ ਲਿਖਿਆ ਗਿਆ ਕਿ ਸਿੱਖਾਂ 'ਤੇ ਜ਼ੁਲਮ ਕਰਨ ਵਾਲਿਆਂ ਨੂੰ ਸੁਖ ਦੀ ਨੀਂਦ ਨਹੀ ਸੌਣ ਦਿੱਤਾ ਜਾਵੇਗਾ ਅਤੇ ਕਿਸੇ ਵਿਅਕਤੀ ਨੂੰ ਪਹਿਲਾਂ ਕੋਈ ਚੇਤਾਵਨੀ ਜਾਂ ਸੰਭਲਣ ਦਾ ਮੌਕਾ ਨਹੀ ਦਿੱਤਾ ਜਾਵੇਗਾ। ਲਿਖਿਆ ਗਿਆ ਕਿ ਜੇਕਰ ਪੁਲਿਸ ਵਾਲਿਆਂ ਨੂੰ ਆਪਣੀ ਜਾਨ ਪਿਆਰੀ ਹੈ ਤਾਂ ਉਹ ਇਮਾਨਦਾਰੀ ਨਾਲ ਕੰਮ ਕਰਨ ਅਤੇ ਸਿੱਖਾਂ ਉਤੇ ਜ਼ੁਲਮ ਕਰਨਾ ਛੱਡ ਦੇਣ। ਮਕਸੂਦਾਂ ਪੁਲਿਸ ਥਾਣੇ 'ਚ ਹੋਏ ਬੰਬ ਧਮਾਕਿਆਂ ਨਾਲ ਇਕ ਪੁਲਿਸ ਜਵਾਨ ਜ਼ਖ਼ਮੀ ਹੋਇਆ ਸੀ। ਧਮਾਕਿਆਂ ਕਾਰਨ ਥਾਣੇ ਵਿਚ ਮਿੱਟੀ ਦੇ ਗੁਬਾਰ ਛਾ ਗਏ ਅਤੇ ਅੰਦਰ ਲੱਗੇ ਸ਼ੀਸ਼ੇ ਵੀ ਟੁੱਟ ਗਏ ਸਨ। ਇਨ੍ਹਾਂ ਧਮਾਕਿਆਂ ਦੀ

ਬਾਕੀ ਸਫ਼ਾ 32 'ਤੇ

# ਸੋਸ਼ਲ ਮੀਡੀਆ ਸੱਥ 'ਚੋਂ...




## ਸੋਟੀਆਂ ਸੁਖਬੀਰ ਨੇ ਭੰਨੀਆਂ ਕਿ ਬਾਦਲ ਨੇ ?

ਕਹਿੰਦੇ ਇਕ ਰਾਜੇ ਦੇ ਮਹਿਲਾਂ ਵਿਚ ਕਿਸੇ ਨੇ ਕੋਈ ਬੱਜਰ ਗੁਨਾਹ ਕਰ ਦਿੱਤਾ.... ਰਾਜੇ ਨੇ ਬੜੀ ਪੁੱਛ-ਪੜਤਾਲ ਕੀਤੀ,ਪਰ ਗੁਨਾਹਗਾਰ ਨਾ ਲੱਭ ਸਕਿਆ...। ਉਸ ਨੂੰ ਇਕ ਤਰਕੀਬ ਸੁੱਝੀ..ਇੱਕ ਇੱਕ ਫੁੱਟ ਦੀਆਂ ਸੋਟੀਆਂ ਸਾਰੇ ਅਹਿਲਕਾਰਾਂ ਨੂੰ



ਵੰਡ ਕੇ ਰਾਜਾ ਕਹਿੰਦਾ ਕਿ ਆਪੋ ਆਪਣੇ ਘਰੇ ਚਲੇ ਜਾਉ ਤੇ ਸਵੇਰੇ ਇਨਾਂ ਸੋਟੀਆਂ ਸਮੇਤ ਦਰਬਾਰ ਵਿਚ ਹਾਜ਼ਰ ਹੋਇਉ....।

ਅਜੀਬ ਜਿਹੀਆਂ ਸੋਟੀਆਂ ਵੱਲ ਦੇਖ ਕੇ ਹੈਰਾਨ ਹੋ ਰਹੇ ਦਰਬਾਰੀਆਂ ਨੂੰ ਰਾਜੇ ਨੇ 'ਭੇਤ ਵਾਲ਼ੀ' ਗੱਲ ਵੀ ਦੱਸ ਦਿੱਤੀ... ਅਖੇ ਤੁਹਾਡੇ 'ਚੋਂ ਜਿਹੜਾ ਵੀ ਦੋਸ਼ੀ ਹੋਇਆ, ਸਵੇਰੇ ਉਹਦੀ ਸੋਟੀ ਚਾਰ ਇੰਚ ਵਧੀ ਹੋਈ ਹੋਵੇਗੀ।

ਜਿਸ ਨੇ ਗੁਨਾਹ ਕੀਤਾ ਹੋਇਆ ਸੀ ਉਸ ਨੇ ਘਰੇ ਜਾ ਕੇ ਆਪਣੀ ਸੋਟੀ ਚਾਰ ਇੰਚ ਪਹਿਲੋਂ ਹੀ ਭੰਨ ਲਈ ਕਿ ਸਵੇਰੇ ਇਹ ਵਧ ਹੀ ਜਾਣੀ ਐਂ.....। ਇਉਂ ਦੂਜੇ ਦਿਨ ਰਾਜ ਦਰਬਾਰ 'ਚ ਭੰਨੀ ਹੋਈ ਸੋਟੀ ਨੇ ਗੁਨਾਹਗਾਰ ਨੰਗਾ ਕਰ ਦਿੱਤਾ।

ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਜਿਹੜੀ 'ਸੋਟੀ' ਦਿਖਾਈ ਹੈ, ਉਹ ਇਕ ਵਾਰ ਨਹੀਂ ਸਗੋਂ ਕਈ ਵਾਰ ਭੰਨੀ ਹੋਈ ਹੈ... ਕਿਉਂਕਿ ਭੰਨਣ ਵਾਲ਼ਿਆਂ ਨੂੰ ਧਨ-ਦੌਲਤ ਦੇ ਅੰਬਾਰਾਂ ਦਾ ਅਤੇ ਪੰਥ ਦੇ ਨਾਂ 'ਤੇ ਨਾਟਕ ਕਰਨ ਦਾ ਬਹੁਤ ਮਾਣ ਸੀ।

**ਤਿਰਲੋਚਨ ਸਿੰਘ ਦੁਪਾਲਪੁਰ**

## ਜਦੋਂ ਖਾਲਸਾ ਪੰਥ ਦੀ ਅਦਾਲਤ ਫੈਸਲਾ ਸੁਣਾਏਗੀ...

ਸਿੱਖ ਰਾਜਨੀਤੀ ਦਾ ਧੁਰਾ (centre) ਗੁਰਬਾਣੀ ਅਤੇ ਗੁਰਬਾਣੀ ਤੋਂ ਉਪਜਿਆ ਇਤਿਹਾਸ ਰਿਹਾ। ਦੁਨਿਆਵੀ ਸਿਆਣਪ ਨਾਲ ਸਿੱਖ ਰਾਜਨੀਤੀ ਨੂੰ ਚਲਾਉਣ ਵਾਲੇ ਕਦੇ-ਕਦੇ ਵਕਤੀ ਦੁਨਿਆਵੀ ਸ਼ਾਨੋ ਸ਼ੌਕਤ ਨਾਲ ਤਾਂ ਮਾਲਾ ਮਾਲ ਹੋ ਸਕਦੇ ਨੇ, ਪਰ ਖਾਲਸਾਈ ਮੁਹੱਬਤ ਤੋਂ ਹਮੇਸ਼ਾ ਵਾਂਝੇ ਰਹਿਣਗੇ। ਹਾਂ ਉਹਨਾਂ ਦੇ ਸਿੱਖ ਪਰੰਪਰਾ ਤੋਂ ਵਾਂਝੇ ਲਏ ਫੈਸਲੇ ਸਿੱਖ ਸੰਸਥਾਵਾਂ ਲਈ ਹਮੇਸ਼ਾ ਈ ਘਾਤਕ ਸਾਬਤ ਹੋਏ ਹਨ। ਸਿੱਖੀ ਸਿਰਾਂ ਉਤੇ ਟਿਕੀ



ਹੋਈ ਨਹੀਂ ਸਗੋਂ ਸੀਸ ਉਤੇ ਟਿਕੀ ਹੋਈ ਐ। ਇਹ ਸਿਰਾਂ ਦੀ ਗਿਣਤੀ ਦਿਖਾ ਕੇ ਡਰਾਉਣ ਆਲੇ ਕਦੇ ਵੀ ਖਾਲਸੇ ਦੀ ਆਤਮਾ ਦੇ ਨੇੜੇ ਨੀਂ ਹੋ ਸਕਦੇ। ਬਾਕੀ ਕਦੇ ਨ ਕਦੇ ਖਾਲਸਾ ਪੰਥ ਦੀ ਅਦਾਲਤ ਆਵਦੇ ਫੈਸਲੇ ਇਹਨਾਂ ਨੂੰ ਸੁਣਾਏਗੀ, ਓਸ ਦਿਨ ਇਹਨਾਂ ਨੂੰ ਕਿਸੇ ਦੁਨੀਆਦਾਰੀ ਤਾਕਤ ਨੇ ਬਚਾਉਣ ਨਹੀਂ ਆਉਣਾ...।

**ਰਾਜਪਾਲ ਸਿੰਘ ਸੰਧੂ**

## ਅੱਜ ਦਾ ਕੇਰਲਾ, ਕੱਲ ਦਾ ਪੰਜਾਬ !

ਹਿੰਦੂ ਕੱਟੜਵਾਦ ਦਾ ਜੋ ਡਰਾਉਣਾ ਰੂਪ ਸਾਡੇ ਸਾਹਮਣੇ ਅੱਜ ਹੈ ਸ਼ਾਇਦ ਇਹ ਪਹਿਲਾ ਕਦੇ ਵੀ ਨਹੀਂ ਸੀ। ਰਾਸ਼ਟਰੀ ਸਵੈਮ ਸੇਵਕ ਸੰਘ ਦਾ ਘੋਲਿਆ ਜ਼ਹਿਰ ਹੁਣ ਫੁਸਬੁੱਕ ਦੀ ਹਰ ਪੋਸਟ 'ਤੇ ਮਿਲ ਜਾਂਦਾ। ਨਵਜੋਤ ਸਿੰਘ ਸਿੱਧੂ ਦੀ ਪਾਕਿਸਤਾਨੀ ਜਨਰਲ ਬਾਜਵਾ ਨੂੰ ਪਾਈ ਜੱਫੀ ਦੀ ਵੀਡੀਓ ਉਤੇ ਕੁਮੈਂਟ ਪੜ ਕੇ ਪਤਾ ਲਗਦਾ ਕਿ ਸ਼ਾਂਤੀ ਦਾ ਵਿਰੋਧ ਕਰਨ ਵਾਲੇ ਬਹੁਤੇ ਲੋਕ ਜਾ ਤਾ ਪੰਡਿਤ ਬਰਾਦਰੀ ਦੇ ਨੇ ਤੇ ਜਾ ਹੋਰ 'ਉੱਚੇ' ਸਰਨੇਮ ਵਾਲੇ। ਦੂਜੇ ਪਾਸੇ ਸਮਰਥਨ ਕਰਨ ਵਾਲੇ ਸਾਰੇ ਲੋਕ ਬਾਰਡਰ ਦੇ ਦੋਵਾਂ ਪਾਸੇ ਦੇ ਪੰਜਾਬੀ ਜਾ ਪੰਜਾਬੀਅਤ ਦੇ ਸਮਰਥਕ ਨੇ। ਪੰਡਿਤਾਂ ਨੂੰ ਅਪਣੀ ਖੁੱਸੀ ਰਾਜ-ਸੱਤਾ ਚਾਹੀਦੀ ਆ ਤੇ ਦਲਿਤਾਂ ਤੇ ਹੋਰ ਛੋਟੀਆਂ ਸਮਝੀਆਂ ਜਾਂਦੀਆਂ ਜਾਤਾਂ ਦੀ ਬਰਾਬਰੀ ਰਾਸ ਨਹੀਂ ਆ ਰਹੀ। ਸੰਘੀ ਲਾਣਾ ਤਾਂ ਹੀ ਉਹਨਾਂ ਦਾ ਚਹੇਤਾ ਹੈ।ਕੇਰਲਾ ਚ ਆਏ ਭਿਆਨਕ ਹੜਾਂ ਨੇ ਹਜ਼ਾਰਾਂ ਲੋਕਾਂ ਦਾ ਘਰ-ਬਾਰ ਖੋਹ ਲਏ, ਸੂਬੇ ਨੂੰ ਲਗਭਗ ਵੀਹ ਹਜ਼ਾਰ ਕਰੋੜ ਰੁਪਏ ਦੀ ਮਦਦ ਦੀ ਲੋੜ ਹੈ। ਮੋਦੀ ਸਰਕਾਰ ਨੇ ਪੰਜ ਸੌ ਕਰੋੜ ਦੇ ਕੇ ਅਪਣਾ ਬੁੱਤਾ ਸਾਰ ਦਿੱਤਾ ਕਿਉਂਕਿ ਕੇਰਲਾ ਚ ਰਹਿਣ ਵਾਲੇ ਬਹੁਤੇ ਲੋਕ ਜਾ ਤਾ ਖੱਬੇ ਪੱਖੀ ਨੇ ਤੇ ਜਾ ਮੁਸਲਿਮ ਤੇ ਇਸਾਈ ਮੱਤ ਨੂੰ ਮੰਨਣ ਵਾਲੇ। ਭਾਰਤ ਸਰਕਾਰ ਨੇ ਸਾਉਦੀ ਅਰਬ ਦੀ ਸੱਤ ਸੋ ਮਿਲੀਅਨ ਡਾਲਰ ਦੀ ਸਹਾਇਤਾ ਲੈਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿਉਂਕਿ ਉਸ ਨੂੰ ਲਗਦਾ ਹੈ ਕਿ ਅਜਿਹਾ ਹੋਣ ਨਾਲ ਭਾਰਤ ਵਿਚ ਮੁਸਲਿਮ ਦੇਸ਼ ਦੀ ਇੱਜ਼ਤ ਹੋਰ ਵਧ ਜਾਵੇਗੀ। ਖੱਬੇਪੱਖੀ ਵਿਚਾਰਧਾਰਾ ਹੋਣ ਕਾਰਨ ਚੀਨ ਨੇ ਵੀ ਸਹਾਇਤਾ ਦੀ ਪੇਸ਼ਕਸ਼ ਕੀਤੀ ਪਰ ਭਾਜਪਾ ਸਰਕਾਰ ਨੇ ਸਾਰੇ ਭਾਰਤੀ ਰਾਜਦੂਤਾਂ ਨੂੰ ਕਹਿ ਦਿੱਤਾ ਕਿ ਉਹ ਕੋਈ ਵੀ ਵਿਦੇਸ਼ੀ ਸਹਾਇਤਾ ਨਾ ਲੈਣ। ਬੇਜੇਪੀ ਦੇ ਪੈਸੇ ਨਾਲ ਚੱਲਦੇ ਇੱਕ ਚੈਨਲ ਦੇ ਭੌਂਕੜ ਪੱਤਰਕਾਰ ਅਰਵਿੰਦ ਗੋਸੁਆਮੀ ਨੇ ਕਿਹਾ ਕਿ ਕੇਰਲਾ ਦੇ ਲੋਕ ਭਾਰਤ ਦੇ ਸਭ ਤੋਂ ਵੱਧ ਬੇਸ਼ਰਮ ਲੋਕ ਨੇ ਜੋ ਹਿੰਦੂ ਵਿਚਾਰਧਾਰਾ ਦਾ ਸਮਰਥਨ ਨਹੀਂ ਕਰਦੇ।

**ਮੱਖਣ ਸਿੰਘ ਸਿੱਧੂ**

## "ਕੋਈ ਹਰਿਓ ਬੂਟ ਰਹਿਓ ਰੀ"

ਵਿੰਨੀਪੈਗ ਵਿਚ ਟਾਇਰਾਂ ਦਾ ਕੰਮ ਕਰਦੇ ਇਸ ਵੀਰ ਰਣਜੀਤ ਸਿੰਘ ਮਲਹਾਂਸ ਨੂੰ ਜਦੋਂ ਪੇਟ੍ਰੋ ਕਨੇਡਾ ਕੋਲੋਂ ਲੰਘਦੀ ਇੱਕ ਕਾਰ ਅੰਦਰੋਂ ਸ਼ੀਸ਼ੇ ਤੇ ਹੱਥ ਮਾਰਦੀ ਨੌਜੁਆਨ ਕੂੜੀ ਦਿਸੀ ਤਾਂ ਉਹ ਸ਼ਸ਼ੋਪੰਜ ਵਿਚ ਪੈ ਗਿਆ..ਕੇ ਕੀ ਕਰਨਾ ਚਾਹੀਦਾ ਏ ?

ਫੇਰ ਅਗਲੇ ਹੀ ਪਲ ਬਿਨਾ ਕੁਝ ਸੋਚੇ ਸਮਝੇ ਆਪਣਾ ਪਿੱਕ-ਅੱਪ ਟਰੱਕ ਉਸ ਕਾਰ ਕੋਲ ਜਾ ਖੜਾ ਕੀਤਾ...

ਵੀਰ ਦੀ ਇਸ ਕਾਰਵਾਈ ਦੇਖ ਅੰਦਰ ਬੈਠੇ ਤਿੰਨ ਚਾਰ ਮੁੰਡਿਆਂ ਨੇ ਲਗਪਗ ਨਿਰਵਸਤਰ ਕਰ ਦਿੱਤੀ ਗਈ ਇੱਕ ਕੁੜੀ ਨੂੰ ਬਾਹਰ ਸੁੱਟਿਆ ਤੇ ਆਪ ਫਰਾਰ ਹੋ ਗਏ।

ਵੀਰ ਨੇ ਸਭ ਤੋਂ ਪਹਿਲਾਂ ਭੱਜ ਕੇ ਅੰਦਰੋਂ ਟੀ ਸ਼ਰਟ ਲਿਆਂਦੀ ਅਤੇ ਕੁੜੀ ਨੂੰ ਪਾਉਣ ਨੂੰ ਦਿੱਤੀ..

ਫਿਰ ਪੁਲਸ ਨੂੰ ਫੋਨ ਕਰ ਸਾਰੇ ਹਾਲਾਤ ਬਿਆਨ ਕੀਤੇ ਤੇ ਓਨੀ ਦੇਰ ਉਸ ਡਰ ਨਾਲ ਥਰ-ਥਰ ਕੰਬਦੀ ਕੁੜੀ ਕੋਲ ਥੰਮ ਬਣ ਖਲੋਤਾ ਰਿਹਾ ਜਿੰਨੀ ਦੇਰ ਪੁਲਸ ਨੇ ਆ ਕੇ ਹਾਲਾਤ ਕਾਬੂ ਵਿਚ ਨਹੀਂ ਕਰ ਲਏ।

ਦੱਸਦੇ ਹਨ ਕਿ ਕੁੜੀ ਦਾ ਗੈਂਗ ਰੇਪ ਕਰਨ ਵਾਲੇ ਕਿਸੇ ਡਰੱਗ ਮਾਫੀਆ ਨਾਲ ਸਬੰਧਿਤ ਸਨ...ਵੀਰ ਦੱਸਦਾ ਕਿ ਪੁਲਸ ਆਉਣ ਤੱਕ ਕੁੜੀ ਉਸ ਨੂੰ ਏਹੀ ਆਖਦੀ ਰਹੀ ਕੇ 'ਕੱਲੀ ਨਾ ਛੱਡੀਂ ਉਹ ਮੁੜ ਕੇ ਜ਼ਰੂਰ ਆਉਣਗੇ।

ਪਦਾਰਥਵਾਦ ਅਤੇ ਨਫ਼ੇ-ਨੁਕਸਾਨ ਵਾਲੇ ਇਸ ਯੁਗ ਵਿਚ ਆਪਣੀ ਜਾਨ ਜੋਖਿਮ ਵਿਚ ਪਾ ਕੇ ਇਕ ਅਣਜਾਣ ਕੁੜੀ ਨੂੰ ਮੌਤ ਦੇ ਮੂੰਹ ਵਿਚੋਂ ਕੱਢਣ ਵਾਲੇ ਇਸ ਵੀਰ ਦਾ ਧੰਨਵਾਦ ਕਰਨਾ ਤੇ ਜ਼ਰੂਰ ਬਣਦਾ ਏ..!

ਨਾਲ ਹੀ ਖੁਸ਼ੀ ਵੀ ਹੋਈ ਕੇ ਕਿਸੇ ਵੇਲੇ ਬੇਗਾਨੀਆਂ ਨੂੰ ਜ਼ਾਲਮ ਪੰਜਿਆਂ ਵਿਚੋਂ ਛੁਡਾ ਕੇ ਸੁਰੱਖਿਅਤ ਥਾਵਾਂ ਤੇ ਪਹੁੰਚਾਉਣ ਵਾਲੀ ਪੂਰਾਤਨ ਖਾਲਸਾਈ ਰਵਾਇਤ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਜੀਵਿਤ ਏ..!

**ਹਰਪ੍ਰੀਤ ਸਿੰਘ ਜਵੰਦਾ**

## ਭਾਰਤੀ ਜਨਤਾ ਪਾਰਟੀ ਨੂੰ ਪ੍ਰੇਸ਼ਾਨ ਨਾ ਕਰੋ

ਇਨਾਂ ਦਿਨਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਪ੍ਰੇਸ਼ਾਨੀ ਬੇਹੱਦ ਵਧੀ ਹੋਈ ਹੈ। ਵਿਰੋਧੀ ਸਿਆਸੀ ਪਾਰਟੀਆਂ ਦੇ ਕਈ ਆਗੂ ਭਾਜਪਾ ਨੂੰ ਬਿਨਾ ਦੱਸਿਆਂ ਵਿਦੇਸ਼ੀ ਦੌਰਿਆਂ 'ਤੇ ਜਾ ਰਹੇ ਹਨ ਅਤੇ ਉਸ ਤੋਂ ਵੀ ਵੱਡੀ ਗੁਸਤਾਖ਼ੀ ਇਹ ਕਿ ਉੱਥੇ ਜਾ ਕੇ ਵਿਦੇਸ਼ੀ ਆਗੂਆਂ ਨੂੰ ਜੱਫੀਆਂ ਵੀ ਪਾ ਰਹੇ ਹਨ। ਉਸ ਨਾਲ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਦਾ ਬਲੱਡ ਪ੍ਰੈਸ਼ਰ ਬਹੁਤ ਵਧ ਚੁੱਕਾ ਹੈ। ਹਰ ਰੋਜ਼ ਮੀਡੀਆ ਨਾਲ ਗੱਲ ਕਰਕੇ ਉਨਾਂ ਨੂੰ ਆਪਣਾ ਮਨ ਸ਼ਾਂਤ ਕਰਨਾ ਪੈਂਦਾ ਹੈ।

ਮੈਨੂੰ ਇਹ ਸਮਝ ਨਹੀਂ ਆ ਰਹੀ ਕਿ ਵਿਰੋਧੀ ਪਾਰਟੀਆਂ ਦੇ ਆਗੂ ਵਿਦੇਸ਼ ਜਾਣ ਤੋਂ ਪਹਿਲਾਂ ਆਪਣੇ ਨੇੜੇ ਦੇ ਭਾਜਪਾ ਦਫਤਰ ਨੂੰ ਆਪਣੇ ਵਿਦੇਸ਼ ਦੌਰੇ ਬਾਰੇ ਜਾਣਕਾਰੀ ਕਿਉਂ ਨਹੀਂ ਦਿੰਦੇ ? ਉਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਵਿਦੇਸ਼ ਜਾ ਕੇ ਉਹ ਮਾਸਹਾਰੀ ਜਾਂ ਸ਼ਾਕਾਹਾਰੀ ਕਿਹੜਾ-ਕਿਹੜਾ ਭੋਜਨ ਕਰਨਗੇ ? ਕਿਸ ਤਰਾਂ ਦੇ ਕੱਪੜੇ ਪਾਉਣਗੇ ? ਕਿਸ ਕਿਸ ਨੂੰ ਜੱਫੀਆਂ ਪਾਉਣਗੇ ? ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਇੰਨੀ ਕੁ ਤਾਂ ਸਮਝ ਹੋਣੀ ਹੀ ਚਾਹੀਦੀ ਹੈ ਕਿ ਭਾਜਪਾ ਰਾਜ ਵਿਚ ਇਸ ਸਬੰਧੀ ਸਾਰੇ ਅਧਿਕਾਰ ਸ੍ਰੀ ਨਰਿੰਦਰ ਮੋਦੀ ਕੋਲ ਰਾਖ਼ਵੇਂ ਹਨ। ਪਹਿਲਾਂ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਜਾ ਕੇ ਉੱਥੋਂ ਦੇ ਫੌਜ ਮੁਖੀ ਨੂੰ ਜੱਫੀ ਪਾ ਲਈ ਤੇ ਮੁੜ ਰਾਹੁਲ ਗਾਂਧੀ ਮਾਨਸਰੋਵਰ ਦੀ ਯਾਤਰਾ ਲਈ ਚੀਨ ਨੂੰ ਚਲੇ ਗਏ। ਮੰਦਰ ਜਾ ਕੇ ਵੀ ਉਹ ਭਾਜਪਾ ਦੇ ਇਕ ਹੋਰ ਰਾਖਵੇਂ ਹੱਕ ਦੀ ਉਲੰਘਣਾ ਕਰ ਰਹੇ ਹਨ। ਸੰਬਿਤ ਪਾਤਰਾ ਦੇ ਇਸ ਨਾਲ ਪਸੀਨੇ ਛੁੱਟ ਜਾਂਦੇ ਹਨ। ਬਲੱਡ ਪ੍ਰੈਸ਼ਰ ਬਹੁਤ ਵਧ ਜਾਂਦਾ ਹੈ। ਵਿਰੋਧੀ ਆਗੂਆਂ ਦੀ ਇਸ ਗੁਸਤਾਖ਼ੀ ਨਾਲ ਜੇ ਦੇਸ਼ ਦੇ ਹੋਰ ਲੋਕਾਂ ਨੂੰ ਵੀ ਜੱਫੀਆਂ ਪਾਉਣ ਦੀ ਆਦਤ ਪੈ ਗਈ ਤਾਂ ਦੇਸ਼ ਦੀਆਂ ਇਖ਼ਲਾਕੀ ਕਦਰਾਂ ਕੀਮਤਾਂ ਦਾ ਕੀ ਬਣੇਗਾ ? ਆਖ਼ਰ ਵਿਰੋਧੀ ਪਾਰਟੀਆਂ ਦੇ ਆਗੂ ਇਸ ਗੱਲ ਨੂੰ ਕਦੋਂ ਸਮਝਣਗੇ ?

ਚਲੋ ਜੇ ਜਾਣੇ -ਅਨਜਾਣੇ ਵਿਚ ਵਿਰੋਧੀ ਪਾਰਟੀਆਂ ਦੇ ਆਗੂ ਕਿਸੇ ਨੂੰ ਜੱਫੀ ਪਾ ਹੀ ਬੈਠੇ ਹੋਣ ਤਾਂ ਉਨਾਂ ਨੂੰ 24 ਘੰਟੇ ਦੇ ਅੰਦਰ ਅੰਦਰ ਭਾਜਪਾ ਨੂੰ ਜ਼ਰੂਰ ਸੂਚਿਤ ਕਰ ਦੇਣਾ ਚਾਹੀਦਾ ਹੈ। ਇਸ ਜਾਣਕਾਰੀ ਦੇ ਨਾਲ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਆਪੋ-ਆਪਣੇ ਆਧਾਰ ਕਾਰਡ ਦੀ ਫੋਟੋ ਕਾਪੀ ਜ਼ਰੂਰ ਭੇਜਣੀ ਚਾਹੀਦੀ ਹੈ, ਤਾਂ ਜੋ ਉਨਾਂ ਦੀਆਂ ਜੱਫੀਆਂ ਨੂੰ ਆਧਾਰ ਕਾਰਡ ਨਾਲ ਲਿੰਕ ਕੀਤਾ ਜਾ ਸਕੇ।

**ਸਤਨਾਮ ਸਿੰਘ ਮਾਣਕ**

# ਇਕ ਰੈਲੀ ਰੱਦ ਹੋਣ ਨਾਲ ਹੀ ਐਮਰਜੈਂਸੀ ਯਾਦ ਆਈ : ਸ਼ਿਰੋਮਣੀ ਅਕਾਲੀ ਦਲ (ਅੰਮ੍ਰਿਤਸਰ)

**ਲੰਡਨ/ਬਿਊਰੋ ਨਿਊਜ਼ :**

"ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਹੀ ਪੋਲ ਖ੍ਹੋਲਣ, ਗਲਤ ਫੈਸਲਿਆਂ ਲਈ ਦੋਸ਼ੀ ਮੰਨਣ ਅਤੇ ਦੁਨੀਆ ਭਰ ਵਿੱਚ ਹੋ ਰਹੇ ਸਖਤ ਵਿਰੋਧ ਨੇ ਬਾਦਲ ਪਰਿਵਾਰ ਨੂੰ ਚਿੰਤਾਵਾਂ ਵਿੱਚ ਪਾ ਦਿੱਤਾ ਹੈ, ਇਸ ਲਈ ਉਹ ਇਕ ਵਾਰੀ ਫਿਰ ਪੰਜਾਬ ਦੀ ਅਮਨ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਨੂੰ ਖਤਰਾ ਦੱਸਦੇ ਹੋਏ ਤਰਲਾ ਰੈਲੀਆਂ ਦਾ ਸਹਾਰਾ ਲੈ ਰਹੇ ਹਨ।" ਇਹ ਵਿਚਾਰ ਸ਼ਿਰੋਮਣੀ ਅਕਾਲੀ ਦਲ ਅੰਮ੍ਰਿਤਸਰ (ਯੂਕੇ) ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸਕੱਤਰ ਜਨਰਲ ਸੂਬਾ ਸਿੰਘ ਲਿੱਤਰਾਂ, ਜਨਃ ਸਕੱਤਰ ਕੁਲਵੰਤ ਸਿੰਘ ਮੁਠੱਡਾ, ਔਰਗੇਨਾਈਜਰ ਮਨਜੀਤ ਸਿੰਘ ਸਮਰਾ, ਪ੍ਰਧਾਨ ਯੂਥ ਵਿੰਗ ਸਤਿੰਦਰ ਸਿੰਘ ਮੰਗੂਵਾਲ, ਸੀਃ ਮੀਃ ਪ੍ਰਧਾਨ ਅਵਤਾਰ ਸਿੰਘ ਖੰਡਾ, ਮੀਃ ਪ੍ਰਧਾਨ ਜਸਵੰਤ ਸਿੰਘ ਮਾਂਗਟ, ਗੁਰਿੰਦਰ ਸਿੰਘ ਗੁਰੀ, ਅਜੈਪਾਲ ਸਿੰਘ ਨਾਗੋਕੇ ਜੁਆਇੰਟ ਜਨਃ ਸਕੱਤਰਾਂ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਬਿਆਨ ਜਾਰੀ ਕਰਦੇ ਹੋਏ ਪ੍ਰਗਟ ਕੀਤੇ ਗਏ। ਜਥੇਬੰਦੀ ਦੇ ਪ੍ਰੈਸ ਸਕੱਤਰ ਜਗਤਾਰ ਸਿੰਘ ਵਿਰਕ ਅਤੇ ਔਨ ਲਾਈਨ ਐਡਮਿਨ. ਬਿਅੰਤ ਸਿੰਘ ਨੇ ਕਿਹਾ ਕਿ ਇਹ ਤਾਂ ਪਿਛਲੇ ਕਾਰਜਕਾਲ ਦੀਆਂ ਸਿਰਫ ਕੁੱਝ ਝਲਕੀਆਂ ਹਨ। ਜੇ ਸੀਨੀਅਰ ਬਾਦਲ ਦੇ ਪਹਿਲੀ ਵਾਰੀ ਮੁੱਖ ਮੰਤਰੀ ਬਣਨ ਵੇਲੇ ਤੋਂ ਲੈ ਕੇ ਹੁਣ ਤੱਕ ਦੇ ਕਾਰਨਾਮੇ ਵੇਰਵੇ ਸਹਿਤ ਲਿਖਣੇ ਹੋਣ ਤਾਂ ਕਾਫੀ ਵੱਡੀ ਕਿਤਾਬ ਲਿਖਣੀ ਪਵੇਗੀ।

ਉਨ੍ਹਾਂ ਕਿਹਾ ਕਿ ਇਸੇ ਕੜੀ ਵਿੱਚ 16 ਸਤੰਬਰ ਨੂੰ ਰੱਖੀ ਹੋਈ ਰੈਲੀ ਪ੍ਰਸ਼ਾਸਨ ਵੱਲੋਂ ਰੱਦ ਕਰਨ 'ਤੇ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਨੇ ਪੰਜਾਬ ਹਰਿਆਣਾਂ ਹਾਈਕੋਰਟ ਵਿੱਚ ਰਿੱਟ ਪਾਈ। ਸੀਨੀਅਰ ਬਾਦਲ ਰੈਲੀ ਨੂੰ ਰੱਦ ਕਰਨ ਦੀ ਐਮਰਜੈਂਸੀ ਨਾਲ ਤੁਲਨਾ ਕਰਦੇ ਹੋਏ ਆਪਣੇ ਕਾਰਜਕਾਲ ਦੌਰਾਨ ਚੰਮ ਦੀਆਂ ਚਲਾਉਂਦੇ ਹੋਏ ਲੋਕਤੰਤਰ ਦੀਆਂ ਉਡਾਈਆਂ ਧੱਜੀਆਂ ਨੂੰ ਭੁੱਲ ਹੀ ਗਏ ਹਨ। ਪੰਥਕ ਧਿਰਾਂ ਵੱਲੋਂ ਸੰਨ 2015 ਵਿਚ ਸਰਬੱਤ ਖ਼ਾਲਸਾ ਸਮਾਗਮ ਕਰਵਾਉਣ ਦਾ ਐਲਾਨ ਹੋਣ ਤੋਂ ਬਾਅਦ ਅਕਾਲੀ ਸਰਕਾਰ ਵੱਲੋਂ ਇਸ ਨੂੰ ਰੋਕਣ ਦਾ ਹਰ ਹੀਲਾ ਹਰਬਾ ਵਰਤਣ ਦੇ ਬਾਵਜੂਦ ਜਦੋਂ ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਾਮਲ ਹੋ ਕੇ ਇਸਨੂੰ ਸਫਲ ਬਣਾਇਆਂ ਤਾਂ ਸਰਬੱਤ ਖ਼ਾਲਸਾ ਦੇ ਅਯੋਜਕਾਂ, ਸਰਬੱਤ ਖ਼ਾਲਸਾ ਵਿੱਚ ਚੁਣੇ ਗਏ ਜਥੇਦਾਰਾਂ ਅਤੇ ਸ਼ਾਮਲ ਹੋਣ ਲਈ ਦੇਸ਼ ਵਿਦੇਸ਼ ਤੋਂ ਪੁੱਜੇ ਆਗੂਆਂ ਉੱਪਰ ਦੇਸ਼ ਧ੍ਰੋਹ ਦੇ ਕੇਸ ਪਾ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ। ਸੰਨ 2016 ਵਿੱਚ ਦੁਬਾਰਾ ਬੁਲਾਏ ਗਏ ਸਰਬੱਤ ਖ਼ਾਲਸਾ ਵੇਲੇ ਤਾਂ ਸਖਤੀ ਦੇ ਦਮਨ ਚੱਕਰ ਦੀ ਹੱਦ ਨੇ ਪੁਰਾਣੇ ਸਮੇਂ ਦੌਰਾਨ ਸਿੰਘਾਂ ਨੂੰ ਬੀਕਾਨੇਰ ਦੇ ਜੰਗਲਾਂ ਵਿੱਚ ਰੈਣ ਬਸੇਰਾ ਕਰਨ ਦੀ ਯਾਦ ਤਾਜ਼ਾ ਕਰਵਾ ਦਿੱਤੀ ਸੀ। ਜੂਨੀਅਰ ਬਾਦਲ ਕਿਹਾ ਕਰਦਾ ਸੀ ਕਿ ਆਹ ਧਰਨੇ, ਮੁਜਾਹਰੇ ਤੇ ਰੈਲੀਆਂ ਵਿਹਲੜ ਲੋਕਾਂ ਦਾ ਕੰਮ ਹੈ ਜਿਨ੍ਹਾਂ ਨੂੰ ਘਰ ਕੋਈ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

19 ਸਤੰਬਰ 2018 ਤੋਂ 25 ਸਤੰਬਰ 2018

## ਸਿੱਖ ਵਿਚਾਰਧਾਰਾ ਤੇ ਇਤਿਹਾਸ ਉਤੇ ਹਮਲੇ

ਹਾਲ ਹੀ ਵਿਚ ਰਿਲੀਜ਼ ਹੋਈ ਹਿੰਦੀ ਫਿਲਮ 'ਮਨਮਰਜ਼ੀਆਂ' ਵਿਚ ਸਿੱਖ ਸਿਧਾਂਤ ਅਤੇ ਮਾਣ ਮਰਿਆਦਾ ਨੂੰ ਤਾਕ ਉਤੇ ਰੱਖ ਕੇ ਦ੍ਰਿਸ਼ ਦਿਖਾਏ ਗਏ ਹਨ। ਕੁਝ ਸਮਾਂ ਪਹਿਲਾਂ ਇਕ ਖੱਬੇ ਪੱਖੀ ਸਾਹਿਤਕਾਰ ਨੇ ਨਾਵਲ ਵਿਚ ਖਾਲਸਾ ਰਾਜ ਦੇ ਸ਼ਾਨਾਮੱਤੇ ਸਿੱਖ ਇਤਿਹਾਸ ਨੂੰ ਕਲੰਕਿਤ ਕਰਨ ਲਈ ਸ਼ੇਰੇ ਪੰਜਾਬ ਮਾਹਾਰਾਜਾ ਰਣਜੀਤ ਸਿੰਘ ਨੂੰ ਨਿਸ਼ਾਨੇ ਉਤੇ ਲਿਆ ਗਿਆ ਸੀ। ਹਾਲ ਹੀ ਵਿਚ ਸਿੱਖ ਵਿਰੋਧੀ ਇਸ ਨਾਵਲ ਨੂੰ ਮਾਨਤਾ ਦਿਵਾਉਣ ਲਈ ਇਕ ਖੱਬੇ ਪੱਖੀ ਸੰਸਥਾ ਨੇ ਇਨਾਮ-ਸਨਮਾਨ ਵੀ ਦੇ ਧਰਿਆ ਹੈ। ਜ਼ਾਹਰ ਹੈ ਕਿ ਸਿੱਖ ਕੌਮ ਉਤੇ ਇਹ ਹਮਲੇ ਚੌਫੇਰਿਓਂ ਹੋ ਰਹੇ ਹਨ। ਇਹ ਕੰਮ ਇੰਨੀ ਸੂਖਮਤਾ ਤੇ ਕਲਾਮਈ ਤਰੀਕੇ ਨਾਲ ਅੰਜਾਮ ਦਿੱਤਾ ਜਾ ਰਿਹਾ ਹੈ ਕਿ ਬਹੁਤ ਸਾਰੇ ਸਿੱਖ ਹੀ ਅਣਭੋਲ ਹੀ ਇਨ੍ਹਾਂ ਕੂੜ-ਕਾਰਿਆਂ ਦੀਆਂ ਤਾਰੀਫਾਂ ਕਰਨ ਲਗਦੇ ਹਨ। ਸੱਜਰੀ ਫਿਲਮ ਵਿਚ ਵੀ ਦੋ ਸਿੱਖ ਨੌਜਵਾਨ ਪਾਤਰਾਂ ਦੀ ਕਿਰਦਾਰਕੁਸ਼ੀ ਨੂੰ ਦਿਖਾਉਂਦਿਆਂ ਉਨ੍ਹਾਂ ਨੂੰ ਸਿੱਖ ਧਰਮ ਵਿਚ ਬੱਜਰ ਕੁਰਹਿਤ ਮੰਨੀ ਜਾਂਦੀ ਤੰਮਾਕੂ ਪੀਂਦੇ ਦਿਖਾਇਆ ਗਿਆ ਹੈ। ਇਹ ਸਚਾਈ ਹੈ ਕਿ ਕੋਈ ਸਾਰੇ ਸਿੱਖ ਬਾਣੇ ਵਾਲੇ ਨੌਜਵਾਨ ਅਜਿਹਾ ਕੰਮ ਕਰਦੇ ਹੋਣਗੇ ਪਰ ਕੀ ਇਹ ਸਭ ਪਰਦੇ ਉਤੇ ਦਿਖਾਉਣਾ ਵਾਜਿਬ ਹੈ, ਜਦੋਂ ਸਿੱਖ ਰਹਿਤ ਮਰਿਆਦਾ ਵਿਚ ਅਜਿਹਾ ਕਰਨ ਦੀ ਸਖਤ ਮਨਾਹੀ ਹੋਵੇ।

ਇਸੇ ਤਰ੍ਹਾਂ ਕਦੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਇਸ ਤਰਾਂ ਪੇਸ਼ ਕੀਤਾ ਜਾਂਦਾ ਹੈ ਕਿ ਉਸ ਨੂੰ ਪੜ੍ਹਨ ਵਾਲੇ ਕਿਸੇ ਸਿੱਖ ਦੇ ਮਨ ਵਿੱਚ ਸਵਾਲ ਖੜ੍ਹੇ ਹੋ ਜਾਣ। ਉਸ ਵਿਚ ਨਿਆਰੀ ਤੇ ਨਿਰਾਲੀ ਕੌਮ ਦੇ ਵਾਰਿਸ ਹੋਣ ਦਾ ਜਜ਼ਬਾ ਪੈਦਾ ਨਾ ਹੋਵੇ, ਸਗੋਂ ਉਹ ਆਪਣੇ ਹੀ ਪੁਰਖਿਆਂ ਬਾਰੇ ਗਲਤ ਧਾਰਨਾਵਾਂ ਬਣਾ ਲਵੇ। ਤੱਥ ਗਵਾਹ ਹਨ ਕਿ ਬ੍ਰਾਹਮਣਵਾਦ ਦੇ ਪ੍ਰਚਾਰ ਤੇ ਪ੍ਰਸਾਰ ਲਈ ਸੰਨ 1925 'ਚ ਹੋਂਦ ਵਿੱਚ ਆਇਆ ਕੱਟੜ ਹਿੰਦੂ ਸੰਗਠਨ ਆਰਐਸਐਸ. ਸਿੱਖਾਂ ਨੂੰ ਘੁਣ ਦੀ ਤਰ੍ਹਾਂ ਅੰਦਰੋਂ ਖ਼ਤਮ ਕਰਨ ਵਿਚ ਮਸ਼ਰੂਫ ਹੈ। ਇਸ ਨੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਬਣਾਉਣ ਤੇ ਸਾਬਤ ਕਰਨ ਲਈ ਪੂਰਾ ਤਾਣ ਲਾਉਣ ਹਿੱਤ ਰਾਸ਼ਟਰੀ ਸਿੱਖ ਸੰਗਤ ਤਕ ਖੜ੍ਹੀ ਕੀਤੀ ਹੈ। ਹੁਣ ਜਦੋਂ ਵੇਖਿਆ ਕਿ ਸਿੱਖਾਂ 'ਚ ਬੁਰੀ ਤਰ੍ਹਾਂ ਫੁੱਟ ਪਈ ਹੋਈ ਹੈ, ਕੌਮ ਵਿਚ ਰਾਜਨੀਤਕ ਤੌਰ ਉਤੇ ਅਧੋਗਤੀ ਵਾਲਾ ਦੌਰ ਹੈ, ਡੇਰੇਵਾਦ ਦਾ ਪ੍ਰਭਾਵ ਵਧ ਰਿਹਾ ਹੈ ਅਤੇ ਸਿੱਖ ਪਾਖੰਡੀ ਸਾਧਾਂ ਦੇ ਪਿੱਛੇ ਲੱਗ ਤੁਰੇ ਹਨ ਤਾਂ ਇਸ ਨੇ ਸਿੱਖ ਕੌਮ ਦੇ ਨਿਆਰੇਪਨ ਨੂੰ ਖਤਮ ਕਰਨ ਲਈ ਕਲਾ ਤੇ ਸਾਹਿਤ ਨੂੰ ਹਥਿਆਰ ਬਣਾਇਆ ਹੈ।

ਰਾਸ਼ਟਰੀ ਸਿੱਖ ਸੰਗਤ ਦੇ ਰਸਾਲੇ 'ਸੰਗਤ ਸੰਦੇਸ਼' ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਬਾਰੇ ਲਿਖਿਆ ਗਿਆ ਕਿ "ਗੁਰਬਾਣੀ ਨੂੰ ਐਸੀ ਗਿਆਨ ਗੰਗਾ ਮੰਨਿਆ ਗਿਆ ਹੈ, ਜਿਹੜੀ ਵੇਦਾਂ ਦੀ ਗੰਗੋਤਰੀ 'ਚੋਂ ਫੁੱਟਦੀ ਹੈ। ਉਸ ਦੀ ਸਾਰੀ ਖੁਸ਼ਬੂ, ਗਰਿਮਾ ਤੇ ਪਵਿੱਤਰਤਾ ਨੂੰ ਲੈ ਕੇ ਇਹ ਵੈਦਿਕ ਗੰਗਾ ਜਨ-ਜਨ ਨੂੰ ਪਾਵਨ ਬਣਾਉਂਦੀ ਜਾ ਰਹੀ ਹੈ। ਇਸੇ ਲਈ ਗੁਰਬਾਣੀ ਦੇ ਅਨੇਕਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਦਾ ਸਰੂਪ ਮੰਨਿਆ ਹੈ। ਉਸ ਨੂੰ ਭਾਰਤੀ ਗਿਆਨ ਦਾ ਵਿਸ਼ਵਕੋਸ਼ ਵੀ ਮੰਨਿਆ ਹੈ। ਉਹ ਆਪਣੇ-ਆਪ ਵਿੱਚ ਇਕ ਪੁਰਾਣ-ਕੋਸ਼ ਹੈ। ਪੰਜਾਬ ਦੀ ਇਹ ਗੁਰੂਗੰਗਾ, ਵੈਦਿਕ-ਚਿੰਤਨ, ਉਪਨਿਸ਼ਦਾਂ ਦੇ ਗਿਆਨ ਦਾ ਰਿਸ਼ੀਕੇਸ਼ ਹੈ। ਉਸ ਦੀ ਮਹਿਮਾ ਹਰ ਕੀ ਪਉੜੀ ਹੈ, ਹਰੀ ਨਾਮ ਦੀ ਗੰਗਾ ਹੈ।" ਆਮ ਸਿੱਖ ਗੁਰਬਾਣੀ ਦੀ ਇਹ ਸਿਫਤ ਸੁਣ ਕੇ ਭਰਮਾਇਆ ਜਾ ਰਿਹਾ ਹੈ। ਸਿੱਖ ਜਿਸ ਗੁਬਾਣੀ ਨੂੰ 'ਧੁਰ ਕੀ ਬਾਣੀ' ਮੰਨਦੇ ਹਨ, ਇਸ ਹਿੰਦੂਵਾਦੀ ਸੰਸਥਾ ਦਾ ਕਹਿਣਾ ਹੈ ਕਿ ਉਹ ਹਿੰਦੂ ਵੇਦਾਂ ਦਾ ਹੀ ਸਾਰ ਹੈ।

ਆਰਐੱਸਐੱਸ ਆਪਣੇ ਨਾਗਪੁਰ ਦਫ਼ਤਰ ਤੋਂ ਗੁਰੂ ਸਾਹਿਬਾਨ ਬਾਰੇ ਕੂੜ-ਕੁਸੱਤ ਨਾਲ ਭਰੀਆਂ ਕਿਤਾਬਾਂ ਛਾਪ ਰਹੀ ਹੈ। ਇਨਾਂ ਕਿਤਾਬਾਂ 'ਚ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਗਰਦਾਨਿਆ ਜਾ ਰਿਹਾ ਹੈ। ਗੁਰੂ ਸਾਹਿਬਾਨ ਨੂੰ 'ਗਊ ਪੂਜਕ' ਆਖਿਆ ਜਾ ਰਿਹਾ ਹੈ ਅਤੇ ਹਿੰਦੂਆਂ ਵੱਲੋਂ ਸਿੱਖਾਂ ਨਾਲ ਕਮਾਏ ਧ੍ਰੋਹ ਤੋਂ ਹਿੰਦੂਆਂ ਨੂੰ ਮੁਕਤ ਕੀਤਾ ਜਾ ਰਿਹਾ ਹੈ।

ਜੇਕਰ ਤੁਸੀਂ ਆਰਐਸਐਸ ਦੀ ਸਰਪ੍ਰਸਤੀ ਹੇਠ ਛਪਦੀਆਂ ਕਿਤਾਬਾਂ ਅਤੇ ਰਸਾਲਿਆਂ ਨੂੰ ਪੜ੍ਹੋਗੇ ਤਾਂ ਸੰਘ ਦੀ ਸੋਚ ਅਨੁਸਾਰ ਸਿੱਖ ਅਤੇ ਬਾਕੀ ਹਿੰਦੂ ਸਮਾਜ ਇਕ ਅਖੰਡ ਅਤੇ ਨਾ-ਵੰਡੇ ਜਾਣ ਵਾਲੀ ਇਕਾਈ ਹੈ।

ਸਿੱਖ ਪੰਥ ਹਿੰਦੂ ਧਰਮ ਦੀ ਇਕ ਸੰਪ੍ਰਦਾਇ ਹੈ, ਜਿਹੋ-ਜਿਹੇ ਸੰਪ੍ਰਦਾਇ ਇਹੋ ਜਿਹੇ ਭੇਦਾਂ ਕਰਕੇ ਕਈ ਧਰਮਾਂ ਵਿੱਚ ਪਾਏ ਜਾਂਦੇ ਹਨ। ਸਿੱਖ ਪੰਥ ਹਿੰਦੂ ਧਰਮ ਰੂਪੀ ਵਿਸ਼ਾਲ ਬਗੀਚੇ ਦਾ ਇਕ ਸੁੰਦਰ ਅਤੇ ਸੁਗੰਧਿਤ ਫੁੱਲਾਂ ਦਾ ਗੁੱਛਾ ਹੈ ਜਾਂ ਹਿੰਦੂ ਕਲਪ ਬ੍ਰਿਛ ਦਾ ਅੰਮ੍ਰਿਤਫਲ ਹੀ ਖਾਲਸਾ ਪੰਥ ਹੈ। ਇਸੇ ਤਰ੍ਹਾਂ ਇਹ ਧਾਰਨਾ ਵਾਰ-ਵਾਰ ਪੱਕੀ ਕੀਤੀ ਜਾ ਰਹੀ ਹੈ ਕਿ ਸਿੱਖ ਮੱਤ ਤੇ ਖਾਲਸਾ ਪੰਥ ਦੀ ਸਥਾਪਨਾ ਭਾਰਤ ਦੇਸ਼ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਹੋਈ ਸੀ।

ਇਸ ਮਾਰੂ ਹਮਲੇ ਦੀ ਜ਼ੱਦ ਵਿਚ ਸਿੱਖ ਗੁਰੂ ਸਾਹਿਬ ਨੂੰ ਲਿਆਂਦਾ ਜਾ ਰਿਹਾ ਹੈ। ਗੁਰੂ ਨਾਨਕ ਜੀ ਬਾਰੇ ਲਿਖਿਆ ਗਿਆ ਹੈ ਕਿ ਉਨ੍ਹਾਂ ਦਾ ਜੀਵਨ ਹਿੰਦੂ ਜੀਵਨ ਪੱਧਰੀ ਦੇ ਆਦਰਸ਼ਵਾਦ, ਕਰਮ, ਭਗਤ ਤੇ ਗਿਆਨ ਦਾ ਵਚਿੱਤਰ ਮੇਲਾ ਹੈ।ਲਿਖਿਆ ਤੇ ਪਰਚਾਰਿਆ ਜਾ ਰਿਹਾ ਹੈ ਕਿ ਸਿੱਖ ਗੁਰੂਆਂ ਦੀ ਅਧਿਆਤਮਕ, ਭਗਤੀ ਅਤੇ ਸੂਰਮਗਤਾ ਦੀ ਪ੍ਰੰਪਰਾ ਸੰਪੂਰਣ ਹਿੰਦੂ ਸਮਾਜ ਲਈ ਗੌਰਵ ਦਾ ਵਿਸ਼ਾ ਹੈ। ਗੁਰੂ ਤੇਗ ਬਹਾਦਰ ਨੇ ਹਿੰਦੂ ਧਰਮ ਅਤੇ ਸਮਾਜ ਉੱਪਰ ਆਏ ਸੰਕਟ ਦੇ ਨਿਵਾਰਣ ਲਈ ਬਲੀਦਾਨ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਦੇ ਦੋ ਪੁੱਤਰ ਹਿੰਦੂ ਧਰਮ ਦੀ ਰੱਖਿਆ ਲਈ ਮੁਗਲਾਂ ਨਾਲ ਜੂਝੇ ਸਨ ਅਤੇ ਦੋ ਪੁੱਤਰਾਂ ਨੇ ਖੁਸ਼ੀ ਨਾਲ ਆਪਣੇ ਆਪ ਨੂੰ ਦੀਵਾਰ ਵਿੱਚ ਚਿਣਾ ਦਿੱਤਾ ਸੀ।

ਕਈ ਥਾਵਾਂ ਉਤੇ ਤਾਂ ਇਥੋਂ ਤਕ ਵੀ ਟਿੱਪਣੀਆਂ ਕਰ ਦਿੱਤੀਆਂ ਗਈਆਂ ਹਨ ਕਿ ਵੇਦਾਂ ਤੋਂ ਪ੍ਰੇਰਣਾ ਲੈ ਕੇ ਸਿੱਖ ਗੁਰੂਆਂ ਨੇ ਪੰਥ-ਅਭਿਮਾਨ ਰਹਿਤ ਮਾਰਗ ਅਪਨਾਇਆ ਸੀ ਅਤੇ ਗੁਰੂ ਨਾਨਕ ਸਾਹਿਬ ਦੀ ਲਿਖੀ ਬਾਣੀ 'ਜਪੁਜੀ' ਭਗਵਤ ਗੀਤਾ ਦਾ ਹੀ ਸੂਖਮ ਰੂਪ ਹੈ।

ਖਾਲਸਾ ਪੰਥ ਨਾਲ ਖਾਰ ਖਾਂਦੇ ਕੁਝ ਖੱਬੇਪੱਖੀ ਵਿਦਵਾਨ ਵੀ "ਵਗਦੀ ਗੰਗਾ ਵਿਚ ਹੱਥ ਧੋਣ" ਵਾਂਗ ਅਜਿਹੇ ਕੂੜ ਪਰਚਾਰ ਨੂੰ ਹਵਾ ਦੇ ਰਹੇ ਹਨ। ਸਿੱਖ ਕੌਮ ਦੇ ਬੁੱਧੀਜੀਵੀ ਵਰਗ, ਪੰਥ ਦਰਦੀਆਂ ਅਤੇ ਖ਼ਾਸ ਕਰਕੇ ਸੰਤ ਸਮਾਜ ਦੇ ਉਨ੍ਹਾਂ ਸਿਆਸੀ ਆਗੂਆਂ ਨੂੰ ਜਿਹੜੇ ਸਿੱਖੀ ਪ੍ਰਤੀ ਥੋੜ੍ਹੇ ਬਹੁਤ ਸੁਹਿਰਦ ਹਨ, ਸੰਘ ਅਤੇ ਹੋਰਾਂ ਦੀਆਂ ਅਜਿਹੀਆਂ ਸਾਜ਼ਿਸ ਦਾ ਭਾਂਡਾ ਚੌਰਾਹੇ 'ਚ ਭੰਨਣ ਲਈ ਅੱਗੇ ਆਉਣਾ ਚਾਹੀਦਾ ਹੈ।

ਸਿੱਖਾਂ ਦੀ ਪ੍ਰਮੁੱਖ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦੇ ਜ਼ਿੰਮੇ ਇਹ ਡਿਊਟੀ ਹੈ ਕਿ ਉਹ ਸਿੱਖੀ 'ਤੇ ਹੋ ਰਹੇ ਬਾਹਰੀ ਹਮਲਿਆਂ ਦਾ, ਕੌਮ ਨੂੰ ਨਾਲ ਲੈ ਕੇ ਮੂੰਹ ਤੋੜਵਾਂ ਜਵਾਬ ਦੇਵੇ, ਉਹ ਖੁਦ ਹੀ ਬਾਦਲਾਂ ਦੀ ਸਰਪ੍ਰਸਤੀ ਹੇਠ ਨਾਗਪੁਰੀ ਤਖ਼ਤ ਦੀ ਗ਼ੁਲਾਮ ਹੋ ਗਈ ਹੈ।

ਅਜਿਹੇ ਸਮੇਂ ਅੱਖਾਂ ਬੰਦ ਨਹੀਂ ਕੀਤੀਆਂ ਜਾ ਸਕਦੀਆਂ। ਸਮੁੱਚੀ ਕੌਮ ਨੂੰ ਹੋਕਾ ਦੇ ਕੇ ਜਗਾਉਣ ਦੀ ਲੋੜ ਹੈ। ਸਿੱਖ ਪੰਥ ਨੂੰ ਕੌਮ 'ਤੇ ਹੋ ਰਹੇ, ਇਨਾਂ ਜ਼ਹਿਰੀਲੇ ਹਮਲਿਆਂ ਦੇ ਟਾਕਰੇ ਲਈ ਖੜਾ ਕਰਨ ਦੀ ਜ਼ਰੂਰਤ ਹੈ। ਸਿੱਖ ਇਤਿਹਾਸ ਨੂੰ ਤੋੜਨ-ਮਰੋੜਨ ਜਾਂ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਨ ਦੀ ਆਗਿਆ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ।

# ਬਾਦਲ ਪਰਿਵਾਰ ਦਾ ਅਜੋਕਾ ਸੰਕਟ ਅਤੇ ਅਕਾਲੀ ਦਲ

**ਸੁਖਬੀਰ ਨੇ ਸੰਨ 2009 ਦੀ ਇਸ ਚੋਣ ਤੋਂ ਪਹਿਲਾਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਸਮਝੌਤਾ ਕਰ ਲਿਆ ਸੀ। ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੇ ਦੋਸ਼ੀ ਇਸ ਡੇਰੇ ਦੇ ਪੈਰੋਕਾਰ ਹੀ ਨਿਕਲੇ ਅਤੇ ਫੜ ਵੀ ਲਏ ਗਏ ਹਨ। ਇਸ ਡੇਰੇ ਦੇ ਮੁਖੀ ਨੂੰ ਸੰਨ 2015 ਵਿੱਚ ਮੁਆਫੀ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਵਰਗੀਆਂ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਗਈ ਪਰ ਇਸ ਮੁਆਫ਼ੀ ਵਿਰੁੱਧ ਪੈਦਾ ਹੋਏ ਰੋਸ ਕਾਰਨ ਕੁਝ ਦਿਨਾਂ ਬਾਅਦ ਹੀ ਅਕਾਲ ਤਖ਼ਤ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ। ਉਂਞ, ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਇਸ ਫ਼ੈਸਲੇ ਨੂੰ ਸਹੀ ਠਹਿਰਾਉਣ ਲਈ 97 ਲੱਖ ਰੁਪਏ ਇਸ਼ਤਿਹਾਰਬਾਜ਼ੀ ਉੱਤੇ ਖਰਚ ਦਿੱਤੇ ਸਨ।**



**ਜਗਤਾਰ ਸਿੰਘ**
(ਲੇਖਕ ਸੀਨੀਅਰ ਪੱਤਰਕਾਰ ਹੈ)
ਸੰਪਰਕ : 97797-11201

ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਾਲ ਪੰਜਾਬ ਦੇ ਧਾਰਮਿਕ ਤੇ ਸਿਆਸੀ ਖੇਤਰ ਵਿੱਚ ਆਏ ਭੂਚਾਲ ਨਾਲ ਪੰਜ ਵਾਰੀ ਮੁੱਖ ਮੰਤਰੀ ਰਹੇ ਫ਼ਖ਼ਰ-ਏ-ਕੌਮ ਤੇ ਪੰਥ ਰਤਨ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਵੱਕਾਰ ਅਤੇ ਸਿਆਸੀ ਵਿਰਾਸਤ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ। ਇਹ ਸੰਕਟ ਬਹੁ-ਪਰਤੀ ਹੈ ਕਿਉਂਕਿ ਇਸ ਨੇ ਉਸ ਦੇ ਪੁੱਤਰ ਅਤੇ ਸਿਆਸੀ ਵਾਰਸ ਸੁਖਬੀਰ ਸਿੰਘ ਬਾਦਲ ਨੂੰ ਵੀ ਲਪੇਟ ਵਿੱਚ ਲੈ ਲਿਆ ਹੈ, ਜਿਹੜਾ ਪਿਛਲੇ ਸਮੇਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਆਗੂ ਵਜੋਂ ਉਭਰਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਭਾਵੇਂ ਪਹਿਲੀ ਵਾਰੀ ਉਸ ਦੇ ਕੰਮ ਕਰਨ ਦੇ ਤਾਨਾਸ਼ਾਹੀ ਢੰਗ ਉੱਤੇ ਇਤਰਾਜ਼ ਪ੍ਰਗਟਾਇਆ ਹੈ, ਫਿਰ ਵੀ ਅਜੇ ਉਸ ਦੇ ਸਿਆਸੀ ਭਵਿੱਖ ਬਾਰੇ ਕੋਈ ਟਿੱਪਣੀ ਕਰਨੀ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ।

ਬਾਦਲ ਪਰਿਵਾਰ ਅਤੇ ਅਕਾਲੀ ਦਲ 'ਤੇ ਅਜੋਕੇ ਸੰਕਟ ਦੀ ਇੱਕ ਪਰਤ ਇਹ ਵੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਇਨ੍ਹਾਂ ਦਿਨਾਂ ਵਿਚ ਆਪਣੇ ਆਪ ਨੂੰ ਖਾੜਕੂ ਸਿਆਸਤ ਤੋਂ ਨਿਖੇੜਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ, ਜਦੋਂ ਕਿ ਇਤਿਹਾਸ ਗਵਾਹ ਹੈ ਕਿ ਨਾ ਸਿਰਫ਼ ਉਸ ਦੀ ਪਾਰਟੀ, ਬਲਕਿ ਉਹ ਖ਼ੁਦ ਵੀ ਕਿਸੇ ਸਮੇਂ ਖਾੜਕੂਵਾਦ ਨੂੰ ਹੱਲਾਸ਼ੇਰੀ ਦਿੰਦੇ ਰਹੇ ਹਨ। ਖਾੜਕੂ ਸੰਘਰਸ਼ ਦੇ ਪ੍ਰਤੀਕ ਰਹੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਯਾਦਗਾਰ ਸ੍ਰੀ ਦਰਬਾਰ ਸਾਹਿਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਤਾਮੀਰ ਕਰਵਾਈ ਹੈ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਮੌਤ ਤੋਂ ਬਾਅਦ ਸ਼੍ਰੋਮਣੀ ਕਮੇਟੀ 'ਤੇ ਕੌਣ ਕਾਬਜ਼ ਹੈ, ਸਭ ਜਾਣਦੇ ਹਨ।

ਅਕਾਲੀ ਦਲ ਦੇ ਸੂਤਰਾਂ ਅਨੁਸਾਰ, ਵਿਧਾਨ ਸਭਾ ਸੈਸ਼ਨ ਦੌਰਾਨ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਬਹਿਸ ਦੇ ਬਾਈਕਾਟ ਦਾ ਫੈਸਲਾ ਕਿਸੇ ਹੋਰ ਦਾ ਨਹੀਂ, ਖ਼ੁਦ ਪ੍ਰਕਾਸ਼ ਸਿੰਘ ਬਾਦਲ ਦਾ ਸੀ। ਉਸ ਨੇ ਅਤੇ ਉਸ ਦੇ ਸਾਬਕਾ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਕੀਤੀ ਜਾ ਰਹੀ ਜਾਂਚ ਦਾ ਇਹ ਕਹਿ ਕੇ ਬਾਈਕਾਟ ਕੀਤਾ ਸੀ ਕਿ ਇਹ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਦੀ ਸਿਆਸੀ ਗਿਣਤੀ-ਮਿਣਤੀ ਪੂਰੀ ਤਰ੍ਹਾਂ ਗਲਤ ਨਿਕਲੀ ਅਤੇ ਉਨ੍ਹਾਂ ਨੂੰ ਮਹਿੰਗੀ ਵੀ ਪਈ। ਪੰਜਾਬ ਵਿੱਚ ਇਸ ਵੇਲੇ ਮੁੱਦਾ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਉਹ ਘਟਨਾਵਾਂ ਹਨ ਜਿਨ੍ਹਾਂ ਦਾ ਸਿੱਟਾ ਕੋਟਕਪੂਰਾ ਤੇ ਬਹਿਬਲ ਕਲਾਂ ਵਿੱਚ ਗੋਲੀਕਾਂਡਾਂ ਦੇ ਰੂਪ ਵਿੱਚ ਨਿਕਲਿਆ। ਇਨ੍ਹਾਂ ਘਟਨਾਵਾਂ ਕਾਰਨ ਹੀ ਸੰਨ 2017 ਦੀ ਵਿਧਾਨ ਸਭਾ ਚੋਣ ਵਿੱਚ ਅਕਾਲੀ ਦਲ ਮਹਿਜ਼ 15 ਸੀਟਾਂ ਉੱਤੇ ਸਿਮਟ ਕੇ ਰਹਿ ਗਿਆ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਸਿਆਸੀ ਦਸਤਾਵੇਜ਼ ਹੈ ਪਰ ਹੁਣ ਇਸ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਦਿੱਤੀ ਗਈ ਪ੍ਰਵਾਨਗੀ ਹਾਸਿਲ ਹੈ। ਇਸ ਵਿੱਚ ਹੋਏ ਇੱਕ ਅਹਿਮ ਇੰਕਸ਼ਾਫ਼ ਤੋਂ ਬਿਨਾ ਇਹ ਰਿਪੋਰਟ ਉਨ੍ਹਾਂ ਸਾਰੀਆਂ ਘਟਨਾਵਾਂ ਦਾ ਵੇਰਵਾ ਮਾਤਰ ਹੀ ਹੈ, ਜਿਨ੍ਹਾਂ ਬਾਰੇ ਲੋਕ ਪਹਿਲਾਂ ਹੀ ਜਾਣਦੇ ਸਨ।

ਵਿਧਾਨ ਸਭਾ ਵਿੱਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਰਿਪੋਰਟ ਉੱਤੇ ਸੱਤ ਘੰਟੇ ਲੰਮੀ ਚੱਲੀ ਬਹਿਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਉੱਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਬਹਿਸ ਦੌਰਾਨ ਬਾਦਲ ਦੀ ਮੌਕਾਪ੍ਰਸਤ ਅਤੇ ਸਮਝੌਤਾਵਾਦੀ ਸਿਆਸਤ ਕਾਰਨ ਉਸ ਦੀ ਸਭ ਤੋਂ ਪਹਿਲੀ ਸਰਕਾਰ ਦੌਰਾਨ ਸੂਬੇ ਵਿੱਚ ਸ਼ੁਰੂ ਹੋਏ ਝੂਠੇ ਪੁਲੀਸ ਮੁਕਾਬਲਿਆਂ ਦਾ ਜ਼ਿਕਰ ਵੀ ਹੋਇਆ। ਵਰਣਨਯੋਗ ਹੈ ਕਿ ਗ਼ਦਰ ਪਾਰਟੀ ਦੇ 80 ਸਾਲਾ ਬਜ਼ੁਰਗ ਇਨਕਲਾਬੀ ਬਾਬਾ ਬੂਝਾ ਸਿੰਘ ਨੂੰ 28 ਜੁਲਾਈ 1970 ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਸੀ। ਪ੍ਰਕਾਸ਼ ਸਿੰਘ ਬਾਦਲ ਨੇ 27 ਮਾਰਚ 1970 ਨੂੰ ਪਹਿਲੀ ਦਫ਼ਾ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਸੀ।

ਅਕਾਲੀ ਦਲ ਦੇ ਇਤਿਹਾਸ ਵਿੱਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗੇ ਆਗੂਆਂ ਨੂੰ ਵੀ ਕਿਸੇ ਨਾ ਕਿਸੇ ਸਮੇਂ ਜਨਤਕ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ; ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਬਿਲਕੁਲ ਇਸੇ ਤਰ੍ਹਾਂ ਵਾਪਰਿਆ ਹੈ। ਸ਼ਾਇਦ ਇਸੇ ਅਹਿਸਾਸ ਕਰਕੇ ਹੀ ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪਹਿਲੀ ਵਾਰੀ 9 ਸਤੰਬਰ ਨੂੰ ਅਬੋਹਰ ਰੈਲੀ ਨੂੰ ਸੰਬੋਧਿਤ ਹੋਏ ਪਰ ਇਸੇ ਸਿਲਸਿਲੇ ਵਿੱਚ ਉਹ ਹੋਰ ਵੱਡੀਆਂ ਗ਼ਲਤੀਆਂ ਕਰ ਬੈਠੇ ਅਤੇ ਇਨ੍ਹਾਂ ਵਿੱਚ ਸਭ ਤੋਂ ਉਘੜਵੀਂ ਇਹ ਸੀ ਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਖਾੜਕੂਵਾਦ ਪੈਦਾ ਕੀਤਾ ਅਤੇ ਫਿਰ ਇਸ ਨੂੰ ਸ਼ਹਿ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਤਕਰੀਬਨ ਡੇਢ ਦਹਾਕੇ ਤੱਕ ਚੱਲੇ ਖਾੜਕੂਵਾਦ ਦੀਆਂ ਜੜ੍ਹਾਂ ਅੰਮ੍ਰਿਤਸਰ ਵਿੱਚ 13 ਅਪਰੈਲ 1978 ਨੂੰ ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਵਾਪਰੀ ਖ਼ੂਨੀ ਝੜਪ ਵਿੱਚ ਹਨ। ਇਸ ਘਟਨਾ ਨੇ ਸੰਤ ਜਰਨੈਲ ਸਿੰਘ ਨੂੰ ਪੰਜਾਬ ਦੇ ਧਾਰਮਿਕ ਤੇ ਸਿਆਸੀ ਸੀਨ 'ਤੇ ਲਿਆਂਦਾ। ਉਸ ਸਮੇਂ ਵੀ ਪ੍ਰਕਾਸ਼ ਸਿੰਘ ਬਾਦਲ ਹੀ ਮੁੱਖ ਮੰਤਰੀ ਸਨ। ਸੰਤ ਜਰਨੈਲ ਸਿੰਘ ਨੇ 25 ਅਗਸਤ 1977 ਨੂੰ ਦਮਦਮੀ ਟਕਸਾਲ ਦੇ ਮੁਖੀ ਵਜੋਂ ਜਦੋਂ ਸੇਵਾ ਸੰਭਾਲੀ, ਉਸ ਸਮੇਂ ਕਾਂਗਰਸ ਕੇਂਦਰ ਦੀ ਸੱਤਾ ਤੋਂ ਬਾਹਰ ਹੋ ਚੁੱਕੀ ਸੀ। ਇੰਦਰਾ ਗਾਂਧੀ ਅਤੇ ਉਸ ਦੇ ਪੁੱਤਰ ਸੰਜੇ ਗਾਂਧੀ ਨੂੰ ਆਪਣੀ ਸਿਆਸੀ ਤੇ ਨਿੱਜੀ ਹੋਂਦ ਬਚਾਉਣ ਦੇ ਲਾਲੇ ਪਏ ਹੋਏ ਸਨ। ਕੀ ਉਸ ਸਮੇਂ ਇਹ ਦੋਵੇਂ ਮਾਂ-ਪੁੱਤ ਅਕਾਲੀਆਂ ਦੇ ਟਾਕਰੇ ਲਈ ਸੰਤ ਜਰਨੈਲ ਸਿੰਘ ਨੂੰ ਖੜ੍ਹਾ ਕਰ ਸਕਦੇ ਸਨ? ਕਦੇ ਵੀ ਨਹੀਂ। ਸੰਤ ਕਰਤਾਰ ਸਿੰਘ ਦੇ ਦੇਹਾਂਤ ਤੋਂ ਬਾਅਦ ਦਮਦਮੀ ਟਕਸਾਲ ਦੋ ਧੜਿਆਂ ਵਿੱਚ ਵੰਡੀ ਗਈ। ਇੱਕ ਧੜੇ ਨੇ ਜਦੋਂ ਸੰਤ ਜਰਨੈਲ ਸਿੰਘ ਨੂੰ ਆਪਣਾ ਮੁਖੀ ਥਾਪਣ ਦੀ ਰਸਮ ਅਦਾ ਕੀਤੀ ਤਾਂ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਅਕਾਲੀ ਆਗੂਆਂ ਵਿੱਚ ਸ਼ਾਮਿਲ ਸਨ, ਜਿਨ੍ਹਾਂ ਨੇ ਇਸ ਸਮਾਗਮ ਵਿੱਚ ਭਾਗ ਲਿਆ ਅਤੇ ਸੰਤ ਜਰਨੈਲ ਸਿੰਘ ਨੂੰ ਸਿਰੋਪਾਓ ਦੇ ਕੇ ਦਮਦਮੀ ਟਕਸਾਲ ਦੇ ਮੁਖੀ ਵਜੋਂ ਪ੍ਰਵਾਨਗੀ ਦਿੱਤੀ।

ਸਿੱਖ ਖਾੜਕੂ ਸਿਆਸਤ ਨਾਲ ਜੁੜਿਆ ਪਹਿਲਾ ਕਤਲ 24 ਅਪਰੈਲ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਸੀ। ਅਕਾਲੀ ਦਲ ਨੇ ਆਪਣੀ ਵਰਕਿੰਗ ਕਮੇਟੀ ਦੀ 20 ਅਗਸਤ 1980 ਨੂੰ ਹੋਈ ਮੀਟਿੰਗ ਵਿੱਚ ਇਸ ਕਤਲ ਦੀ ਸ਼ਲਾਘਾ ਕਰਕੇ ਹਿੰਸਾ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਸੰਦ ਵਜੋਂ ਵਰਤਣ ਨੂੰ ਵਾਜਬੀਅਤ ਦਿੱਤੀ। ਪ੍ਰਕਾਸ਼ ਸਿੰਘ ਬਾਦਲ ਇਸ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਿਲ ਸੀ। ਉਸ ਨੇ ਖ਼ਾਲਿਸਤਾਨ ਦੀ ਮੰਗ ਕਰਨ ਵਾਲੇ ਉਸ ਮੈਮੋਰੰਡਮ ਉੱਤੇ ਵੀ ਦਸਤਖ਼ਤ ਕੀਤੇ ਹੋਏ ਹਨ, ਜਿਹੜਾ 22 ਅਪਰੈਲ 1992 ਨੂੰ ਯੂਐੱਨਓ ਦੇ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਸਿੱਖ ਆਗੂਆਂ ਵਲੋਂ ਦਿੱਤਾ ਗਿਆ ਸੀ।

ਇਸ ਸਿਆਸੀ ਸੰਕਟ ਦੀ ਇੱਕ ਪਰਤ ਇਹ ਵੀ ਹੈ ਕਿ ਬਾਦਲ ਦਲ ਵੱਲੋਂ ਫਿਰਕੂ ਇਕਸੁਰਤਾ ਅਤੇ ਭਾਈਚਾਰਕ ਸਾਂਝ ਨੂੰ ਖ਼ਤਰਾ ਖੜ੍ਹਾ ਹੋਣ ਦਾ ਪਾਇਆ ਜਾ ਰਿਹਾ ਰੌਲਾ ਹੈ। ਅਜੋਕਾ ਵਾਵਰੋਲਾ ਸਿੱਖ ਧਾਰਮਿਕ ਤੇ ਸਿਆਸੀ ਖੇਤਰ ਵਿੱਚ ਖੜ੍ਹਾ ਹੋਇਆ ਹੈ, ਜਿਸ ਦਾ ਹਿੰਦੂ-ਸਿੱਖ ਸਬੰਧਾਂ ਤੇ ਸਾਂਝ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਬੋਹਰ ਵਿੱਚ ਹੋਈ ਪਾਰਟੀ ਰੈਲੀ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਾਸ਼ਨ ਦੌਰਾਨ ਦੋ ਹੀ ਨੁਕਤੇ ਉਭਾਰੇ- ਇੱਕ ਸੂਬੇ ਵਿੱਚ ਭਾਈਚਾਰਕ ਸਾਂਝ ਨੂੰ ਖ਼ਤਰਾ ਅਤੇ ਦੂਜਾ ਕਾਂਗਰਸ ਪਾਰਟੀ ਹੀ ਪੰਜਾਬ ਵਿੱਚ ਪੈਦਾ ਹੋਏ ਖਾੜਕੂਵਾਦ ਦੀ ਜਨਮਦਾਤੀ ਹੈ। ਅਸਲੀਅਤ ਅਤੇ ਤੱਥ ਇਨ੍ਹਾਂ ਦੋਨਾਂ ਹੀ ਦਲੀਲਾਂ ਨੂੰ ਝੁਠਲਾਉਂਦੇ ਹਨ। ਸਭ ਨੂੰ ਪਤਾ ਹੈ ਕਿ ਬਾਦਲ ਪਰਿਵਾਰ ਵੱਲੋਂ ਫਰੀਦਕੋਟ ਦੀ ਥਾਂ ਬਠਿੰਡਾ ਲੋਕ ਸਭਾ ਸੀਟ ਅਪਣਾਉਣ ਤੋਂ ਬਾਅਦ ਉਹ ਡੇਰਾ ਮੁਖੀ ਨਾਲ ਲੈਣ-ਦੇਣ ਕਰਦਾ ਰਿਹਾ ਹੈ। ਸੁਖਬੀਰ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਸੰਨ 2009 ਵਿੱਚ ਪਹਿਲੀ ਵਾਰ

ਬਾਕੀ ਸਫ਼ਾ 30 'ਤੇ

# ਸਿੱਖਾਂ ਦੀਆਂ ਨਿਰਮਲ ਭਾਵਨਾਵਾਂ ਵੀ ਭਾਰਤੀ ਸਿਆਸਤਦਾਨਾਂ ਲਈ ਰਾਜਨੀਤੀ ਦੀ ਭੱਠੀ ਦਾ ਬਾਲਣ ਨੇ

**ਪਰਮਜੀਤ ਸਿੰਘ**
(ਲੇਖਕ ਮੱਕੜਜਾਲ 'ਤੇ ਚੱਲਦੇ ਖ਼ਬਰ ਅਦਾਰੇ 'ਸਿੱਖ ਸਿਆਸਤ' ਦਾ ਸੰਪਾਦਕ ਹੈ)

ਸੰਨ 1947 ਦੀ ਵੰਡ ਦੀ ਸਭ ਤੋਂ ਵੱਡੀ ਮਾਰ ਸਿੱਖਾਂ ਉੱਤੇ ਪਈ ਭਾਵੇਂ ਕਿ ਇਸ ਦਾ ਸੰਤਾਪ ਮੁਸਲਮਾਨਾਂ ਅਤੇ ਹਿੰਦੂਆਂ ਨੇ ਵੀ ਹੰਢਾਇਆ ਸੀ। ਸਿੱਖ ਨਾ ਸਿਰਫ ਆਪਣੇ ਮੁਲਕ ਤੋਂ ਵਿਰਵੇ ਰਹੇ ਬਲਕਿ ਸਿੱਖਾਂ ਦੀ ਅਬਾਦੀ ਦਾ ਬਹੁਤ ਵੱਡਾ ਹਿੱਸਾ ਆਪਣੇ ਪਵਿੱਤਰ ਗੁਰਧਾਮਾਂ ਦੇ ਦਰਸ਼ਨ-ਦੀਦਾਰ ਤੋਂ ਵੀ ਵਾਂਝਾ ਹੋ ਗਿਆ। ਧਾਰਮਕ-ਭਾਵਨਾਤਮਕ ਤੌਰ 'ਤੇ ਇਹ ਸਿੱਖਾਂ ਲਈ ਏਡੀ ਵੱਡੀ ਤਰਾਸਦੀ ਸੀ ਕਿ ਸਿੱਖ ਦਾਨਿਸ਼ਵਰਾਂ ਨੇ ਵਿਛੜੇ ਗੁਰਧਾਮਾਂ ਦੇ 'ਖੁੱਲ੍ਹੇ-ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ' ਦੀ ਤਾਂਘ ਨੂੰ ਪੰਥ ਦੀ ਅਰਦਾਸ ਦਾ ਹਿੱਸਾ ਬਣਾਇਆ।

ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਸਿੱਖਾਂ ਵੱਲੋਂ ਲੰਮੇ ਸਮੇਂ ਤੋਂ ਕੋਸ਼ਿਸ਼ਾਂ ਹੋ ਰਹੀਆਂ ਹਨ ਪਰ ਸਿਆਸੀ ਸੱਤਾ ਤੋਂ ਵਿਰਵੇ ਹੋਏ ਸਿੱਖਾਂ ਦੀ ਹਾਲਤ ਅਜਿਹੀ ਹੈ ਕਿ ਉਹ ਇਸ ਲਾਂਘੇ ਦੀ ਸਿਰਫ ਮੰਗ ਹੀ ਕਰ ਸਕਦੇ ਹਨ। ਸਬੰਧਤ ਸਰਕਾਰਾਂ ਨਾਲ ਲਾਂਘੇ ਲਈ ਗੱਲਬਾਤ ਕਰਨਾ ਵੀ ਅਸਲ ਵਿੱਚ ਸਿੱਖ ਵੱਲੋਂ ਮੰਗ ਕੀਤੇ ਜਾਣਾ ਹੀ ਹੈ ਕਿਉਂਕਿ ਹੁਣ ਇਹ ਸਰਕਾਰਾਂ ਸਿੱਖਾਂ ਨੂੰ ਆਪਣੇ ਬਰਾਬਰ ਦੀ ਧਿਰ ਨਹੀਂ ਮੰਨਦੀਆਂ।

ਗੁਰਦੁਆਰਾ ਕਰਤਾਰਪੁਰ ਸਾਹਿਬ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਸਿਰਫ ਚਾਰ ਕੁ ਕਿਲੋਮੀਟਰ ਦੀ ਵਿੱਥ ਉੱਤੇ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਹੈ। ਪਹਿਲੇ ਪਾਤਿਸ਼ਾਹ ਗੁਰੂ ਨਾਨਕ ਜੀ ਨੇ ਆਪਣੇ ਸੰਸਾਰਕ ਜੀਵਨ ਦਾ ਸਮਾਂ ਇਸੇ ਥਾਂ ਹੀ ਬਿਤਾਇਆ ਸੀ।



**ਇਸ ਲਾਂਘੇ ਬਾਰੇ ਹਾਲੀਆ ਚਰਚਾ ਨਵਜੋਤ ਸਿੰਘ ਸਿੱਧੂ ਵੱਲੋਂ ਆਪਣੀ ਪਾਕਿਸਤਾਨ ਫੇਰੀ ਮੌਕੇ ਦਿੱਤੇ ਇਸ ਬਿਆਨ ਤੋਂ ਸ਼ੁਰੂ ਹੋਈ ਕਿ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨੇ ਉਸਨੂੰ ਕਿਹਾ ਹੈ ਕਿ ਪਾਕਿਸਤਾਨ ਗੁਰੂ ਨਾਨਕ ਜੀ ਦੇ 550ਵੇਂ ਪਰਕਾਸ਼ ਗੁਰਪੁਰਬ ਉੱਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣ ਬਾਰੇ ਵਿਚਾਰ ਕਰ ਰਿਹਾ ਹੈ।**

ਤਜਵੀਜ਼ ਇਹ ਹੈ ਕਿ ਭਾਰਤ ਤੇ ਪਾਕਿਸਤਾਨ ਦੀ ਸਰਹੱਦ ਦੇ ਆਰ-ਪਾਰ ਡੇਰਾ ਬਾਬਾ ਨਾਨਕ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਇਕ ਲਾਂਘਾ ਤਿਆਰ ਕੀਤਾ ਜਾਵੇ ਤਾਂ ਕਿ ਗੁਰੂ ਨਾਨਕ ਨਾਮ ਲੇਵਾ ਸਿੱਖ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁਲ੍ਹੇ ਦਰਸ਼ਨ ਦੀਦਾਰ ਕਰ ਸਕਣ।

ਇਸ ਲਾਂਘੇ ਬਾਰੇ ਹਾਲੀਆ ਚਰਚਾ ਨਵਜੋਤ ਸਿੰਘ ਸਿੱਧੂ ਵੱਲੋਂ ਆਪਣੀ ਪਾਕਿਸਤਾਨ ਫੇਰੀ ਮੌਕੇ ਦਿੱਤੇ ਇਸ ਬਿਆਨ ਤੋਂ ਸ਼ੁਰੂ ਹੋਈ ਕਿ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨੇ ਉਸਨੂੰ ਕਿਹਾ ਹੈ ਕਿ ਪਾਕਿਸਤਾਨ ਗੁਰੂ ਨਾਨਕ ਜੀ ਦੇ 550ਵੇਂ ਪਰਕਾਸ਼ ਗੁਰਪੁਰਬ ਉੱਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਲਾਂਘਾ ਖੋਲ੍ਹਣ ਬਾਰੇ ਵਿਚਾਰ ਕਰ ਰਿਹਾ ਹੈ।

ਨਵਜੋਤ ਸਿੰਘ ਸਿੱਧੂ ਦੇ ਕੰਮਾਂ ਤੇ ਉਸ ਦੀ ਸਿਆਸਤ ਤੋਂ ਸਿੱਖ ਸਰੋਕਾਰਾਂ ਨੂੰ ਤਰਜੀਹ ਦੇਣ ਵਾਲਾ ਹਿੱਸਾ ਕਦੇ ਵੀ ਖੁਸ਼ ਨਹੀਂ ਰਿਹਾ। ਪਹਿਲੀ ਵਾਰ ਹੈ ਕਿ ਸਿੱਖ ਜਗਤ ਨੇ ਤਕਰੀਬਨ ਸਮੁੱਚੇ ਰੂਪ ਵਿੱਚ ਉਸਦੀ ਇਸ ਪਹਿਲਕਦਮੀ ਦੀ ਹਾਮੀ ਭਰੀ ਹੈ। ਇਸ ਦਾ ਕਾਰਨ ਪਰਤੱਖ ਰੂਪ ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਨਾਲ ਜੁੜੀਆਂ ਸਿੱਖ ਭਾਵਨਾਵਾਂ ਹਨ ਪਰ ਭਾਰਤੀ ਸਿਆਸਤਦਾਨਾਂ ਨੂੰ ਸਿੱਖਾਂ ਦੀਆਂ ਭਾਵਨਾਵਾਂ ਦੀ ਬਜਾਏ ਨਵਜੋਤ ਸਿੰਘ ਸਿੱਧੂ ਵੱਲੋਂ ਪਾਕਿਸਤਾਨੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਨੂੰ ਪਾਈ ਜੱਫੀ ਵਧੇਰੇ ਦਿਸ ਰਹੀ ਹੈ।

ਗੱਲ ਸਿਰਫ ਭਾਜਪਾ, ਕਾਂਗਰਸ ਆਦਿ ਭਾਰਤੀ ਸਿਆਸੀ ਦਲਾਂ ਜਾਂ ਇਹਨਾਂ ਦੇ ਦਿੱਲੀ/ਕੇਂਦਰੀ ਸਿਆਸਤਦਾਨਾਂ ਤੱਕ ਸੀਮਤ ਨਹੀਂ ਹੈ ਪੰਜਾਬ ਦੇ ਭਾਰਤ ਪੱਖੀ ਸਿਆਸਤਦਾਨ ਦੀ ਹਾਲਤ ਵੀ ਵੱਖਰੀ ਨਹੀਂ ਹੈ। ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ, ਹਰਸਿਮਰਤ ਕੌਰ ਬਾਦਲ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਨਜਿੰਦਰ ਸਿੰਘ ਸਿਰਸਾ ਤੱਕ ਸਭ ਦਾ ਇਹੀ ਹਾਲ ਹੈ।

ਅੱਜ (ਸਤੰਬਰ 19) ਦੇ ਅਖਬਾਰਾਂ ਵਿੱਚ ਵੀ ਇਸੇ ਗੱਲ ਦੀ ਚਰਚਾ ਹੈ ਕਿ ਭਾਰਤੀ ਰੱਖਿਆ ਮੰਤਰੀ ਨੂੰ ਨਵਜੋਤ ਸਿੰਘ ਸਿੱਧੂ ਵੱਲੋਂ ਕਈ ਹਫਤੇ ਪਹਿਲਾਂ ਪਾਈ ਕੁਝ ਕੁ ਪਲਾਂ ਦੀ ਜੱਫੀ ਉੱਤੇ ਹਾਲੀ ਤੱਕ ਵੀ ਇਤਰਾਜ਼ ਹੈ। ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕਹਿ ਰਹੀ ਹੈ ਕਿ ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਨੇ ਕਿਸੇ ਤਰ੍ਹਾਂ ਦੀ ਕੋਈ ਪਹਿਲ ਨਹੀਂ ਕੀਤੀ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਕੇਂਦਰੀ ਵਜ਼ਾਰਤ ਵਿੱਚ ਵਜ਼ੀਰੀ ਹੰਢਾ ਰਹੀ ਬੀਬੀ ਹਰਸਿਮਰਤ ਕੌਰ ਬਾਦਲ ਤਾਂ ਇਸ ਮਾਮਲੇ 'ਤੇ ਭਾਰਤ ਸਰਕਾਰ ਦੀ ਵਕੀਲ ਬਣ ਕੇ ਬੋਲ ਰਹੀ ਹੈ। ਬੀਤੇ ਕੱਲ ਹਰਸਿਮਰਤ ਕੌਰ ਬਾਦਲ ਨੇ ਪੱਤਰਕਾਰਾਂ ਨੂੰ ਨਵਜੋਤ ਸਿੰਘ ਸਿੱਧੂ ਵੱਲੋਂ ਕੇਂਦਰ ਨੂੰ ਦਿੱਤੀ ਚਿੱਠੀ ਦੇ ਜਵਾਬ ਵਿੱਚ ਸੁਸ਼ਮਾ ਸਵਰਾਜ ਦੀ ਚਿੱਠੀ ਵਿਖਾਉਂਦਿਆ ਕਿਹਾ ਕਿ ਵੇਖੋ ਭਾਰਤ ਸਰਕਾਰ ਵੀ ਕਹਿ ਰਹੀ ਹੈ ਕਿ ਪਾਕਿਸਤਾਨ ਨੇ ਦੁਵੱਲੀ ਗੱਲਬਾਤ ਦੇ ਨੇਮਾਂ ਤਹਿਤ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਕੋਈ ਪੇਸ਼ਕਸ਼ ਨਹੀਂ ਕੀਤੀ। ਬੀਬੀ ਬਾਦਲ ਨੇ ਹਿੰਦੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਤੇ ਇਹੀ ਰਾਗ ਅਲਾਪਿਆ ਨੇ ਹਾਂ-ਹਾਂ ਪਾਕਿਸਤਾਨ ਦੇ ਫੌਜ ਮੁਖੀ ਨੂੰ ਨਵਜੋਤ ਸਿੰਘ ਸਿੱਧੂ ਨੇ ਜੱਫੀ ਕਿਉਂ ਪਾਈ ਸੀ।

ਜੱਫੀ ਬਿਲਕੁਲ ਕੋਈ ਮਸਲਾ ਨਹੀਂ ਹੈ। ਅਜਿਹੀ ਜੱਫੀ ਨਵਾਜ਼ ਸ਼ਰੀਫ ਤੇ ਨਰਿੰਦਰ ਮੋਦੀ ਨੇ ਵੀ ਪਾਈ ਸੀ। ਕਾਰਗਿਲ ਲੜਾਈ ਮੌਕੇ ਪਾਕਿਸਤਾਨੀ ਫੌਜ ਦੀ ਅਗਵਾਈ ਕਰਨ ਵਾਲੇ ਪਰਵੇਜ਼ ਮੁਸ਼ੱਰਫ ਨਾਲ ਪਾਕਿਸਤਾਨ ਦਾ ਰਾਸ਼ਟਰਪਤੀ ਬਣਨ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਹੁੰਦਿਆਂ ਅਟਲ ਬਿਹਾਰੀ ਵਾਜਪਾਈ ਨੇ ਵੀ ਹੱਥ ਮਿਲਾਏ ਸਨ ਤੇ ਪਹਿਲਾਂ 2004 ਵਿੱਚ ਉਸਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਜ਼ਫਰਉੱਲਾ ਖਾਨ ਜਮਾਲੀ ਨੂੰ ਵੀ ਜੱਫੀ ਪਾਈ ਸੀ। ਇਹ ਜੱਫੀਆਂ ਤੇ ਮਿਲਣੀਆਂ ਕਦੇ ਵੀ ਮਸਲੇ ਨਹੀਂ ਬਣਦੀਆਂ ਰਹੀਆਂ। ਹੁਣ ਵੀ ਮਾਮਲਾ ਜੱਫੀ ਦਾ ਨਹੀਂ ਹੈ ਅਸਲ ਵਿੱਚ ਗੱਲ ਤਾਂ ਇਹ ਹੈ ਕਿ 'ਜੱਫੀ ਤਾਂ ਮਹਿਜ਼ ਬਹਾਨਾ ਹੈ, ਸਿੱਧੂ ਰਾਹੀਂ ਸਿੱਖ ਕੌਮ ਅਸਲ ਨਿਸ਼ਾਨਾ ਹੈ' ਭਾਰਤੀ ਸਿਆਸਤਦਾਨਾਂ ਨੇ ਆਪਣੀ ਸਮੁੱਚੀ ਬਿਆਨਬਾਜ਼ੀ ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਮਾਮਲਾ ਪਿੱਛੇ ਛੱਡ ਦਿੱਤਾ ਹੈ ਅਤੇ ਦੂਸ਼ਣਬਾਜ਼ੀ ਅੱਗੇ ਕਰ ਲਈ ਹੈ।

ਜਦੋਂ ਬਹੁਗਿਣਤੀ ਸਿੱਖ ਭਾਰਤੀ ਹਕੂਮਤ ਦੇ ਕਬਜ਼ੇ ਹੇਠਲੇ ਪੰਜਾਬ ਤੇ ਇਸ ਖਿੱਤੇ ਦੇ ਹੋਰਨਾਂ ਸੂਬਿਆਂ ਵਿੱਚ ਰਹਿ ਰਹੇ ਹਨ ਤਾਂ ਸਿੱਖਾਂ ਦੀਆਂ ਭਾਵਨਾਵਾਂ ਦੇ ਮੱਦੇ-ਨਜ਼ਰ ਲਾਂਘੇ ਦੀ ਤਜਵੀਜ਼ ਭਾਰਤ ਸਰਕਾਰ ਨੂੰ ਪੇਸ਼ ਕਰਨੀ ਚਾਹੀਦੀ ਹੈ ਪਰ ਇੱਥੇ ਇਹ ਮਹਾਂਰਥੀ ਇਹ ਕਹਿ ਰਹੇ ਨੇ ਖਿ 'ਪਾਕਿਸਤਾਨ ਇਹ ਕਿਉਂ ਨਹੀਂ ਕਹਿੰਦਾ ਕਿ ਭਾਰਤ ਵਿੱਚ ਰਹਿੰਦੇ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਦਿਆਂ ਅਸੀਂ ਭਾਰਤ ਸਰਕਾਰ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਬਣਾਉਣ ਦੀ ਲਿਖਤੀ ਤਜਵੀਜ਼ ਪੇਸ਼ ਕਰਦੇ ਹਾਂ'। ਹੁਣ ਜੇਕਰ ਇਹ ਗੱਲ ਸਿਰੇ ਦੀ ਬੇਈਮਾਨੀ ਨਹੀਂ ਹੈ ਤਾਂ ਫਿਰ ਕੀ ਹੈ?

ਭਾਰਤੀ ਸਿਆਸਦਾਨਾਂ ਵੱਲੋਂ ਅਪਣਾਈ ਜਾ ਰਹੀ ਪਹੁੰਚ ਇਹ ਦਰਸਾਉਂਦੀ ਹੈ ਕਿ ਗੁਰਧਾਮਾਂ ਦੇ ਦਰਸ਼ਨ ਦੀਦਾਰ ਲੋਚਦੀਆਂ ਸਿੱਖਾਂ ਦੀਆਂ ਨਿਰਮਲ ਭਾਵਨਾਵਾਂ ਨੂੰ ਭਾਰਤੀ ਸਿਆਸਤਦਾਨਾਂ ਲਈ ਰਾਜਨੀਤੀ ਦੀ ਭੱਠੀ ਦੇ ਬਾਲਣ ਤੋਂ ਵੱਧ ਕੁਝ ਨਹੀਂ ਸਮਝ ਰਹੇ। ਹਾਂ, ਸਿੱਖ ਆਪ ਇਸ ਗੱਲ ਨੂੰ ਕਿੰਨਾ ਕੁ ਸਮਝਦੇ ਹਨ, ਇਹ ਅਗਲਾ ਸਵਾਲ ਹੈ।

# ਸਰਕਾਰੀ ਹਨੇਰਗਰਦੀ ਵਿਚ ਮਾਵਾਂ ਦੇ ਪੁੱਤਾਂ ਨੂੰ ਲੱਭਦਾ ਖੁਦ ਗੁਆਚ ਗਿਆ ਕੁਲਵੰਤ ਸਿੰਘ ਵਕੀਲ

**ਸੁਖਵਿੰਦਰ ਸਿੰਘ**

ਸਰਕਾਰੀ ਜ਼ੁਲਮ ਦਾ ਸ਼ਿਕਾਰ ਹੋ ਰਹੇ ਲੋਕਾਂ ਲਈ ਇਕ ਆਸ ਸੀ ਉਹ। ਰੋਪੜ ਜ਼ਿਲ੍ਹਾ ਕਚਹਿਰੀਆਂ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਜੂਝ ਰਿਹਾ ਸੀ। ਪਰ ਇਕ ਸ਼ਾਮ ਕਿਸੇ ਮਾਂ ਦੇ ਪੁੱਤ ਨੂੰ ਪੁਲਸੀਆ ਤਸ਼ੱਦਦ ਕੇਂਦਰ ਤੋਂ ਲੈਣ ਗਿਆ ਉਹ ਖੁਦ ਗੁਆਚ ਗਿਆ। ਲੋਕਾਂ ਦੇ ਪੁੱਤਾਂ ਨੂੰ ਨਹਿਰਾਂ, ਦਰਿਆਵਾਂ ਦੀ ਡੂੰਘਾਈ ਵਿਚ ਅਲੋਪ ਹੋਣ ਤੋਂ ਬਚਾਉਣ ਵਾਲੇ ਉਸ ਰਾਖੇ ਨੂੰ ਉਸ ਦੀ ਜੀਵਨਸਾਥਣ ਅਤੇ ਕੁੱਛੜ ਦੇ ਬਾਲ ਸਮੇਤ ਗੁੰਮਸ਼ੁਦਗੀ ਦੇ ਕਾਲੇ ਜ਼ੁਲਮੀ ਹਨੇਰਿਆਂ ਵਿਚ ਅਲੋਪ ਕਰ ਦਿੱਤਾ ਗਿਆ। ਉਹ ਵਕੀਲ ਕੁਲਵੰਤ ਸਿੰਘ ਸੀ।

ਸਾਲ 1993 ਦੀ ਗੱਲ ਹੈ, ਜਦੋਂ ਪੰਜਾਬ ਵਿਚ ਕੁਝ ਫੀਸਦੀ ਵੋਟਾਂ ਨਾਲ ਬਣੇ ਮੁੱਖ ਮੰਤਰੀ ਬੇਅੰਤ ਸਿੰਘ ਨੇ ਸਿੱਖਾਂ ਨੂੰ ਸਬਕ ਸਿਖਾਉਣ ਦਾ ਤਹੱਈਆ ਕਰ ਲਿਆ ਸੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਕਦੇ ਅਹਿਮਦ ਸ਼ਾਹ ਅਬਦਾਲੀ ਨੇ ਕੀਤਾ ਸੀ, ਕਦੇ ਲਖਪਤ ਰਾਏ ਤੇ ਜਸਪਤ ਰਾਏ ਨੇ ਕੀਤਾ ਸੀ। ਡੀਜੀਪੀ ਕੇਪੀਐਸ ਗਿੱਲ ਬੇਅੰਤ ਸਿੰਘ ਦੇ ਹੁਕਮਾਂ ਨਾਲ ਭਾਰਤੀ ਨੀਤੀ 'ਤੇ ਚਲਦਿਆਂ ਆਪਣੇ ਪੁਲਸ ਅਫਸਰਾਂ ਨੂੰ ਵੱਧ ਤੋਂ ਵੱਧ ਜ਼ੁਲਮ ਕਰਨ ਲਈ ਉਤਸ਼ਾਹਿਤ ਕਰ ਰਿਹਾ ਸੀ ਤਾਂ ਕਿ ਦਹਿਸ਼ਤ ਦੇ ਸਾਏ ਹੇਠ ਪੰਜਾਬ ਦੀਆਂ ਅਜ਼ਾਦੀ ਤਰੰਗਾਂ ਨੂੰ ਦਬਾਇਆ ਜਾ ਸਕੇ। ਪੰਜਾਬ ਵਿਚ ਮਨੁੱਖੀ ਹੱਕ ਸਿਵਿਆਂ ਵਿਚ ਡੇਰਾ ਪਾ ਕੇ ਬਹਿ ਗਏ ਸਨ।

ਇਸ ਜ਼ੁਲਮ ਦੇ ਹਨੇਰੇ ਵਿਚ ਕੁਝ ਦੀਵੇ ਆਪਣੇ ਕੁਦਰਤੀ ਸੁਭਾਅ ਦੇ ਨਿਯਮਾਂ ਵਿਚ ਬੱਝੇ ਰੋਸ਼ਨੀ ਬਖੇਰ ਰਹੇ ਸਨ। ਇਹ ਦੀਵੇ ਜ਼ੁਲਮ ਦੇ ਦੂਤਾਂ ਨੂੰ ਰੜਕਣੇ ਸੁਭਾਵਿਕ ਸਨ। ਇਹਨਾਂ ਦੀਵਿਆਂ ਵਿਚੋਂ ਹੀ ਇਕ ਕੁਲਵੰਤ ਸਿੰਘ ਸੀ।

25 ਜਨਵਰੀ, 1993 ਦੀ ਸ਼ਾਮ ਨੂੰ ਕੁਲਵੰਤ ਸਿੰਘ ਨੂੰ ਉਸ ਦੇ ਪਿੰਡ ਬੁੱਢਾ ਭੋਰਾ ਦੀ ਪੰਚਾਇਤ ਨੇ ਰੋਪੜ ਪੁਲਿਸ ਵਲੋਂ ਗੈਰਕਾਨੂੰਨੀ ਹਿਰਾਸਤ ਵਿਚ ਰੱਖੀ ਗਈ ਪਿੰਡ ਦੀ ਇਕ ਔਰਤ ਮਨਜੀਤ ਕੌਰ ਅਤੇ ਉਸ ਦੇ ਨਬਾਲਗ ਪੁੱਤ ਨੂੰ ਪੁਲਿਸ ਹਿਰਾਸਤ ਵਿਚੋਂ ਛਡਵਾਉਣ ਲਈ ਕਿਹਾ। ਕੁਲਵੰਤ ਸਿੰਘ ਨੇ ਰਾਤ ਦੇ 09.25 'ਤੇ ਪੁਲਿਸ ਥਾਣੇ ਫੋਨ ਕਰਕੇ ਪਤਾ ਕੀਤਾ ਕਿ ਉਪਰੋਕਤ ਮਾਂ-ਪੁੱਤ ਨੂੰ ਛੱਡ ਦਿੱਤਾ ਗਿਆ ਹੈ ਜਾਂ ਨਹੀਂ। ਅੱਗੋਂ ਜਵਾਬ ਮਿਲਿਆ ਕਿ ਉਪਰੋਕਤ ਮਾਂ-ਪੁੱਤ ਨੂੰ ਛੱਡ ਦਿੱਤਾ ਗਿਆ ਹੈ ਤੇ ਉਹ ਪੁਲਿਸ ਥਾਣੇ ਆ ਕੇ ਉਨ੍ਹਾਂ ਨੂੰ ਲੈ ਜਾਣ ਕਿਉਂਕਿ ਉਨ੍ਹਾਂ ਨੂੰ ਕਿਸੇ ਜ਼ਿੰਮੇਵਾਰ ਬੰਦੇ ਨਾਲ ਹੀ ਭੇਜਿਆ ਜਾਵੇਗਾ। ਰਾਤ ਦਾ ਸਮਾਂ ਹੋਣ ਕਾਰਨ ਤੇ ਔਰਤ ਨੂੰ ਰਿਹਾਅ ਕਰਾ ਕੇ ਲਿਆਉਣ ਸੀ, ਇਸ ਲਈ ਕੁਲਵੰਤ ਸਿੰਘ ਦੀ ਘਰਵਾਲੀ ਵੀ ਉਨ੍ਹਾਂ ਦੇ ਨਾਲ ਚੱਲ ਪਈ ਤੇ ਉਨ੍ਹਾਂ ਆਪਣੇ ਲਗਭਗ 2 ਸਾਲ ਦੇ ਪੁੱਤਰ ਨੂੰ ਵੀ ਨਾਲ ਲੈ ਲਿਆ। ਉਹ ਰਾਤ ਦੇ 09:30 ਵਜੇ ਆਪਣੇ ਪਿੰਡ ਵਾਲੇ ਘਰ ਤੋਂ ਆਪਣੀ ਮਰੂਤੀ ਕਾਰ ਵਿਚ ਪੁਲਿਸ ਥਾਣੇ ਲਈ ਨਿਕਲ ਗਏ। ਉਸ ਤੋਂ ਬਾਅਦ ਇਹ ਪਰਿਵਾਰ ਹਮੇਸ਼ਾ ਲਈ ਲਾਪਤਾ ਹੋ ਗਿਆ (ਕਰ ਦਿੱਤਾ ਗਿਆ)।

ਵਕੀਲ ਕੁਲਵੰਤ ਸਿੰਘ ਦੇ ਪਰਿਵਾਰ ਸਮੇਤ ਇਸ ਤਰ੍ਹਾਂ ਲਾਪਤਾ ਹੋਣ ਮਗਰੋਂ ਪੰਜਾਬ ਹਰਿਆਣਾ ਹਾਈ ਕੋਰਟ ਸਮੇਤ ਪੰਜਾਬ ਅਤੇ ਹਰਿਆਣਾ ਦੀਆਂ ਬਾਰ ਐਸੋਸੀਏਸ਼ਨਾਂ ਦਾ ਵੱਡਾ ਵਿਰੋਧ ਸ਼ੁਰੂ ਹੋ ਗਿਆ। ਇਸ ਸਾਰੇ ਵਿਰੋਧ ਦੇ ਚਲਦਿਆਂ ਪੁਲਿਸ ਨੇ ਇਕ ਝੂਠੀ ਕਹਾਣੀ ਬਣਾਈ ਜਿਸ ਤਹਿਤ ਹਰਪ੍ਰੀਤ ਸਿੰਘ ਨਾਂ ਦੇ ਨੌਜਵਾਨ ਨੂੰ ਕੁਲਵੰਤ ਸਿੰਘ ਅਤੇ ਉਸ ਦੇ ਪਰਿਵਾਰ ਦੇ ਕਤਲ ਲਈ ਦੋਸ਼ੀ ਦੱਸਦਿਆਂ



ਗ੍ਰਿਫਤਾਰ ਕਰਕੇ ਮਾਮਲਾ ਹੱਲ ਕਰਨ ਦਾ ਦਾਅਵਾ ਕੀਤਾ ਗਿਆ।

ਬਾਰ ਐਸੋਸੀਏਸ਼ਨਾਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਅਪੀਲ ਦਰਜ ਕਰਕੇ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਾਉਣ ਦੀ ਮੰਗ ਕੀਤੀ। ਪਰ ਹਾਈ ਕੋਰਟ ਨੇ ਇਹ ਅਰਜੀ ਰੱਦ ਕਰ ਦਿੱਤੀ। ਇਸ ਤੋਂ ਬਾਅਦ ਵਕੀਲਾਂ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਰਜ ਕੀਤੀ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਫੈਸਲਾ ਸੁਣਾਉਂਦਿਆਂ ਪੁਲਿਸ ਵਲੋਂ ਬਣਾਈ ਕਹਾਣੀ ਨੂੰ ਝੂਠ ਦੱਸਿਆ ਤੇ ਕਿਹਾ ਕਿ ਹਰਪ੍ਰੀਤ ਸਿੰਘ ਨੂੰ ਪੁਲਿਸ ਨੇ ਝੂਠਾ ਫਸਾਇਆ ਹੈ। ਸੁਪਰੀਮ ਕੋਰਟ ਨੇ ਕੁਲਵੰਤ ਸਿੰਘ ਅਤੇ ਉਸ ਦੇ ਪਰਿਵਾਰ ਦੇ ਕਤਲ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਾਉਣ ਦੇ ਹੁਕਮ ਵੀ ਜਾਰੀ ਕੀਤੇ।

ਪੁਲਿਸ ਸਟੇਸ਼ਨ ਰੋਪੜ ਵਿਖੇ 8 ਅਕਤੂਬਰ 1993 ਨੂੰ ਭਾਰਤੀ ਸਜ਼ਾਵਲੀ ਦੀ ਧਾਰਾ 364, 302, 201 ਅਤੇ ਟਾਡਾ ਕਾਨੂੰਨ ਦੀ ਧਾਰਾ 3, 4, 5 ਅਧੀਨ ਦਰਜ ਐਫਆਈਆਰ ਨੰ. 10 'ਤੇ ਸੀਬੀਆਈ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ। ਸੀਬੀਆਈ ਵਲੋਂ ਇਸ ਮਾਮਲੇ ਦੀ ਜਾਂਚ ਸਬੰਧੀ ਆਪਣੀ ਆਖਰੀ ਰਿਪੋਰਟ 7 ਮਾਰਚ, 1996 ਨੂੰ ਸੁਪਰੀਮ ਕੋਰਟ ਵਿਚ ਦਰਜ ਕਰਾਈ ਗਈ। ਇਸ ਜਾਂਚ ਰਿਪੋਰਟ ਵਿਚ ਸੀਬੀਆਈ ਨੇ ਦੱਸਿਆ ਕਿ ਪੁਲਿਸ ਨੇ ਹਰਪ੍ਰੀਤ ਸਿੰਘ ਨੂੰ ਇਸ ਮਾਮਲੇ ਵਿਚ ਝੂਠਾ ਫਸਾਇਆ ਸੀ। ਸੀਬੀਆਈ ਨੇ ਹਰਪ੍ਰੀਤ ਸਿੰਘ ਨੂੰ ਮਾਮਲੇ ਵਿਚ ਝੂਠਾ ਫਸਾਉਣ ਦੇ ਦੋਸ਼ ਵਿਚ ਸਬ ਇੰਸਪੈਕਟਰ ਅਵਿੰਦਰਵੀਰ ਸਿੰਘ, ਅਸਿਸਟੈਂਟ ਸਬ ਇੰਸਪੈਕਟਰ ਦਰਸ਼ਨ ਸਿੰਘ, ਇੰਸਪੈਕਟਰ ਬਲਵੰਤ ਸਿੰਘ ਅਤੇ ਡੀਐਸਪੀ ਜਸਪਾਲ ਸਿੰਘ ਖਿਲਾਫ ਭਾਰਤੀ ਸਜ਼ਾਵਲੀ ਦੀ ਧਾਰਾ 193, 194, 211 ਅਤੇ 218 ਅਧੀਨ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ। ਇਸ ਤੋਂ ਇਲਾਵਾ ਉਸ ਸਮੇਂ ਦੇ ਪੰਜਾਬ ਪੁਲਿਸ ਦੇ ਡੀਆਈਜੀ ਸੰਜੀਵ ਗੁਪਤਾ ਖਿਲਾਫ ਵੀ ਕੁਤਾਹੀ ਵਰਤਣ ਲਈ ਕਾਰਵਾਈ ਦੀ ਸਿਫਾਰਿਸ਼ ਕੀਤੀ।

ਸੀਬੀਆਈ ਦੀਆਂ ਇਹਨਾਂ ਸਿਫਾਰਿਸ਼ਾਂ 'ਤੇ ਟਿੱਪਣੀ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਵਲੋਂ ਅਦਾਲਤ ਵਿਚ ਪੇਸ਼ ਹੋਏ ਵਕੀਲ ਨਵਕਿਰਨ ਸਿੰਘ ਨੇ ਅਦਾਲਤ ਨੂੰ ਕਿਹਾ ਕਿ ਕੁਲਵੰਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ ਕਤਲ ਕੇਸ ਵਿਚ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਸਾਬਿਤ ਕਰਦੇ ਸਬੂਤ ਮੌਜੂਦ ਹਨ। ਉਨ੍ਹਾਂ ਸਵਾਲ ਕੀਤਾ ਕਿ ਜੇ ਪੁਲਿਸ ਦੀ ਕਹਾਣੀ ਗਲਤ ਸਾਬਿਤ ਹੋ ਚੁੱਕੀ ਹੈ ਤੇ ਕਤਲ ਹਰਪ੍ਰੀਤ ਸਿੰਘ ਨੇ ਨਹੀਂ ਕੀਤੇ ਤਾਂ ਕਤਲ ਕੀਤੇ ਕਿਸ ਨੇ ਹਨ?

ਇਸ ਤੋਂ ਬਾਅਦ ਅਦਾਲਤ ਨੇ ਸੀਬੀਆਈ ਨੂੰ ਇਸ ਮਾਮਲੇ ਵਿਚ ਅੱਗੇ ਹੋਰ ਜਾਂਚ ਕਰਨ ਦੇ ਹੁਕਮ ਦਿੱਤੇ। ਸੁਪਰੀਮ ਕੋਰਟ ਦੇ ਫੈਸਲੇ ਨਾਲ ਮਾਮਲਾ ਰੋਪੜ ਤੋਂ ਚੰਡੀਗੜ੍ਹ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਗਿਆ। ਸਾਲ 2000 ਵਿਚ ਸੀਬੀਆਈ ਨੇ ਅਦਲਾਤ ਵਿਚ ਚਾਰਜਸ਼ੀਟ ਪੇਸ਼ ਕੀਤੀ ਜਿਸ ਵਿਚ ਕੁਲਵੰਤ ਸਿੰਘ ਅਤੇ ਉਸਦੇ ਪਰਿਵਾਰ ਦੇ ਕਤਲ ਅਤੇ ਹਰਪ੍ਰੀਤ ਸਿੰਘ ਨੂੰ ਝੂਠੇ ਕੇਸ ਵਿਚ ਫਸਾਉਣ ਲਈ ਉਕਤ ਚਾਰ ਪੁਲਿਸ ਮੁਲਾਜ਼ਮਾਂ ਨੂੰ ਦੋਸ਼ੀ ਦੱਸਿਆ ਗਿਆ।

ਸਾਲ 2002 ਵਿਚ ਅਦਾਲਤ ਨੇ ਫੈਸਲਾ ਸੁਣਾਉਂਦਿਆਂ ਹਰਪ੍ਰੀਤ ਸਿੰਘ ਨੂੰ ਝੂਠੇ ਮਾਮਲੇ ਵਿਚ ਫਸਾਉਣ ਦੇ ਦੋਸ਼ਾਂ ਵਿਚ ਐਸਐਚਓ ਅਰਵਿੰਦਰਬੀਰ ਸਿੰਘ ਨੂੰ 10 ਸਾਲ ਦੀ ਸਜ਼ਾ ਸੁਣਾਈ ਤੇ ਬਾਕੀ ਤਿੰਨਾਂ ਨੂੰ ਇਸ ਮਾਮਲੇ ਵਿਚੋਂ ਬਰੀ ਕਰ ਦਿੱਤਾ।

ਕੁਲਵੰਤ ਸਿੰਘ ਅਤੇ ਉਸਦੇ ਪਰਿਵਾਰ ਦੇ ਕਤਲ ਮਾਮਲੇ ਵਿਚ ਫੈਸਲਾ ਸੁਣਾਉਂਦਿਆਂ ਅਦਾਲਤ ਨੇ 30 ਨਵੰਬਰ 2012 ਨੂੰ ਉਕਤ ਚਾਰੇ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਬਰੀ ਕਰ ਦਿੱਤਾ। ਇਸ ਤਰ੍ਹਾਂ ਲੋਕਾਂ ਦੇ ਮਨੁੱਖੀ ਹੱਕਾਂ ਲਈ ਬੋਲਣ ਵਾਲੇ ਵਕੀਲ ਕੁਲਵੰਤ ਸਿੰਘ ਦੇ ਇਨਸਾਫ ਦੀ ਅਵਾਜ਼ ਨੂੰ ਭਾਰਤੀ ਨਿਆਪਾਲਿਕਾ ਨੇ ਦੱਬ ਦਿੱਤਾ।

**(ਸਿੱਖ ਸਿਆਸਤ 'ਚੋਂ ਧੰਨਵਾਦ ਸਹਿਤ)**

# 'ਮੌਬ ਲਿੰਚਿੰਗ' ਉੱਤੇ ਮੋਦੀ ਸਰਕਾਰ ਵਰਤ ਰਹੀ ਏ ਢਿੱਲ



- ਭਗਵੇਂ ਅੱਤਵਾਦੀਆਂ ਨੂੰ ਉਤਸ਼ਾਹਿਤ ਕਰਨ ਲਈ ਭਾਜਪਾ ਮੰਤਰੀ ਸਰਗਰਮ
- ਭਗਵੀਆਂ ਭੀੜਾਂ ਦੇ ਅੱਤਵਾਦ ਨੂੰ ਰੋਕਣ ਦੇ ਬਹਾਨੇ ਸ਼ੋਸ਼ਲ ਮੀਡੀਆ 'ਤੇ ਪਾਬੰਦੀ ਲੱਗਣ ਲੱਗੀ

**ਦਿੱਲੀ/ਬਿਊਰੋ ਨਿਊਜ਼ :**
ਮੋਦੀ ਰਾਜ ਦੌਰਾਨ ਭਾਰਤ ਵਿਚ ਭੀੜ ਦੀ ਹਿੰਸਾ ਦਾ ਮੁੱਦਾ ਵੱਡੇ ਪੱਧਰ 'ਤੇ ਛਾਇਆ ਹੋਇਆ ਹੈ। ਇਹੋ ਜਿਹੀਆਂ ਘਟਨਾਵਾਂ ਬਹੁਤ ਤੇਜ਼ੀ ਨਾਲ ਫੈਲ ਰਹੀਆਂ ਹਨ। ਗਊ ਹੱਤਿਆ ਦਾ ਸ਼ੱਕ ਹੋਣ 'ਤੇ ਭਗਵੀਆਂ ਭੀੜਾਂ ਹਥਿਆਰਬੰਦ ਦਲਿਤਾਂ ਤੇ ਮੁਸਲਮਾਨਾਂ ਦੀ ਕੁੱਟ-ਕੁੱਟ ਕੇ ਹੱਤਿਆ ਕਰ ਰਹੀਆਂ ਹਨ ਪਰ ਹਾਲੇ ਤੱਕ ਪੁਲੀਸ ਇਨ੍ਹਾਂ 'ਤੇ ਕਾਬੂ ਨਹੀਂ ਪਾ ਸਕੀ, ਕਿਉਂਕਿ ਸੱਤਾਧਾਰੀ ਧਿਰਾਂ ਗਊ ਭਗਤਾਂ ਦੇ ਹੱਕ ਵਿਚ ਹਨ ਤੇ ਪੂਰੀ ਤਰ੍ਹਾਂ ਇਨ੍ਹਾਂ ਨੂੰ ਉਤਸ਼ਾਹਿਤ ਕਰ ਰਹੀਆਂ ਹਨ।

ਭਾਜਪਾ ਸ਼ਾਸਿਤ ਰਾਜਾਂ ਦੇ ਸਥਾਨਕ ਪ੍ਰਸ਼ਾਸਨ ਤੇ ਸੂਬਾਈ ਸਰਕਾਰਾਂ ਦੇ ਬੁਰੀ ਤਰ੍ਹਾਂ ਫੇਲ੍ਹ ਰਹਿਣ ਦੀ ਹਾਲਤ ਵਿਚ ਸੁਪਰੀਮ ਕੋਰਟ ਨੇ 17 ਜੁਲਾਈ ਨੂੰ 'ਮੌਬ ਲਿੰਚਿੰਗ' ਦੀ ਨਿੰਦਾ ਕਰਦੇ ਹੋਏ ਸੰਸਦ ਤੋਂ ਅਜਿਹੇ ਅਪਰਾਧਾਂ ਪ੍ਰਤੀ ਲੋਕਾਂ ਦੇ ਮਨ ਵਿਚ ਡਰ ਪੈਦਾ ਕਰਨ ਲਈ ਨਿਯਮ ਬਣਾਉਣ ਲਈ ਕਿਹਾ ਹੈ। ਸੁਪਰੀਮ ਕੋਰਟ ਅਨੁਸਾਰ, "ਭੀੜਤੰਤਰ ਦੇ ਭਿਆਨਕ ਕਾਰਿਆਂ ਨੂੰ ਰਾਸ਼ਟਰ ਦੇ ਕਾਨੂੰਨਾਂ ਨੂੰ ਮਿੱਧਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।"

ਕੇਂਦਰ ਦਾ ਪੱਖ ਰੱਖਦੇ ਹੋਏ ਅਟਾਰਨੀ ਜਨਰਲ ਕੇਕੇ. ਵੇਣੂਗੋਪਾਲ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਸਰਕਾਰ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਇਸ ਸਬੰਧ ਵਿਚ ਕਾਨੂੰਨ ਬਣਾਉਣ 'ਤੇ ਵਿਚਾਰ ਕਰਨ ਲਈ ਮੰਤਰੀਆਂ ਦੀ ਇਕ ਵਿਸ਼ੇਸ਼ ਅਧਿਕਾਰ ਕਮੇਟੀ ਬਣਾਈ ਹੈ। ਇਸੇ ਲਈ ਸੁਪਰੀਮ ਕੋਰਟ ਦੇ ਡਵੀਜ਼ਨ ਬੈਂਚ ਨੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਵੀ ਨਾਗਰਿਕਾਂ ਦੇ ਜੀਵਨ ਦੀ ਰੱਖਿਆ ਲਈ ਕੁਝ ਵਿਸ਼ੇਸ਼ ਵਿਵਸਥਾ ਕਰਨ ਦਾ ਹੁਕਮ ਦਿੱਤਾ ਸੀ।

7 ਸਤੰਬਰ ਨੂੰ ਸੁਪਰੀਮ ਕੋਰਟ ਨੇ ਇਸ ਤੱਥ ਦਾ ਗੰਭੀਰ ਨੋਟਿਸ ਲਿਆ ਕਿ ਭੀੜ ਅਤੇ ਗਊ ਰੱਖਿਅਕਾਂ ਵਲੋਂ ਹੋਣ ਵਾਲੀਆਂ ਹਿੰਸਕ ਘਟਨਾਵਾਂ ਨਾਲ ਨਜਿੱਠਣ ਲਈ ਵਿਵਸਥਾ ਤੈਅ ਕਰਨ ਲਈ 17 ਜੁਲਾਈ ਦੇ ਉਸ ਦੇ ਹੁਕਮ ਦੀ ਪਾਲਣਾ 29 ਵਿਚੋਂ ਸਿਰਫ 9 ਸੂਬਿਆਂ ਅਤੇ 7 ਵਿਚੋਂ ਸਿਰਫ 2 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਕੀਤੀ ਸੀ। ਬੀਤੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੇ ਹੋਰਨਾਂ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਪਾਲਣਾ ਰਿਪੋਰਟ ਜਮ੍ਹਾ ਕਰਨ ਲਈ ਇਕ ਹਫਤੇ ਦਾ ਸਮਾਂ ਦਿੱਤਾ ਹੈ।

ਚੀਫ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਏ. ਐੱਮ. ਖਾਨਵਿਲਕਰ ਅਤੇ ਡੀ. ਵਾਈ. ਚੰਦਰਚੂੜ ਨੇ ਕਿਹਾ ਕਿ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਰਿਪੋਰਟ ਜਮ੍ਹਾ ਕਰਨ ਲਈ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਅਜਿਹਾ ਨਾ ਹੋਣ 'ਤੇ ਸਬੰਧਤ ਹੋਮ ਸੈਕਟਰੀਜ਼ ਨੂੰ ਅਦਾਲਤ ਵਿਚ ਸੰਮਨ ਕੀਤਾ ਜਾਵੇਗਾ।

ਸੂਬਿਆਂ ਵਲੋਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰਨਾ ਅਤੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਕਰਨ ਤੋਂ ਕਦਮ ਪਿੱਛੇ ਖਿੱਚਣ ਨਾਲ ਹੀ ਇਸ ਮਾਮਲੇ 'ਤੇ ਉਨ੍ਹਾਂ ਦੀ ਨੀਅਤ ਬਾਰੇ ਬਹੁਤ ਕੁਝ ਪਤਾ ਲੱਗਦਾ ਹੈ। ਸੂਬਿਆਂ ਵਲੋਂ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਨਜ਼ਰਅੰਦਾਜ਼ ਕਰਨਾ ਅਦਾਲਤ ਦੀ ਉਲੰਘਣਾ ਤੋਂ ਘੱਟ ਨਹੀਂ ਹੈ ਪਰ ਆਪਣੇ ਹੀ ਨਾਗਰਿਕਾਂ ਦੀ ਸੁਰੱਖਿਆ ਦੇ ਸਬੰਧ ਵਿਚ ਜਾਰੀ ਅਦਾਲਤੀ ਮਾਮਲੇ ਦੀ ਪਾਲਣਾ ਨਾ ਕਰਨਾ ਆਪਣੇ ਆਪ ਵਿਚ ਨਿਆਇਕ ਜਾਂਚ ਲਈ ਵੀ ਕਾਫੀ ਹੈ।

ਕਾਂਗਰਸੀ ਵਰਕਰ ਤਹਿਸੀਨ ਪੂਨਾਵਾਲਾ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਅਦਾਲਤ ਨੇ 20 ਜੁਲਾਈ ਨੂੰ ਅਲਵਰ ਵਿਚ ਰਕਬਰ ਖਾਨ ਦੀ ਭੀੜ ਵਲੋਂ ਹੋਈ ਹੱਤਿਆ ਦੇ ਮਾਮਲੇ ਵਿਚ ਮੁਲਜ਼ਮ ਪੁਲਸ ਵਾਲਿਆਂ ਵਿਰੁੱਧ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦੇਣ ਲਈ ਰਾਜਸਥਾਨ ਸਰਕਾਰ ਨੂੰ ਹਲਫ਼ਨਾਮਾ ਦਾਇਰ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ।

ਜੇਕਰ ਕਾਨੂੰਨ-ਵਿਵਸਥਾ ਲਾਗੂ ਕਰਨ ਨੂੰ ਲੈ ਕੇ ਸੂਬਿਆਂ ਅਤੇ ਉਸ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਰਵੱਈਆ ਇੰਨਾ ਢਿੱਲ-



ਮੱਠ ਵਾਲਾ ਹੈ ਤਾਂ ਇੰਨਾ ਤਾਂ ਤੈਅ ਹੈ ਕਿ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਅਤੇ ਇੱਛਾ ਵਿਚ ਕੁਝ ਨਾ ਕੁਝ ਤਾਂ ਗੜਬੜ ਜ਼ਰੂਰ ਹੈ।

**ਭਗਵੇਂ ਅੱਤਵਾਦੀਆਂ ਦਾ ਸਰਕਾਰੀ ਸਨਮਾਨ :** ਕੇਂਦਰ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਨੇ ਦੇਸ਼ ਨੂੰ ਫ਼ਿਰਕੂ ਅੱਗ ਵਿੱਚ ਝੋਕਣ ਦਾ ਜਿਹੜਾ ਰਾਹ ਅਖਤਿਆਰ ਕੀਤਾ ਹੋਇਆ ਹੈ, ਉਹ ਬੇਹੱਦ ਖ਼ਤਰਨਾਕ ਹੈ। ਤਾਜ਼ਾ ਘਟਨਾ ਗੁਜਰਾਤ ਦੀ ਹੈ, ਜਿੱਥੇ ਅਜਮੇਰ ਦਰਗਾਹ ਧਮਾਕੇ ਦੇ ਦੋਸ਼ੀ ਦਾ ਹੀਰੋਆਂ ਵਾਂਗ ਸਵਾਗਤ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਭਾਜਪਾ ਆਗੂਆਂ ਉੱਤੇ ਭੀੜਾਂ ਵੱਲੋਂ ਕਤਲ

***ਜ਼ਿਕਰਯੋਗ ਹੈ ਕਿ ਬੀਤੇ ਇਕ ਸਾਲ ਦੌਰਾਨ ਦੇਸ਼ ਦੇ 9 ਸੂਬਿਆਂ ਵਿਚ ਭੀੜਤੰਤਰ ਦੀਆਂ ਵਾਪਰੀਆਂ ਵੱਖ-ਵੱਖ ਘਟਨਾਵਾਂ ਵਿਚ 40 ਵਿਅਕਤੀਆਂ ਦੀ ਮੌਤ ਹੋ ਜਾਣ ਦੇ ਬਾਅਦ ਮੰਤਰੀਆਂ ਦੇ ਸਮੂਹ ਅਤੇ ਸਕੱਤਰਾਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਜੁਲਾਈ ਵਿਚ ਗ੍ਰਹਿ ਮੰਤਰਾਲੇ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਅਦ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਲਾਹ ਜਾਰੀ ਕੀਤੀ ਸੀ।***

ਕੀਤੇ ਗਏ ਮੁਸਲਮਾਨ ਤੇ ਦਲਿਤ ਭਾਈਚਾਰੇ ਦੇ ਲੋਕਾਂ ਦੇ ਕਾਤਲਾਂ ਨੂੰ ਸਨਮਾਨਿਤ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਉੱਤਰ ਪ੍ਰਦੇਸ਼ ਦੇ ਦਾਦਰੀ ਵਿੱਚ ਭਗਵੇਂ ਅੱਤਵਾਦੀਆਂ ਦੀ ਭੀੜ ਵੱਲੋਂ ਗਊ ਮਾਸ ਰੱਖਣ ਦਾ ਦੋਸ਼ ਲਾ ਕੇ ਮੁਹੰਮਦ ਅਖਲਾਕ ਨਾਂਅ ਦੇ ਵਿਅਕਤੀ ਨੂੰ ਕਤਲ ਕਰ ਦਿੱਤਾ ਗਿਆ ਸੀ। ਕਤਲ ਦੇ ਦੋਸ਼ੀ ਵਿਅਕਤੀ ਜਦੋਂ ਜ਼ਮਾਨਤ ਉੱਤੇ ਬਾਹਰ ਆਏ ਤਾਂ ਸਥਾਨਕ ਭਾਜਪਾ ਵਿਧਾਇਕ ਦੀ ਸਿਫ਼ਾਰਸ਼ ਉੱਤੇ ਉਨ੍ਹਾਂ ਨੂੰ ਸਰਕਾਰੀ ਮਾਲਕੀ ਵਾਲੇ ਅਦਾਰੇ ਵਿੱਚ ਨੌਕਰੀ ਦੇ ਦਿੱਤੀ ਗਈ। ਇਸ ਤਰ੍ਹਾਂ ਹੀ ਝਾਰਖੰਡ ਵਿੱਚ ਭੀੜ ਤੰਤਰ ਰਾਹੀਂ ਹੱਤਿਆ ਦੇ ਦੋਸ਼ੀ ਭਗਵੇਂ ਅੱਤਵਾਦੀ ਜਦੋਂ ਜ਼ਮਾਨਤ ਉੱਤੇ ਬਾਹਰ ਆਏ ਤਾਂ ਕੇਂਦਰੀ ਮੰਤਰੀ ਜਯੰਤ ਸਿਨਹਾ ਨੇ ਉਨ੍ਹਾਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਸੀ। ਤਾਜ਼ਾ ਘਟਨਾ ਅਜਮੇਰ ਦਰਗਾਹ ਧਮਾਕੇ ਨਾਲ ਜੁੜੀ ਹੋਈ ਹੈ। ਅਜਮੇਰ ਧਮਾਕੇ ਵਿੱਚ ਭਰੂਚ (ਗੁਜਰਾਤ) ਦੇ ਰਹਿਣ ਵਾਲੇ ਭਾਵੇਸ਼ ਪਟੇਲ ਅਤੇ ਅਜਮੇਰ ਦੇ ਦੇਵੇਂਦਰ ਗੁਪਤਾ ਨੂੰ ਅਗਸਤ 2017 ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਅਜਮੇਰ ਬਲਾਸਟ ਵਿੱਚ ਤਿੰਨ ਵਿਅਕਤੀ ਮਾਰੇ ਗਏ ਸਨ ਤੇ 15 ਹੋਰ ਜ਼ਖ਼ਮੀ ਹੋ ਗਏ ਸਨ। ਪਿਛਲੇ ਹਫ਼ਤੇ ਇਸ ਕੇਸ ਦੀ ਸੁਣਵਾਈ ਕਰਦਿਆਂ ਰਾਜਸਥਾਨ ਹਾਈ ਕੋਰਟ ਨੇ ਅਪੀਲ ਦਾ ਫ਼ੈਸਲਾ ਹੋਣ ਤੱਕ ਦੋਸ਼ੀਆਂ ਨੂੰ ਜ਼ਮਾਨਤ ਉੱਤੇ ਰਿਹਾਅ ਕਰ ਦਿੱਤਾ ਸੀ। ਜ਼ਮਾਨਤ ਉੱਤੇ ਰਿਹਾਅ ਹੋਣ ਤੋਂ ਬਾਅਦ ਭਾਵੇਸ਼ ਪਟੇਲ ਜਦੋਂ ਭਰੂਚ ਰੇਲਵੇ ਸਟੇਸ਼ਨ ਉੱਤੇ ਪੁੱਜਾ ਤਾਂ ਉਸ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।

ਭਗਵਾਂ ਵਸਤਰਧਾਰੀ ਅਤੇ ਖ਼ੁਦ ਨੂੰ ਸਵਾਮੀ ਮੁਕਤਾਨੰਦ ਦੱਸਣ ਵਾਲੇ ਭਾਵੇਸ਼ ਇੱਕ ਜਲੂਸ ਦੇ ਨਾਲ ਆਪਣੇ ਘਰ ਪੁੱਜੇ। ਇਸ ਸਵਾਗਤੀ ਜਲੂਸ ਵਿੱਚ ਭਰੂਚ ਨਗਰ ਪਾਲਿਕਾ ਦੇ ਭਾਜਪਾ ਦੇ ਪ੍ਰਧਾਨ ਸੁਰਭਬੀਨ ਤਮਕੂਵਾਲਾ, ਕੌਂਸਲਰ ਮਾਰੂਤੀ ਸਿੰਘ ਅਤੋਦਾਰੀਆ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਿਰਲ ਦੇਸਾਈ ਅਤੇ ਸਥਾਨਕ ਆਰ ਐੱਸ ਐੱਸ ਦੇ ਮੈਂਬਰ ਸ਼ਾਮਲ ਸਨ। ਭਾਵੇਸ਼ ਪਟੇਲ ਤੇ ਦੇਵੇਂਦਰ ਗੁਪਤਾ ਵੀ ਆਰ ਐੱਸ ਐੱਸ ਦੇ ਮੈਂਬਰ ਹਨ। ਭਾਜਪਾ ਦੀ ਮਾਂ ਪਾਰਟੀ ਆਰ ਐੱਸ ਐੱਸ ਦਾ ਹਿੰਸਕ ਵਾਰਦਾਤਾਂ ਨਾਲ ਪੁਰਾਣਾ ਨਾਤਾ ਰਿਹਾ ਹੈ। ਸੰਨ 1948 ਵਿੱਚ ਇਸ ਦੇ ਮੈਂਬਰ ਨੱਥੂ ਰਾਮ ਗੌਡਸੇ ਵੱਲੋਂ ਮਹਾਤਮਾ ਗਾਂਧੀ ਦਾ ਕਤਲ ਇਸ ਦੀ ਉੱਘੜਵੀਂ ਮਿਸਾਲ ਹੈ, ਪਰ ਅੱਜ ਜੋ ਹੋ ਰਿਹਾ ਹੈ, ਉਦੋਂ ਹੋ ਰਿਹਾ ਹੈ, ਜਦੋਂ ਸਮੁੱਚੇ ਦੇਸ਼ ਦੀ ਵਾਗਡੋਰ ਭਾਜਪਾ ਦੇ ਹੱਥ ਹੈ। ਦੇਸ਼ ਦੀ ਇਹ ਸਥਿਤੀ ਬੇਹੱਦ ਖ਼ਤਰਨਾਕ ਹੈ।

**ਕੀ ਕਹਿੰਦੇ ਹਨ ਉਪ ਰਾਸ਼ਟਰਪਤੀ :** ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ ਦਾ ਕਹਿਣਾ ਹੈ ਕਿ ਨਫ਼ਰਤ ਅਤੇ ਭੀੜ ਹੱਤਿਆ ਵਰਗੇ ਮਾਮਲਿਆਂ ਵਿਚ ਸ਼ਾਮਲ ਲੋਕ ਖ਼ੁਦ ਨੂੰ ਰਾਸ਼ਟਰਵਾਦੀ ਨਹੀਂ ਕਹਿ ਸਕਦੇ। ਨਾਲ ਹੀ ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਰੋਕਣ ਲਈ ਸਿਰਫ਼ ਕਾਨੂੰਨ ਪ੍ਰਾਪਤ ਨਹੀਂ, ਬਲਕਿ ਸਾਮਾਜਿਕ ਵਿਹਾਰ ਵਿਚ ਬਦਲਾਅ ਲਿਆਉਣਾ ਵੀ ਬਹੁਤ ਜ਼ਰੂਰੀ ਹੈ। ਉਪ ਰਾਸ਼ਟਰਪਤੀ ਨੇ ਭੀੜ ਹੱਤਿਆ ਵਰਗੀਆਂ ਘਟਨਾਵਾਂ ਦੇ ਰਾਜਨੀਤੀਕਰਨ 'ਤੇ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰਾਜਨੀਤਕ ਦਲਾਂ ਨਾਲ ਜੋੜ ਕੇ ਨਹੀਂ ਦੇਖਣਾ ਚਾਹੀਦਾ। ਉਪ ਰਾਸ਼ਟਰਪਤੀ ਨੇ ਕਿਹਾ ਕਿ ਇਹ ਕੋਈ ਨਵਾਂ ਚਲਨ ਨਹੀਂ, ਪਹਿਲਾਂ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਸਨ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪਿਛਲੇ ਇੱਕ ਸਾਲ ਵਿਚ ਨੌਂ ਸੂਬਿਆਂ ਵਿਚ ਭੀੜ ਹੱਤਿਆ ਦੀਆਂ ਘਟਨਾਵਾਂ ਵਿਚ 40 ਲੋਕਾਂ ਦੀ ਜਾਨ ਗਈ ਹੈ।

**ਸ਼ੋਸ਼ਲ ਮੀਡੀਆ 'ਤੇ ਤਿੱਖੀ ਨਜ਼ਰ ਰੱਖੇ-ਗ੍ਰਹਿ ਮੰਤਰਾਲਾ :** ਗ੍ਰਹਿ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਮੰਤਰੀਆਂ ਦੇ ਸਮੂਹ ਵਲੋਂ ਭੀੜਤੰਤਰ ਦੇ ਮਾਮਲਿਆਂ ਦੀ ਜਾਂਚ ਸਬੰਧੀ ਬਣਾਈ ਉਸ ਕਮੇਟੀ ਦੀਆਂ ਸਿਫਾਰਸ਼ਾਂ ਸਬੰਧੀ ਚਰਚਾ ਕੀਤੀ ਗਈ, ਜਿਸ ਦਾ ਗਠਨ ਭੀੜਤੰਤਰ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਲਈ ਤਰੀਕੇ ਸੁਝਾਉਣ ਲਈ ਕੀਤਾ ਗਿਆ ਸੀ। ਕੇਂਦਰੀ ਗ੍ਰਹਿ ਸਕੱਤਰ ਰਾਜੀਵ ਗਾਬਾ ਦੀ ਪ੍ਰਧਾਨਗੀ ਵਾਲੀ ਸਕੱਤਰਾਂ ਦੀ ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਵਿਚੋਂ ਇਕ ਭਾਰਤ ਵਿਚ ਸੋਸ਼ਲ ਮੀਡੀਆ ਦੇ ਅਧਿਕਾਰੀਆਂ 'ਤੇ ਭੀੜਤੰਤਰ ਦੀ ਜ਼ਿੰਮੇਵਾਰੀ ਪਾਉਣਾ ਹੈ, ਜਿਸ ਨਾਲ ਭੀੜਤੰਤਰ ਦੀਆਂ ਘਟਨਾਵਾਂ 'ਤੇ ਫੇਸਬੁੱਕ, ਵੱਟਸਐਪ ਵਰਗੀਆਂ ਸੋਸਲ ਮੀਡੀਆ ਕੰਪਨੀਆਂ ਦੇ ਅਧਿਕਾਰੀਆਂ ਦੀ ਵੀ ਜਵਾਬਦੇਹੀ ਤੈਅ ਹੋ ਸਕਦੀ ਹੈ। ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਦੱਸਿਆ ਕਿ ਮੰਤਰੀਆਂ ਦੇ ਸਮੂਹ ਦੀ ਇਹ ਪਹਿਲੀ ਮੀਟਿੰਗ ਸੀ ਅਤੇ ਇਸ ਦੌਰਾਨ ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਸਬੰਧੀ ਜਾਣਕਾਰੀ ਦਿੱਤੀ ਗਈ। ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਹੈ ਕਿ ਭੀੜਤੰਤਰ ਦੇ ਮਾਮਲਿਆਂ ਸਬੰਧੀ ਕਾਨੂੰਨ ਨੂੰ ਹੋਰ ਸਖ਼ਤ ਕੀਤੇ ਜਾਣ ਦੀ ਲੋੜ ਹੈ ਅਤੇ ਇਸ ਸਬੰਧੀ ਕਾਨੂੰਨ ਵਿਚ ਨਵੀਆਂ ਵਿਵਸਥਾਵਾਂ ਸ਼ਾਮਿਲ ਕੀਤੀਆ ਜਾਣ।

ਅਧਿਕਾਰੀ ਨੇ ਦੱਸਿਆ ਕਿ ਮੰਤਰੀਆਂ ਦੇ ਸਮੂਹ ਵਲੋਂ ਅਗਲੇ ਕੁਝ ਹਫ਼ਤਿਆਂ ਦੌਰਾਨ ਮੀਟਿੰਗ ਕਰਕੇ ਕਮੇਟੀ ਵਲੋਂ ਕੀਤੀਆਂ ਸਿਫਾਰਸ਼ਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ ਅਤੇ ਅੰਤਿਮ ਫ਼ੈਸਲੇ ਲਈ ਇਨ੍ਹਾਂ ਸਿਫਾਰਸ਼ਾਂ ਨੂੰ ਪ੍ਰਧਾਨ ਮੰਤਰੀ ਕੋਲ ਭੇਜਿਆ ਜਾਵੇਗਾ। ਗ੍ਰਹਿ ਮੰਤਰੀ ਰਾਜਨਾਥ ਦੀ ਪ੍ਰਧਾਨਗੀ ਹੇਠ ਬਣਾਏ ਮੰਤਰੀਆਂ ਦੇ ਸਮੂਹ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਟ੍ਰਾਂਸਪੋਰਟ ਮੰਤਰੀ ਨਿਤਿਨ ਗਡਕਰੀ, ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਅਤੇ ਸਮਾਜਿਕ ਨਿਆਂ ਮੰਤਰੀ ਥਾਵਰ ਚੰਦ ਗਹਿਲੋਤ ਸ਼ਾਮਿਲ ਹਨ। ਜ਼ਿਕਰਯੋਗ ਹੈ ਕਿ ਬੀਤੇ ਇਕ ਸਾਲ ਦੌਰਾਨ ਦੇਸ਼ ਦੇ 9 ਸੂਬਿਆਂ ਵਿਚ ਭੀੜਤੰਤਰ ਦੀਆਂ ਵਾਪਰੀਆਂ ਵੱਖ-ਵੱਖ ਘਟਨਾਵਾਂ ਵਿਚ 40 ਵਿਅਕਤੀਆਂ ਦੀ ਮੌਤ ਹੋ ਜਾਣ ਦੇ ਬਾਅਦ ਮੰਤਰੀਆਂ ਦੇ ਸਮੂਹ ਅਤੇ ਸਕੱਤਰਾਂ ਦੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਜੁਲਾਈ ਵਿਚ ਗ੍ਰਹਿ ਮੰਤਰਾਲੇ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਬਾਅਦ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਲਾਹ ਜਾਰੀ ਕੀਤੀ ਸੀ।

## ਆਰਐਸਐਸ ਨੂੰ ਕਾਂਗਰਸ ਦਾ ਹੇਜ ਜਾਗਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਕਿ ਕਾਂਗਰਸ ਨੇ ਭਾਰਤ ਦੇ ਸੁਤੰਤਰਤਾ ਅੰਦੋਲਨ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਭਾਰਤ ਨੂੰ ਕਈ ਮਹਾਨ ਵਿਅਕਤੀ ਦਿੱਤੇ। ਉਹ ਇਥੇ ਵਿਗਿਆਨ ਭਵਨ ਵਿਚ 'ਭਵਿੱਖ ਦਾ ਭਾਰਤ : ਆਰਐਸਐਸ ਦਾ ਦ੍ਰਿਸ਼ਟੀਕੋਣ' ਵਿਸ਼ੇ 'ਤੇ ਕਰਵਾਏ ਤਿੰਨ ਦਿਨਾ ਸਮਾਗਮ ਦੇ ਪਹਿਲੇ ਦਿਨ ਬੋਲ ਰਹੇ ਸਨ। ਸ੍ਰੀ ਭਾਗਵਤ ਨੇ ਸੰਘ ਦੇ ਵਿਸ਼ੇ ਵਿਚ ਵਿਸਥਾਰਤ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਸੰਗਠਨ ਹਿੰਦੂ ਸਮਾਜ ਨੂੰ ਇਕਜੁੱਟ ਕਰਨ ਅਤੇ



ਚਰਿੱਤਰ ਨਿਰਮਾਣ ਵਿਚ ਜੁਟਿਆ ਹੋਇਆ ਹੈ। ਇਸ ਮੌਕੇ ਉਨ੍ਹਾਂ ਕਾਂਗਰਸ ਪਾਰਟੀ ਪ੍ਰਤੀ ਆਪਣੀ ਸੁਰ ਨਰਮ ਰੱਖੀ, ਜਿਸ ਤੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸੰਘ ਨੂੰ ਵੀ ਅਗਾਮੀ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਹਾਰ ਦਾ ਅਨੁਮਾਨ ਲੱਗ ਗਿਆ ਹੈ।

FREMONT GURDWARA SAHIB

## GURDWARA SAHIB FREMONT SPORTS ACADEMY

## PROUDLY PRESENTS



**Basketball, soccer and volleyball training and recruitment for Sikh youth**

**Participants Age Group**

Group 1 - 8-12 years

Group 2 - 12-14 years

Group 3 - 14-17 years






**Sports do not build character.**

**They reveal it.**

Registration start already from
**09/02/2108**
It's open for 4 weeks untill
**09/23/2018**





# GSF SPORTS ACADEMY

**Registration starts September 2nd, 2018**
**Registration Fees: $20**

**For more details contact:**

Kamaljit Singh Longia - 5102098652
Tejpal Singh - 5103868297
Kamaljit Singh - 5104914796
Kanwaljit Singh - 5105987345

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1, 2017 to January 31, 2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


Chicago's Pizza
With a twist
FOR SALE
Great business opportunity available in the Livermore area.
Many varieties of Indian fusion pizza as well as pasta, wings, salads, etc.
Business has been profitable for the sellers.
Situated in a great location, off of 580.
ਲਿਵਰਮੋਰ ਸ਼ਹਿਰ ਵਿੱਚ
ਸ਼ਿਕਾਗੋ ਪੀਜ਼ਾ ਸਟੋਰ
ਵਿਕਾਊ ਹੈ।
Bhupinder Singh Dev
realtor92@yahoo.com
BRE# 01130627
510-459-7537
RE/MAX
Active Realty
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ. ਭੁਪਿੰਦਰ ਸਿੰਘ: 510-459-7537


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar
& Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


ਅਮਰੀਕਾ ਵਿਚ ਇੰਡੀਅਨ
ਗਰੋਸਰੀ ਦੇ ਨੰਬਰ ਵਨ
1
MDH
SHAH
mazza
ਹੋਲਸੇਲਰ
ASHOKA
ORGANIC SUGAR
ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ
ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ,
ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ
Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com



# H S Homes Inc

Construction Company

**All Under One Roof**

* General Contractors
* Home Builders
* Remodel & Repair
* Electric
* Construction Management
* Consulting

## ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀਆਂ ਲੱਖ ਲੱਖ ਵਧਾਈਆਂ



ਅਸੀਂ ਕੈਲੀਫੋਰਨੀਆ ਦੇ ਮਨਜ਼ੂਰਸ਼ੁਦਾ Contractors ਹਾਂ ਅਸੀਂ Construction ਨਾਲ ਸੰਬੰਧਤ ਹਰ ਤਰ੍ਹਾਂ ਦੀਆਂ ਪ੍ਰੋਫੈਸ਼ਨਲ ਸੇਵਾਵਾਂ ਦਿੰਦੇ ਹਾਂ।

**510-952-6702**

Consths@gmail.com

Satpal Singh
General Contractor cslb Lic # 937498

New Construction & Remodeling



ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ

**21 ਤੋਂ 23 ਸਤੰਬਰ 2018 ਤੱਕ**



ਗੁਰੂ ਪਿਆਰੀ ਸਾਧ ਸੰਗਤ ਜੀਓ,
ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ
**ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ**
ਦਾ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ

**ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ, ਫਰੀਮਾਂਟ (ਕੈਲੀਫੋਰਨੀਆ) 94536, ਫੋਨ (510) 790-0177**

ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

*ਇਸ ਮੌਕੇ ਭਾਈ ਨੈਬ ਸਿੰਘ ਨਿਮਾਣਾ, ਬਾਬਾ ਫਰੀਦ ਸੰਗੀਤ ਅਕੈਡਮੀ ਵਾਲਿਆਂ ਦਾ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।*



ਰਾਗੀ ਜਥਾ ਭਾਈ ਨੈਬ ਸਿੰਘ ਨਿਮਾਣਾ, ਬਾਬਾ ਫਰੀਦ ਸੰਗੀਤ ਅਕੈਡਮੀ ਵਾਲੇ



# COUGAR TRUCK LINES

## Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀਆਂ ਸਮੂਹ ਸੰਗਤਾਂ ਨੂੰ

## ਲੱਖ-ਲੱਖ ਵਧਾਈਆਂ

ਵਲੋਂ

Need Owner operators from California to East Coast & Back

ਅਸੀਂ ਫਿਊਲ ਕਾਰਡ ਵੀ ਦਿੰਦੇ ਹਾਂ।



ਬਲਵਿੰਦਰ ਸਿੰਘ ਲਾਲੀ ਧਨੋਆ



ਜਸਵੀਰ ਸਿੰਘ ਸੰਧੂ



**Weekly Payment**

ਇਕ ਹਫ਼ਤੇ 'ਚ ਪੇਮੇਂਟ ਲਵੋ

ਅੱਜ ਹੀ ਕਾਲ ਕਰੋ :

**510.224.7380 . 510.489.8212**

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ

## 21 ਤੋਂ 23 ਸਤੰਬਰ 2018 ਤੱਕ



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਫਰੀਦਕੋਟ ਅਤੇ ਆਸ ਪਾਸ ਦੇ
ਇਲਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ
**ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ**
ਦਾ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ
**ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ,**
**ਫਰੀਮਾਂਟ (ਕੈਲੀਫੋਰਨੀਆ) 94536, ਫੋਨ (510) 790-0177**
ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 21 ਸਤੰਬਰ 2018 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ
**ਭੋਗ ਸ੍ਰੀ ਆਖੰਡ ਪਾਠ ਸਾਹਿਬ** : 23 ਸਤੰਬਰ 2018 ਦਿਨ ਐਤਵਾਰ, ਸਵੇਰੇ 10.00 ਵਜੇ
ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਕੀਰਤਨ ਅਤੇ ਬਾਬਾ ਫਰੀਦ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਦੱਸਿਆ ਜਾਵੇਗਾ।

*ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ : ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702
ਤਰਸੇਮ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਫਰੀਦਕੋਟ 510-303-8789 ਅਤੇ ਕਮਲ ਸਿੱਧੂ ਦੌਧਰ 510-717-9555

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**

ਵੈਬਸਾਈਟ www.babafarid.net

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥

# ਬਾਬਾ ਸ਼ੇਖ ਫਰੀਦ ਜੀ

## ਦੇ ਆਗਮਨ ਪੁਰਬ ਦੀਆਂ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈਆਂ



# Homeopathicvibes



## Now we have two locations :

**940, E. El Camino Real, Sunnyvale, CA 94087**
**Office : (408) 737-7100 Fax: (408) 737-7102**

**39201 State Street, Suite 111, Fremont, CA 94538**
**www.homeopathicvibes.com**

*We sell and ship homeopathic remedies through out North America.*

**ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ**

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*










## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

*ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:*




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279




PER GALLON ON DIESEL






## FUEL CARD

**Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.**

## FACTORING

**Fleet One introduces aggressive factoring program for Trans-Alliance members. We can beat any price to get your piece of business.**

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Loves Travel Stops & Country Stores

**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.


Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

**408-272-2500**

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਬਾਬਾ ਦਾਦੂਵਾਲ ਬਿਆਸ ਡੇਰਾ ਮੁਖੀ ਨੂੰ ਛਕਾਉਣਾ ਚਾਹੁੰਦੇ ਨੇ ਅੰਮ੍ਰਿਤ

**ਜਲੰਧਰ/ਬਿਊਰੋ ਨਿਊਜ਼ :**
"ਸਾਡੀ ਕੋਸ਼ਿਸ਼ ਹੈ ਕਿ ਅਸੀਂ ਡੇਰਾ ਬਿਆਸ ਵਾਲਿਆਂ ਨੂੰ ਵੀ ਅੰਮ੍ਰਿਤ ਛਕਾ ਦੇਈਏ", ਇਹ ਕਹਿਣਾ ਹੈ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ। ਬਾਬਾ ਦਾਦੂਵਾਲ ਨੇ ਕਿਹਾ ਕਿ ਸਾਡੀ ਤਾਂ ਕੋਸ਼ਿਸ਼ ਹੈ ਕਿ ਅਸੀਂ ਡੇਰਾ ਮੁਖੀ ਨੂੰ ਵੀ ਅੰਮ੍ਰਿਤ ਛਕਾ ਦੇਈਏ ਪਰ ਇਹ ਕੰਮ ਅਸੀਂ ਲੜਾਈ-ਝਗੜੇ ਨਾਲ ਨਹੀਂ, ਸਗੋਂ ਪ੍ਰੇਮ ਦੇ ਰਸਤੇ ਹੀ ਕਰ ਸਕਦੇ ਹਾਂ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜੀਆਂ ਸੰਸਥਾਵਾਂ ਧਰਮ ਵਿਚੋਂ ਨਿਕਲੀਆਂ ਹਨ ਉਨ੍ਹਾਂ ਨੂੰ ਵਾਪਸ ਲਿਆਂਦਾ ਜਾਵੇ। ਇਨ੍ਹਾਂ ਵਿਚੋਂ ਹੀ ਇਕ ਡੇਰਾ ਬਿਆਸ ਹੈ, ਸਾਡਾ ਉਨ੍ਹਾਂ ਨਾਲ ਮੇਲ-ਮਿਲਾਪ ਵਧਿਆ ਹੈ ਤੇ ਅਸੀਂ ਉਨ੍ਹਾਂ ਨੂੰ ਗੁਰੂ ਘਰ ਨਾਲ ਜੋੜਿਆ ਹੈ। ਡੇਰਾ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਮੁਤਾਬਕ ਹੀ ਸੰਗਤ ਵਿਚ ਵਿਚਰਦੇ ਹਨ।

ਦਾਦੂਵਾਲ ਨੇ ਕਿਹਾ ਕਿ ਮੈਂ ਪਹਿਲਾਂ ਡੇਰਾ ਰਾਧਾ ਸਵਾਮੀ ਮੁਖੀ ਨਾਲ ਕਦੇ ਨਹੀਂ ਮਿਲਿਆ ਸੀ ਤੇ ਨਾ ਹੀ ਕਦੇ ਡੇਰਾ ਬਿਆਸ ਹੀ ਗਿਆ ਸੀ। ਜਿਸ ਵੇਲੇ ਪਿੰਡ ਵਾਸੀਆਂ ਦਾ ਡੇਰਾ ਬਿਆਸ ਨਾਲ ਗੁਰਦੁਆਰਾ ਵੜੈਚ ਪੱਤੀ ਦੀ 1 ਕਨਾਲ 14 ਮਰਲੇ ਜਗ੍ਹਾ ਨੂੰ ਲੈ ਕੇ ਸੰਘਰਸ਼ ਚੱਲ ਰਿਹਾ ਸੀ ਤਾਂ ਉਸ ਵੇਲੇ ਪੰਥਕ ਜਥੇਬੰਦੀਆਂ ਦਾ ਅੰਮ੍ਰਿਤਸਰ ਵਿਚ ਇਕੱਠ ਰੱਖਿਆ ਸੀ, ਜਿਸ ਵਿਚ ਜਥੇਦਾਰ ਅਜਨਾਲਾ ਸਾਹਿਬ ਤੇ ਸਤਿਕਾਰ ਕਮੇਟੀਆਂ ਨੇ ਇਸ ਮੁੱਦੇ ਨੂੰ ਚੁੱਕਿਆ।



ਸ. ਸਿਮਰਨਜੀਤ ਸਿੰਘ ਮਾਨ ਵੀ ਉਥੇ ਪੁੱਜੇ, ਜਿਸ ਵਿਚ ਮੈਨੂੰ ਵੀ ਸੱਦਿਆ ਗਿਆ। ਉਸ ਤੋਂ ਬਾਅਦ ਡੇਰਾ ਮੁਖੀ ਨੇ ਸਾਡੇ ਨਾਲ ਸੰਪਰਕ ਕੀਤਾ ਤੇ ਗੱਲਬਾਤ ਕਰਕੇ ਅਸੀਂ ਗੁਰਦੁਆਰਾ ਵੜੈਚ ਪੱਤੀ ਦੀ 1 ਕਨਾਲ 14 ਮਰਲੇ ਜਗ੍ਹਾ ਬਦਲੇ ਢਾਈ ਕਨਾਲ ਵਿਚ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ, ਜਿਹੜੀ ਜਗ੍ਹਾ ਪਿੰਡ ਦੀ ਪੰਚਾਇਤ ਤੇ ਪਿੰਡ ਪੱਤੀ ਦੇ ਵਾਸੀ ਵੇਚ ਕੇ ਚਲੇ ਗਏ ਸਨ। ਇਸ ਵਿਵਾਦ ਕਾਰਨ ਡੇਰਾ ਮੁਖੀ ਨਾਲ ਹੋਈ ਮੁਲਾਕਾਤ ਵਿਚ ਅਸੀਂ ਉਨ੍ਹਾਂ ਨੂੰ ਬਤੌਰ ਸਿੱਖ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਨਤਮਸਤਕ ਹੋਣ ਨੂੰ ਕਿਹਾ। ਡੇਰਾ ਮੁਖੀ ਨੇ ਹਰਿਮੰਦਰ ਸਾਹਿਬ ਜਾ ਕੇ ਮੱਥਾ ਟੇਕਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਮੱਥਾ ਟੇਕਿਆ ਸੀ।

## ਰਾਮਦੇਵ ਹੋਇਆ ਮੋਦੀ ਤੋਂ ਨਰਾਜ਼

### *ਅਖੇ ਮੈਂ 2019 ਵਿਚ ਮੋਦੀ ਲਈ ਵੋਟਾਂ ਨਹੀਂ ਮੰਗਦਾ*

ਦਿੱਲੀ/ਬਿਊਰੋ ਨਿਊਜ਼ : ਯੋਗਗੁਰੂ ਬਾਬਾ ਰਾਮਦੇਵ ਨੇ ਚਿਤਾਵਨੀ ਦਿੱਤੀ ਕਿ ਜੇ ਦੇਸ਼ ਭਰ ਵਿੱਚ ਮੁਦਰਾ-ਸਫੀਤੀ 'ਤੇ ਕੋਈ ਫੌਰੀ ਕੰਟਰੋਲ ਨਹੀਂ ਕੀਤਾ ਗਿਆ ਤਾਂ ਅਗਲੀਆਂ ਆਮ ਚੋਣਾਂ ਵਿਚ ਮੋਦੀ ਸਰਕਾਰ ਲਈ ਇਹ ਗੱਲ ਮਹਿੰਗੀ ਸਾਬਤ ਹੋਏਗੀ। ਉਨ੍ਹਾਂ ਕਿਹਾ ਕਿ ਉਹ ਸੰਨ 2019 ਵਿੱਚ ਭਾਜਪਾ ਦੀ ਹਮਾਇਤ ਨਹੀਂ ਕਰਨਗੇ। ਉਨ੍ਹਾਂ ਨੇ ਸੰਨ 2014 ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੱਖ ਵਿੱਚ ਸਰਗਰਮੀ ਨਾਲ ਪ੍ਰਚਾਰ ਕੀਤਾ ਸੀ।



ਉਨ੍ਹਾਂ ਨੇ ਐਨਡੀਟੀਵੀ ਯੁਥ ਕਾਨਫਰੰਸ ਵਿੱਚ ਕਿਹਾ ਕਿ ਮਹਿੰਗਾਈ ਇੱਕ ਵੱਡਾ ਮੁੱਦਾ ਹੈ ਅਤੇ ਮੋਦੀ ਸਰਕਾਰ ਨੂੰ ਤੁਰੰਤ ਸੁਧਾਰਾਤਮਕ ਕਦਮ ਚੁੱਕਣ ਦੀ ਜ਼ਰੂਰਤ ਹੈ। ਮੋਦੀ ਸਰਕਾਰ ਲਈ "ਮਹਿੰਗਾਈ ਦੀ ਅੱਗ" ਬਹੁਤ ਮਹਿੰਗੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪੈਟਰੋਲ ਅਤੇ ਡੀਜ਼ਲ ਦੀ ਕੀਮਤ ਸਮੇਤ ਮਹਿੰਗਾਈ ਨੂੰ ਘਟਾਉਣ ਲਈ ਕਦਮ ਚੁੱਕਣੇ ਪੈਣਗੇ।

# ਨਿਰਮਲ ਸਿੰਘ ਭੰਗੂ ਖਿਲਾਫ 48000 ਕਰੋੜ ਦੇ ਚਿੱਟ-ਫੰਡ ਘੁਟਾਲੇ ਵਿਚ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਪੰਜਾਬ ਵਿਚ ਕਿਸੇ ਸਮੇਂ ਬਾਦਲਾਂ ਦੇ ਚਹੇਤੇ ਰਹੇ ਕਾਰੋਬਾਰੀ ਨਿਰਮਲ ਸਿੰਘ ਭੰਗੂ ਖਿਲਾਫ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਚਲਾਨ ਪੇਸ਼ ਕਰ ਦਿੱਤਾ ਹੈ। ਈਡੀ ਨੇ 48000 ਕਰੋੜ ਰੁਪਏ ਦੇ ਚਿੱਟ ਫੰਡ ਘੁਟਾਲੇ ਦੇ ਕੇਸ ਵਿਚ ਪਰਲਜ਼ ਗਰੁੱਪ ਤੇ ਇਸ ਦੇ ਮੁਖੀ ਨਿਰਮਲ ਸਿੰਘ ਭੰਗੂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰਵਾ ਦਿੱਤੀ ਹੈ। ਗੌਰਤਲਬ ਹੈ ਕਿ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬਹੁਚਰਚਿਤ ਵਿਸ਼ਵ ਕਬੱਡੀ ਕੱਪ ਦੇ ਪ੍ਰਮੁੱਖ ਸਪਾਂਸਰਾਂ ਵਿਚ ਨਿਰਮਲ ਸਿੰਘ ਭੰਗੂ ਦੀ ਪਰਲਜ਼ ਕੰਪਨੀ ਹੁੰਦੀ ਸੀ, ਜੋ ਹੁਣ ਆਮ ਗਰੀਬ ਲੋਕਾਂ ਦੇ 48000 ਕਰੋੜ ਰੁਪਏ ਹੜੱਪਣ ਦੇ ਕੇਸ ਵਿਚ ਬੁਰੀ ਤਰ੍ਹਾਂ ਘਿਰੀ ਹੋਈ ਹੈ।

ਈਡੀ ਵੱਲੋਂ ਇੱਥੋਂ ਦੀ ਇਕ ਵਿਸ਼ੇਸ਼ ਅਦਾਲਤ ਵਿੱਚ ਕਾਲੇ ਧਨ ਵਿਰੋਧੀ ਕਾਨੂੰਨ ਪੀਐਮਐਲਏ ਤਹਿਤ ਦਾਖ਼ਲ ਕਰਵਾਈ ਚਾਰਜਸ਼ੀਟ ਵਿੱਚ ਭੰਗੂ ਤੋਂ ਇਲਾਵਾ ਉਸ ਦੇ ਕਈ ਸਹਿਕਰਮੀ ਤੇ ਬਹੁਤ ਸਾਰੇ ਕਮਿਸ਼ਨ ਏਜੰਟਾਂ ਦੇ ਨਾਂ ਸ਼ਾਮਲ ਹਨ। ਭੰਗੂ ਇਸ ਵੇਲੇ ਨਿਆਂਇਕ ਹਿਰਾਸਤ ਵਿੱਚ ਹੈ। ਈਡੀ ਨੇ ਸੀਬੀਆਈ ਦੇ ਕੇਸ ਦੇ ਆਧਾਰ 'ਤੇ 2015 ਵਿੱਚ ਇਕ ਐਫਆਈਆਰ ਦਰਜ ਕਰ ਕੇ ਜਨਵਰੀ ਮਹੀਨੇ ਪਰਲਜ਼ ਗਰੁਪ ਤੇ ਭੰਗੂ ਦੇ ਆਸਟਰੇਲੀਆ ਵਿਚਲੇ 472 ਕਰੋੜ ਰੁਪਏ ਦੇ ਅਸਾਸੇ ਅਟੈਚ ਕਰ ਦਿੱਤੇ ਸਨ। ਸੀਬੀਆਈ ਨੇ 2016 ਵਿੱਚ ਨਿਰਮਲ ਸਿੰਘ ਭੰਗੂ ਤੇ ਉਸ ਦੇ ਤਿੰਨ ਸਹਿਕਰਮੀਆਂ ਨੂੰ ਗ੍ਰਿਫ਼ਤਾਰ ਕੀਤਾ



ਸੀ। ਉਸ 'ਤੇ ਰੀਅਲ ਅਸਟੇਟ ਦੇ ਕੁਝ ਪ੍ਰਾਜੈਕਟਾਂ ਦੀ ਆੜ ਹੇਠ ਫ਼ਰਜ਼ੀ ਸਕੀਮਾਂ ਰਾਹੀਂ ਦਿੱਲੀ, ਪੰਜਾਬ, ਹਰਿਆਣਾ, ਰਾਜਸਥਾਨ ਅਤੇ ਕੁਝ ਹੋਰ ਰਾਜਾਂ ਅੰਦਰ ਨਿਵੇਸ਼ਕਾਂ ਤੋਂ ਫੰਡ ਇਕੱਤਰ ਕਰਨ ਦੇ ਦੋਸ਼ ਲੱਗੇ ਸਨ। ਭੰਗੂ ਤੇ ਉਸ ਦੀਆਂ ਕੰਪਨੀਆਂ ਪੀਏਸੀਐਲ ਤੇ ਪੀਜੀਐਫਐਲ ਅਤੇ ਉਸ ਦੇ ਬਹੁਤ ਸਾਰੇ ਕਮਿਸ਼ਨ ਏਜੰਟਾਂ ਉਪਰ ਜ਼ਰਾਇਤੀ ਜ਼ਮੀਨ ਦੀ ਖਰੀਦੋ ਫ਼ਰੋਖ਼ਤ ਦੀ ਆੜ ਹੇਠ ਕਰੀਬ 5.5 ਕਰੋੜ ਨਿਵੇਸ਼ਕਾਂ ਨਾਲ ਠੱਗੀ ਮਾਰਨ ਦੇ ਦੋਸ਼ ਹਨ। ਇਨ੍ਹਾਂ ਕੰਪਨੀਆਂ ਵੱਲੋਂ ਨਿਵੇਸ਼ਕਾਂ ਨੂੰ ਜ਼ਮੀਨ ਦੇਣ ਦਾ ਝਾਂਸਾ ਦਿੱਤਾ ਜਾਂਦਾ ਸੀ ਹਾਲਾਂਕਿ ਇਨ੍ਹਾਂ ਕੋਲ ਕੋਈ ਜ਼ਮੀਨ ਨਹੀਂ ਸੀ। ਭੰਗੂ ਹੁਰੀਂ ਨਿਵੇਸ਼ਕਾਂ ਨੂੰ 90 ਤੋਂ 270 ਦਿਨਾਂ ਦੇ ਅੰਦਰ ਅੰਦਰ ਜ਼ਮੀਨ ਅਲਾਟ

ਬਾਕੀ ਸਫ਼ਾ 30 'ਤੇ

## ਅਮਰਿੰਦਰ ਸਰਕਾਰ ਦੇ ਨੱਕ ਹੇਠ ਹੋਈ ਪੰਜਾਬ ਦੇ ਪਾਣੀਆਂ ਦੀ ਲੁੱਟ ਦਾ ਖੁਲਾਸਾ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਪੰਜਾਬ ਦੇ ਪਾਣੀਆਂ ਨੂੰ ਲੁੱਟਣ ਦੀ ਇਕ ਹੋਰ ਸਾਜ਼ਿਸ਼ ਦਾ ਪਤਾ ਲੱਗਾ ਹੈ । ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਨੇ ਹਮੇਸ਼ਾ ਰਾਜਾਂ ਦੀ ਮੰਗ ਮੁਤਾਬਕ ਪਾਣੀ ਛੱਡਣਾ ਹੁੰਦਾ ਹੈ ਪਰ ਇਸ ਸਾਲ ਇਸ ਨੇ ਰਾਜਸਥਾਨ ਨੂੰ ਬਿਨਾਂ ਮੰਗ ਦੇ ਵੀ ਪਾਣੀ ਜਾਰੀ ਕੀਤਾ। ਹਰਿਆਣਾ ਵੱਲੋਂ ਦਰਜ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਇਸ ਸਾਲ ਅਗਸਤ ਵਿਚ ਯੂਨੀਅਨ ਪਾਵਰ ਦੀ ਇਕ ਮੀਟਿੰਗ ਬੁਲਾਈ ਗਈ ਸੀ ਅਤੇ ਹਰਿਆਣਾ ਵੱਲੋਂ ਲਗਾਏ ਇਲਜ਼ਾਮਾਂ ਦੇ ਬੀਬੀਐਮਬੀ ਤੋਂ ਜਵਾਬਾਂ ਦੀ ਮੰਗ ਕੀਤੀ ਗਈ ਸੀ। ਬੀਬੀਐਮਬੀ ਨੇ ਇਸ ਸਾਲ ਦੇ ਸ਼ੁਰੂ ਵਿਚ ਭਾਖੜਾ ਅਤੇ ਪੌਂਗ ਡੈਮ ਦੇ ਪਾਣੀ ਨੂੰ ਰਾਜਸਥਾਨ ਵੱਲ ਮੋੜ ਦਿੱਤਾ ਸੀ। ਇਸ ਬਾਰੇ 'ਹਫ ਪੋਸਟ' ਦੀ ਇਕ ਰਿਪੋਰਟ ਅਨੁਸਾਰ ਪਾਣੀ ਉਸ ਸਮੇਂ ਛੱਡਿਆ ਗਿਆ ਸੀ ਜਦੋਂ ਰਾਜਸਥਾਨ ਦੇ ਮੁੱਖ ਮੰਤਰੀ ਵਸੁੰਧਰਾ ਰਾਜੇ ਦੀ ਭਾਰਤੀ ਜਨਤਾ ਪਾਰਟੀ ਸਰਕਾਰ ਨੂੰ ਕਿਸਾਨਾਂ ਨੇ ਪਾਣੀ ਦੀ ਸਮੱਸਿਆ ਨਾਲ ਜੂਝਦਿਆਂ ਘੇਰੇ ਵਿਚ ਲਿਆ ਸੀ। ਬਿਨਾ ਸਰਕਾਰਾਂ ਦੀ ਆਗਿਆ ਤੋਂ ਛੱਡੇ ਗਏ ਪਾਣੀ ਕਾਰਨ ਇਲਜ਼ਾਮ ਲੱਗ ਰਹੇ ਹਨ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮੈਂਬਰਾਂ ਦੀਆਂ ਨਿਯੁਕਤੀਆਂ ਭਾਜਪਾ ਸਰਕਾਰ ਅਧਾਰਿਤ ਕੇਂਦਰ ਸਰਕਾਰ ਵੱਲੋਂ ਕੀਤੀਆਂ ਗਈਆਂ ਹਨ। ਪਾਣੀ ਨੂੰ ਇਸ ਤਰ੍ਹਾਂ ਰਾਜਸਥਾਨ ਵੱਲ ਛੱਡੇ ਜਾਣ ਪਿੱਛੇ ਨੇੜੇ ਆ ਰਹੀਆਂ ਚੋਣਾਂ ਨੂੰ ਮੁੱਖ ਨਿਸ਼ਾਨਾ ਮੰਨਿਆ ਜਾ ਰਿਹਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਦਵਿੰਦਰ ਸ਼ਰਮਾ ਨੇ ਹਫਪੋਸਟ ਕੋਲ ਮੰਨਿਆ ਕਿ ਇਸ ਸਾਲ ਵਾਧੂ ਪਾਣੀ ਛੱਡਿਆ ਗਿਆ ਸੀ। ਉਨ੍ਹਾਂ ਕਿਹਾ ਕਿ ਤਕਨੀਕੀ ਕਮੇਟੀ ਦੀ ਮੀਟਿੰਗ (ਟੀਸੀਐਮ.) ਦੁਆਰਾ ਮਨਜ਼ੂਰਸ਼ੁਦਾ ਸ਼ੇਅਰਾਂ ਦੇ ਅਨੁਸਾਰ ਸਾਰੇ ਤਿੰਨ ਰਾਜਾਂ ਨੂੰ ਪਾਣੀ ਜਾਰੀ ਕੀਤਾ ਗਿਆ ਹੈ, ਜੋ ਵੰਡ ਦੀ ਨਿਗਰਾਨੀ ਕਰਦਾ ਹੈ। ਸ਼ਰਮਾ ਨੇ ਕਿਹਾ, ਕਿਇਸ ਸਾਲ 20 ਜੂਨ ਤੋਂ ਬਾਅਦ ਤਿੰਨੇ ਸੂਬਿਆਂ ਵਿਚ ਝੋਨੇ ਦੀ ਬਿਜਾਈ ਕਾਰਨ ਪਾਣੀ ਦੀ ਬਹੁਤ ਵੱਡੀ ਲੋੜ ਸੀ ਅਤੇ ਇਸ ਸਮੇਂ ਦੌਰਾਨ ਵੱਧ ਤੋਂ ਵੱਧ ਪਾਣੀ ਛੱਡਿਆ ਗਿਆ।

# ਭਾਰਤ ਵਿਚ ਪਾਖੰਡੀ ਬਾਬਿਆਂ ਦਾ 'ਮਾਇਆਜਾਲ'

## *ਇਕ ਬੋਧੀ ਭਿਕਸ਼ੂ ਸੰਘਪ੍ਰਿਯ ਸੁਜਾਯ 15 ਬੱਚਿਆਂ ਦੇ ਸੈਕਸ ਸ਼ੋਸ਼ਣ ਦੇ ਦੋਸ਼ ਹੇਠ ਗ੍ਰਿਫਤਾਰ*



**ਜਲੰਧਰ/ਬਿਊਰੋ ਨਿਊਜ਼ :**
ਭਾਰਤ ਪਾਖੰਡੀ ਸਾਧਾਂ ਦਾ ਦੇਸ ਹੈ। ਪਾਖੰਡੀ ਬਾਬੇ ਲੋਕਾਂ ਨਾਲ ਠੱਗੀਆਂ ਮਾਰ ਕੇ ਅਮੀਰ ਹੋ ਰਹੇ ਹਨ ਤੇ ਦੂਸਰੇ ਪਾਸੇ ਆਮ ਗਰੀਬ ਲੋਕ ਸਹੀ ਗਿਆਨ ਨਾ ਮਿਲਣ ਕਰਕੇ ਆਪਣੀ ਥੋੜ੍ਹੀ-ਬਹੁਤੀ ਕਮਾਈ ਇਨ੍ਹਾਂ ਵਿਹਲੜ ਪਾਖੰਡੀਆਂ ਨੂੰ ਲੁਟਾ ਰਹੇ ਹਨ। ਇਹ ਅਖੌਤੀ ਬਾਬੇ ਆਪਣੇ ਆਪ ਨੂੰ ਰੱਬ ਦੇ ਨੇੜੇ ਦੱਸ ਕੇ ਔਰਤਾਂ ਨੂੰ ਆਪਣੇ ਮਾਇਆਜਾਲ ਵਿਚ ਫਸਾਉਂਦੇ ਹਨ ਤੇ ਸਰੀਰਕ ਸ਼ੋਸ਼ਣ ਕਰਦੇ ਹਨ। ਇਸੇ ਸਬੰਧ ਵਿਚ ਆਸਾਰਾਮ ਬਾਪੂ, ਫਲਾਹਾਰੀ ਬਾਬਾ, ਗੁਰਮੀਤ ਰਾਮ ਰਹੀਮ ਅਤੇ ਜੈਨ ਸੰਤ ਆਚਾਰੀਆ ਸ਼ਾਂਤੀ ਸਾਗਰ ਆਦਿ ਨੂੰ ਸੈਕਸ ਸ਼ੋਸ਼ਣ ਸਮੇਤ ਕਈ ਹੋਰ ਗੰਭੀਰ ਦੋਸ਼ਾਂ ਵਿਚ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਵੀ ਹੋਰ ਅਜਿਹੇ ਕਈ ਰੰਗੀਲੇ 'ਬਾਬੇ' ਹਨ, ਜੋ ਸਿਆਸੀ ਸਰਪ੍ਰਸਤੀ ਕਾਰਨ ਅਜੇ ਵੀ ਗੁਲਸ਼ਰੇ ਉਡਾ ਰਹੇ ਹਨ। ਇਕ ਕਥਿਤ ਇੱਛਾਧਾਰੀ ਬਾਬੇ ਨੂੰ ਸੈਕਸ ਰੈਕੇਟ ਚਲਾਉਣ ਅਤੇ ਚੀਟਿੰਗ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ। ਚਿੱਤਰਕੂਟ ਦੇ ਚਮਰੌਹਾ ਪਿੰਡ ਦਾ ਰਹਿਣ ਵਾਲਾ ਇਹ ਪਾਖੰਡੀ ਖ਼ੁਦ ਨੂੰ ਸਾਈਂ ਬਾਬਾ ਦਾ ਅਵਤਾਰ ਦੱਸਦਾ ਸੀ।

ਆਸਾਰਾਮ ਦੇ ਬੇਟੇ ਨਾਰਾਇਣ ਸਾਈਂ 'ਤੇ ਸੂਰਤ ਦੀ ਇਕ ਔਰਤ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ। ਫਿਲਹਾਲ ਨਾਰਾਇਣ ਸਾਈਂ ਜੇਲ ਵਿਚ ਹੈ। ਮਲਖਾਨਗਿਰੀ 'ਤੇ ਫਰਜ਼ੀ ਸੰਸਥਾ ਬਣਾ ਕੇ ਧੰਦਾ ਚਲਾਉਣ ਦਾ ਦੋਸ਼ ਹੈ। ਉਸ 'ਤੇ ਸੰਨ 2013 ਵਿਚ ਇਕ ਕੁੜੀ ਨੂੰ ਅਗਵਾ ਕਰਨ ਦੇ ਦੋਸ਼ ਹੇਠ ਕੇਸ ਦਰਜ ਹੈ।

ਕੇਰਲ ਦੀ ਰਹਿਣ ਵਾਲੀ ਇਕ ਨਨ ਨੇ ਜਲੰਧਰ ਦੇ ਬਿਸ਼ਪ ਫ੍ਰੈਂਕੋ ਮੁਲੱਕਲ 'ਤੇ ਉਸ ਨਾਲ ਬਲਾਤਕਾਰ ਕਰਨ ਦਾ ਦੋਸ਼ ਲਾਇਆ ਹੈ। ਨਨ ਮੁਤਾਬਿਕ ਮੁਲੱਕਲ ਨੇ ਕੋਟਾਯਮ ਵਿਚ ਸਥਿਤ ਸੇਂਟ ਫਰਾਂਸਿਸ ਮਿਸ਼ਨ ਦੇ ਗੈਸਟ ਹਾਊਸ ਵਿਚ ਸੰਨ 2014 ਤੋਂ ਸੰਨ 2016 ਦੇ ਦਰਮਿਆਨ ਉਸ ਨਾਲ ਕਈ ਵਾਰ ਬਲਾਤਕਾਰ ਕੀਤਾ। ਵਿਧਾਇਕ ਪੀਸੀ. ਜਾਰਜ ਨੇ ਇਸ ਸਬੰਧ ਵਿਚ ਬਿਸ਼ਪ ਦਾ ਬਚਾਅ ਕਰਦਿਆਂ ਕਿਹਾ ਕਿ ਜਦ 12 ਵਾਰ ਉਸ ਨੇ ਇਤਰਾਜ਼ ਨਹੀਂ ਕੀਤਾ ਤਾਂ 13ਵੀਂ ਵਾਰ ਬਲਾਤਕਾਰ ਕਿਵੇਂ ਹੋ ਗਿਆ? ਇਹੋ ਨਹੀਂ, ਵਿਧਾਇਕ ਨੇ ਨਨ ਨੂੰ ਵੇਸਵਾ ਵੀ ਕਹਿ ਦਿੱਤਾ।

ਕੁਝ ਸਮਾਂ ਪਹਿਲਾਂ ਮੁੰਬਰਾ ਵਿਚ ਰਹਿਣ ਵਾਲੀਆਂ 3 ਨਾਬਾਲਗ ਬੱਚੀਆਂ ਨੇ ਆਪਣੇ ਘਰ ਦੇ ਸਾਹਮਣੇ ਰਹਿਣ ਵਾਲੇ 50 ਸਾਲਾ ਮੌਲਾਨਾ ਮੁਹੰਮਦ ਸ਼ਰੀਫ ਅੰਸਾਰੀ 'ਤੇ ਦੋਸ਼ ਲਾਇਆ ਕਿ ਜਦੋਂ ਵੀ ਉਹ ਉਨ੍ਹਾਂ ਨੂੰ ਦੇਖਦਾ ਹੈ ਤਾਂ ਅਸ਼ਲੀਲ ਇਸ਼ਾਰੇ ਕਰਨ ਲੱਗਦਾ ਹੈ। ਬੱਚੀਆਂ ਦੇ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ 'ਤੇ ਪੁਲਸ ਨੇ ਪੋਕਸੋ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਹੈ, ਜਿਸ ਤੋਂ ਬਾਅਦ ਦੋਸ਼ੀ ਫਰਾਰ ਹੈ।

30 ਅਗਸਤ ਨੂੰ ਬਿਹਾਰ ਦੇ ਬੋਧਗਯਾ ਤੋਂ ਇਕ ਬੋਧੀ ਭਿਕਸ਼ੂ ਸੰਘਪ੍ਰਿਯ ਸੁਜਾਯ ਨੂੰ 15 ਬੱਚਿਆਂ ਦੇ ਸੈਕਸ ਸ਼ੋਸ਼ਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ। ਉਹ ਇਕ ਬੁੱਧ ਸਕੂਲ ਅਤੇ ਧਿਆਨ ਕੇਂਦਰ ਚਲਾਉਂਦਾ ਹੈ। ਪੀੜਤ ਬੱਚੇ ਇਸੇ ਸਕੂਲ ਦੇ ਵਿਦਿਆਰਥੀ ਹਨ।

ਅਤੇ ਹੁਣ 13 ਸਤੰਬਰ ਨੂੰ ਦਿੱਲੀ ਵਿਚ ਖ਼ੁਦ ਨੂੰ ਜੋਤਿਸ਼ ਆਚਾਰੀਆ ਤੇ ਹਸਤਰੇਖਾ ਮਾਹਿਰ ਦੱਸਣ ਵਾਲੇ ਆਸ਼ੂ ਨੇ ਕਈ ਦਿਨ ਫਰਾਰ ਰਹਿਣ ਤੋਂ ਬਾਅਦ ਕਥਿਤ ਆਤਮ-ਸਮਰਪਣ ਕਰ ਦਿੱਤਾ। ਆਸ਼ੂ ਦਾ ਅਸਲੀ ਨਾਂ ਆਸਿਫ ਖਾਨ ਹੈ। ਇਕ ਔਰਤ ਨੇ ਹੌਜ਼ਖਾਸ ਥਾਣੇ ਵਿਚ ਉਸ 'ਤੇ ਬਲਾਤਕਾਰ ਦੇ ਦੋਸ਼ ਹੇਠ ਸ਼ਿਕਾਇਤ ਦਰਜ ਕਰਵਾਈ ਸੀ। ਉਹ ਹੌਜ਼ਖਾਸ ਵਿਚ ਆਸ਼ਰਮ ਬਣਾ ਕੇ 'ਬਾਬਾ ਆਸ਼ੂਭਾਈ ਗੁਰੂਜੀ' ਦੇ ਨਾਂ ਨਾਲ ਲੋਕਾਂ ਨਾਲ ਠੱਗੀ ਕਰਦਾ ਸੀ।

ਉਹ ਸੰਨ 1990 ਵਿਚ ਦਿੱਲੀ ਵਿਚ ਸਾਈਕਲਾਂ ਨੂੰ ਪੰਕਚਰ ਲਾਉਂਦਾ ਸੀ। ਕੁਝ ਸਮੇਂ ਬਾਅਦ ਉੱਤਰੀ ਸਰਾਏ ਰੋਹਿੱਲਾ ਵਿਚ ਸ਼ਿਫਟ ਹੋ ਗਿਆ ਤੇ ਉਥੇ ਜੋਤਿਸ਼ੀ ਵਜੋਂ ਕੰਮ ਕਰਨ ਲੱਗਾ। ਨਾਂ ਕਮਾਉਣ ਲਈ ਉਸ ਨੇ ਟੀ. ਵੀ. ਚੈਨਲਾਂ ਨਾਲ ਸੰਪਰਕ ਕੀਤਾ ਅਤੇ ਕਈ ਟੀ. ਵੀ. ਚੈਨਲਾਂ 'ਤੇ ਲੋਕਾਂ ਦੇ ਸੰਕਟ ਦੂਰ ਕਰਨ ਦਾ ਦਾਅਵਾ ਕਰਨ ਲੱਗਾ। ਆਪਣੇ ਵੀਡੀਓਜ਼ ਵਿਚ ਉਹ ਆਪਣੇ ਆਸ਼ੀਰਵਾਦ ਨਾਲ ਲੋਕਾਂ ਦੇ ਲੱਖਪਤੀ ਬਣ ਜਾਣ ਦੇ ਦਾਅਵੇ ਕਰਦਾ ਸੀ। ਇਸੇ ਕਾਰਨ ਉਸ ਦੇ ਕਈ ਪੈਰੋਕਾਰ ਬਣ ਗਏ ਸਨ ਪਰ ਜਿਸ ਨੂੰ ਲੋਕ ਵਿਸ਼ਵ ਪ੍ਰਸਿੱਧ ਹਸਤਰੇਖਾ ਮਾਹਿਰ ਤੇ ਕਾਲੇ ਜਾਦੂ ਦਾ ਮਹਾਂਰਥੀ ਮੰਨਣ ਦਾ ਭਰਮ ਪਾਲੀ ਬੈਠੇ ਸਨ, ਧਰਮ ਅਤੇ ਆਸਥਾ ਦੇ ਨਾਂ 'ਤੇ ਸਜਾਈ ਉਸ ਦੀ ਦੁਕਾਨ ਪੂਰੀ ਤਰ੍ਹਾਂ ਫਰਾਡ ਨਿਕਲੀ।

ਧਰਮ ਜਗਤ ਨਾਲ ਜੁੜੇ ਕੁਝ ਮੁੱਠੀ ਭਰ ਲੋਕਾਂ ਦੇ ਅਜਿਹੀਆਂ ਘਟਨਾਵਾਂ ਵਿਚ ਸ਼ਾਮਿਲ ਹੋਣ ਕਰਕੇ ਸਮੁੱਚੇ ਸੰਤ ਸਮਾਜ ਦੀ ਬਦਨਾਮੀ ਹੋ ਰਹੀ ਹੈ ਪਰ ਇਸ ਬਾਰੇ ਔਰਤਾਂ ਨੂੰ ਵੀ ਇਹ ਸੋਚਣਾ ਪਵੇਗਾ ਕਿ ਉਹ ਕਿਉਂ ਅਜਿਹੇ ਠੱਗ ਬਾਬਿਆਂ ਦੇ ਝਾਂਸੇ ਵਿਚ ਆ ਕੇ ਉਨ੍ਹਾਂ ਦੀ 'ਸੇਵਾ' ਕਰਨ ਲੱਗਦੀਆਂ ਹਨ।

ਸਮਾਜ ਨੂੰ ਸੋਚਣਾ ਪਵੇਗਾ ਕਿ ਅਜਿਹਾ ਕਿਉਂ ਹੋ ਰਿਹਾ ਹੈ। ਇਸੇ ਲਈ ਸੰਤ ਸਮਾਜ ਦੇ ਮੈਂਬਰਾਂ ਨੂੰ ਵਿਆਹ ਦੇ ਬੰਧਨ ਵਿਚ ਬੱਝਣ ਦੀ ਇਜਾਜ਼ਤ ਦੇਣਾ ਇਕ ਬਦਲ ਹੋ ਸਕਦਾ ਹੈ, ਜਿਸ 'ਤੇ ਹੁਣ ਚਰਚ ਵਿਚਾਰ ਕਰ ਰਿਹਾ ਹੈ।

# ਮੈਂ-ਮੇਰਾ, ਤੂੰ ਕੌਣ ਦੀ ਰਾਜਨੀਤੀ

**ਸ. ਦਲਵਿੰਦਰ ਸਿੰਘ ਘੁੰਮਣ**
0033630073111

ਪੰਜਾਬ ਦੀ ਧਰਤੀ ਉਤੇ ਕਈ ਦਹਾਕਿਆਂ ਤੋਂ ਸਿੱਖ ਕੌਮ ਇਨਸਾਫ ਦੀ ਮੰਗ ਕਰਦੀ ਆ ਰਹੀ ਹੈ ਪਰ ਇਨਸਾਫ ਦੇਣ ਵਾਲੇ ਕਿਸੇ ਨਾ ਕਿਸੇ ਬਹਾਨੇ ਇਨਕਾਰੀ ਹੁੰਦੇ ਆ ਰਹੇ ਹਨ। ਮੌਜੂਦਾ ਸਮੇਂ ਦੀ ਹੀ ਗੱਲ ਲੈ ਲਵੋ, ਸੱਤਾ ਪ੍ਰਾਪਤੀ ਤੋਂ ਬਾਅਦ ਅਮਰਿੰਦਰ ਸਰਕਾਰ ਦੇ ਵਤੀਰੇ ਵਿਚ ਇਕ ਦਮ ਬਦਲਾਅ ਹੈਰਾਨੀ ਪੈਦਾ ਕਰਦੇ ਹਨ। ਪਿਛਲੀ ਪੰਥਕ ਅਖਵਾਉਂਦੀ ਸਰਕਾਰ ਨੇ ਜੋ ਪੰਥ ਨਾਲ ਕੀਤਾ, ਉਸ ਦਾ ਨਤੀਜਾ ਅੱਜ ਸਭ ਦੇ ਸਾਹਮਣੇ ਹੈ। ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਵਿਚ ਬਾਦਲ ਸਰਕਾਰ ਬਾਰੇ ਵੱਡੇ ਖੁਲਾਸੇ ਹੋਏ ਹਨ। ਉਸ ਵੱਲੋਂ ਹਮੇਸ਼ਾ ਕੇਂਦਰ ਨੂੰ ਕੋਸਿਆ ਗਿਆ ਪਰ ਆਪਣੀਆਂ ਜ਼ਿੰਮੇਵਾਰੀਆਂ ਕਿਤੇ ਵੀ ਵਿਖਾਈ ਨਹੀਂ ਦਿਤੀਆਂ। ਪੰਜਾਬ ਦੇ ਤਾਜ਼ਾ ਹਲਾਤ ਵਿਚ ਕਾਫੀ ਹੱਦ ਤਕ ਸਾਫ ਦਿਖਾਈ ਦੇਣ ਲੱਗਾ ਹੈ ਕਿ ਵੋਟਾਂ ਪ੍ਰਾਪਤ ਕਰਨ ਦੀ ਰਣਨੀਤੀ ਨੇ ਰਾਜਨੀਤਿਕਾਂ ਦੀ ਸੋਚ ਨੂੰ ਇੰਨੀ ਹਲਕੀ ਅਤੇ ਨੀਵੀਂ ਪੱਧਰ ਦਾ ਕਰ ਦਿੱਤਾ ਹੈ ਕਿ ਸਰਕਾਰਾਂ ਚਲਾਉਣ ਲਈ ਸੌਦੇਬਾਜ਼ੀਆ ਦਾ ਦੌਰ ਸ਼ੁਰੂ ਹੋ ਗਿਆ। ਸਾਰੀਆਂ ਪਾਰਟੀਆਂ ਨੇ ਵੱਖ ਵੱਖ ਡੇਰਿਆਂ ਦੀਆਂ ਵੋਟਾਂ ਉਪਰ ਅੱਖ ਰੱਖੀ ਹੈ। ਇਸ ਨੇ, ਜਿਥੇ ਡੇਰਿਆਂ ਵਿਚ ਵਾਧਾ ਕੀਤਾ ਉਥੇ ਡੇਰਿਆਂ ਦੀ ਵਹਿਮਾਂ-ਭਰਮਾਂ ਵਾਲੀ, ਵਿਭਚਾਰੀ, ਦਹਿਸ਼ਤੀ ਤੇ ਅਤਿਆਚਾਰੀ ਬਿਰਤੀ ਹੋਣ ਨਾਲ ਪੰਜਾਬ ਦੇ ਹਾਲਾਤ ਦਾ ਵਿਗੜਨਾ ਸੁਭਾਵਿਕ ਸੀ।



ਪਿਛਲੇ ਦਸ ਸਾਲਾਂ ਦੀ ਲਗਾਤਾਰ ਅਤੇ ਉਸ ਤੋਂ ਪਿਛੇ ਤਿੰਨ ਵਾਰ ਦੀਆਂ ਪਰਕਾਸ਼ ਸਿੰਘ ਬਾਦਲ ਦੀਆਂ ਕਥਿਤ ਪੰਥਕ ਸਰਕਾਰਾਂ ਨੇ ਪੰਜਾਬ ਦੇ ਹਾਲਾਤ ਨੂੰ ਬੇਰੁਜ਼ਗਾਰੀਆਂ, ਬੇਇਨਸਾਫੀਆਂ, ਕਈ ਤਰਾਂ ਦਾ ਮਾਫੀਆ, ਰਿਸ਼ਵਤਖੋਰੀ ਤੇ ਪਰਿਵਾਰਵਾਦ ਦਿੱਤਾ ਹੈ। ਪੰਜਾਬ ਦੀਆਂ ਆਪਣੀਆਂ ਆਰਥਿਕ ਉਪਜਾਊ ਸੰਭਾਵਨਾਵਾਂ ਨੂੰ ਖੋਜਣ ਦੀ ਜ਼ਰੂਰਤ ਨੂੰ ਨਹੀਂ ਸਮਝਿਆ ਗਿਆ, ਉਹ ਚਾਹੇ ਖੇਤੀਬਾੜੀ ਦੀਆਂ ਹੋਣ ਜਾ ਇੰਡਸਟਰੀ ਦੀਆਂ। ਇਸੇ ਸਮੇਂ ਬਾਦਲਾਂ ਦੀ ਜੋਟੀਦਾਰ ਮੋਦੀ ਦੀ ਭਾਜਪਾ ਸਰਕਾਰ ਨੇ ਆਪਣੇ ਰਾਜ ਗੁਜਰਾਤ ਨੂੰ ਭਾਰਤ ਦਾ ਪਹਿਲੇ ਨੰਬਰ ਦਾ ਸੂਬਾ ਬਣਾ ਦਿੱਤਾ, ਭਾਵੇਂ ਉਸ ਵੇਲੇ ਵੀ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ।

ਅੱਜ ਤੋਂ ਪਹਿਲਾਂ ਕਦੇ ਨਹੀਂ ਵੇਖਿਆ ਕਿ ਅਕਾਲੀ ਦਲ (ਬਾਦਲ) ਨੇ ਆਪਣੀ ਸਾਖ ਨੂੰ ਇੰਨਾ ਵੱਡਾ ਖੋਰਾ ਲਾਇਆ ਹੋਵੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਨੂੰ ਰੋਲਿਆ ਗਿਆ ਹੋਵੇ। ਬਾਦਲ ਪਰਿਵਾਰਵਾਦ ਨੇ ਛੱਪੜ ਦੇ ਖੜੇ ਪਾਣੀ ਵਾਂਗ ਮੁਸ਼ਕ ਮਾਰਨੀ ਹੀ ਸੀ, ਜਿਸ ਦੀ ਸੋਚ ਦੀ ਹੱਦ ਸੀਮਤ ਸੀ। ਰਾਜ ਦੀ ਸਾਰੀ ਧਾਰਮਿਕ ਅਤੇ ਰਾਜਨੀਤਿਕ ਸ਼ਕਤੀ ਆਪਣਿਆਂ ਤਕ ਸੀਮਤ ਕਰ ਲਈ। ਸਿੱਖਾਂ ਦੇ ਧਾਰਮਿਕ ਅਸਥਾਨਾਂ ਤੇ ਹੋਰ ਅਦਾਰਿਆਂ ਵਿਚ ਸਿਆਸੀ ਦਖਲਅੰਦਾਜ਼ੀ ਨੇ ਵੱਡੀ ਢਾਹ ਲਾਈ ਹੈ। ਪੰਥ ਖਤਰੇ ਵਿਚ ਦੀਆਂ ਦੁਹਾਈਆਂ ਪਾ ਕੇ ਪੰਜਾਬੀਆ ਖਾਸ ਕਰਕੇ ਸਿੱਖਾਂ ਦੀਆਂ ਵੋਟਾਂ ਲਈਆਂ ਜਾਂਦੀਆਂ ਰਹੀਆਂ ਹਨ। ਸਿੱਖਾਂ ਨੇ ਇਨਸਾਫ ਲਈ ਹਰ ਲੜਾਈ ਵਿਚ ਅਗਾਂਹ ਵਧ ਕੇ ਸਾਥ ਦਿੱਤਾ ਪਰ ਘਸਿਆਰੇ ਲੀਡਰਾਂ ਨੇ ਪੰਜਾਬ ਨੂੰ ਦੂਜਾ ਬਿਹਾਰ ਬਣਾ ਦਿੱਤਾ ਹੈ। ਧਰਮ ਯੁੱਧ ਮੋਰਚੇ, ਚੰਡੀਗੜ ਦਾ ਹੱਕ, ਪੰਜਾਬੀ ਬੋਲਦੇ ਇਲਾਕੇ, ਸਤਲੁਜ ਯਮੁਨਾ ਲਿੰਕ ਨਹਿਰ ਆਦਿ ਅਨੇਕਾਂ ਹੋਰ ਪੰਜਾਬ ਦੀਆਂ ਮੰਗਾਂ ਦੀ ਆੜ ਵਿਚ ਬਾਦਲ ਪਰਿਵਾਰ ਨੇ ਆਪਣੇ ਰਾਜ ਕਰਨ ਦੀਆਂ ਨੀਹਾਂ ਪੱਕੀਆਂ ਕੀਤੀਆਂ ਪਰ ਪੰਜਾਬ ਨੂੰ ਸਿਵਾਏ ਉਜਾੜੇ ਦੇ ਕੁਝ ਨਹੀਂ ਮਿਲਿਆ।

ਸਿਰਸੇ ਸਾਧ ਰਾਮ ਰਹੀਮ ਦੀਆਂ ਸਿੱਖ ਵਿਰੋਧੀ ਕਾਰਵਾਈਆਂ ਨੇ ਸਿੱਖਾਂ ਵਿੱਚ ਵੱਡਾ ਰੋਸ ਪੈਦਾ ਕੀਤਾ ਜਿਸ ਦਾ ਹੁਣ ਰਣਜੀਤ ਸਿੰਘ ਕਮਿਸ਼ਨ ਨੇ ਨਾਂ ਲੈ ਕੇ ਰਿਪੋਰਟ ਪੇਸ਼ ਕੀਤੀ ਹੈ। ਇਸ ਰਿਪੋਰਟ ਨੇ ਰਾਮ ਰਹੀਮ ਸਮੇਤ ਬਾਦਲ ਪਰਿਵਾਰ ਤੇ ਉਸ ਵੇਲੇ ਦੀ ਬਾਦਲ ਸਰਕਾਰ ਨੂੰ ਵੀ ਕਟਹਿਰੇ ਵਿਚ ਖੜਾ ਕੀਤਾ ਹੈ। ਪੁਲਿਸ ਦੇ ਵੱਡੇ ਅਫਸਰਾਂ ਅਤੇ ਮੌਕੇ ਦੇ ਮੁਖੀ ਸੁਮੇਧ ਸੈਣੀ ਨੂੰ ਵੀ ਅਪਰਾਧੀ ਧਿਰ ਵਿਚ ਰੱਖਿਆ ਹੈ। ਜਾਂਚ ਕਾਫੀ ਹੱਦ ਤੱਕ ਨਿਆਂਪੂਰਵਕ ਹੋਈ ਹੈ। ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮੁਜਰਿਮਾਂ ਨੂੰ ਨਾ ਫੜਨਾ ਬਾਦਲ ਸਰਕਾਰ ਦੀ ਵੱਡੀ ਜਾਣਬੁੱਝ ਕੇ ਕੀਤੀ ਗਲਤੀ ਨੇ ਸਿੱਖਾਂ ਦੀ ਅਕਾਲੀ ਦਲ ਵਿਚ ਭਰੋਸਗੀ ਨੂੰ ਭਾਰੀ ਸੱਟ ਮਾਰੀ ਹੈ।

ਇਸ ਵਾਰ ਇਨਸਾਫ ਲਈ ਲੱਗੇ ਬਰਗਾੜੀ ਮੋਰਚੇ ਦੇ ਦਬਾਅ ਕਰਕੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਉਣ ਦੀ ਨੌਬਤ ਆਈ, ਜਿਸ ਵਿਚ ਸਾਰੀ ਵਿਰੋਧੀ ਧਿਰ ਇਕੱਠੀ ਨਜ਼ਰ ਆਈ। ਵਿਧਾਨ ਸਭਾ ਵਿਚਲੀ ਬਹਿਸ ਦੇ ਸਾਰਥਕ ਨਤੀਜਿਆਂ ਦੀ ਉਮੀਦ ਸੀ ਪਰ ਅਖੀਰ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿਚ ਸਮਾਂ ਅਤੇ ਪੈਸਾ ਦੋਵੇਂ ਹੀ ਬਰਬਾਦ ਕੀਤਾ। ਲਿਫਾਫੇ ਨੂੰ ਉਲਟਾ ਕਰਕੇ ਮਦਾਰੀ ਦੇ ਰੌਚਕ ਖੇਲ ਵਾਂਗ ਵਿੱਚੋਂ ਕੁਝ ਵੀ ਨਾ ਨਿਕਲਿਆ। ਕੈਪਟਨ ਸਾਬ ਵਲੋਂ ਚੋਣਾਂ ਵੇਲੇ ਪੋਥੀ ਨੂੰ ਹੱਥ ਵਿਚ ਲੈ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਦੀਆਂ ਹੋਈਆਂ ਬੇਅਦਬੀਆਂ ਲਈ ਇਨਸਾਫ ਦੇਣ ਦੇ ਵਾਅਦੇ ਖੋਖਲੇ ਸਾਬਤ ਹੋਏ ਹਨ। ਬਰਗਾੜੀ ਮੋਰਚੇ ਵਿਚ ਜਾ ਕੇ ਵਾਰ ਵਾਰ ਸਰਕਾਰ ਦੇ ਮੰਤਰੀਆਂ ਦੇ ਵਾਅਦੇ ਨਿਆਂ ਨਾ ਦੇ ਕੇ, ਸਗੋਂ ਡੰਗ ਟਪਾਊ ਸਾਬਤ ਹੋਏ ਹਨ। ਗੱਲ ਸਿੱਖਾਂ ਨੂੰ ਇਨਸਾਫ ਦੇਣ ਵੱਲ ਵਧਣੀ ਚਾਹੀਦੀ ਹੈ। ਸੱਤਾ ਭੋਗ ਰਹੀਆਂ ਸਰਕਾਰਾਂ ਨੂੰ "ਮੈਂ-ਮੇਰਾ, ਤੂੰ ਕੌਣ?" ਦੀ ਰਾਜਨੀਤੀ ਛੱਡ ਕੇ ਉਸਾਰੂ ਸਮਾਜ ਦੀ ਸਿਰਜਣਾ ਵਿਚ ਵਿਸ਼ਵਾਸ ਕਰਨਾ ਚਾਹੀਦਾ ਹੈ।

# ਬਾਦਲਸ਼ਾਹੀ ਦਾ ਨਵਾਂ ਸਟੰਟ ?

**ਤਰਲੋਚਨ ਸਿੰਘ 'ਦੁਪਾਲਪੁਰ'**



ਤੇਰਾਂ ਸਤੰਬਰ 2018 ਦੇ ਇਕ ਪੰਜਾਬੀ ਅਖਬਾਰ ਦੇ ਮੁੱਖ ਸਫ਼ੇ 'ਤੇ ਖਬਰ ਛਪੀ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਬਰਗਾੜੀ ਅਤੇ ਬਹਿਬਲ ਕਲਾਂ ਵਿਚ ਹੋਈਆਂ ਬੇਅਦਬੀਆਂ ਦੀਆਂ ਘਟਨਾਵਾਂ ਦੀਆਂ ਹਕੀਕਤਾਂ ਸਾਹਮਣੇ ਲਿਆਉਣ ਉਪਰੰਤ ਬਾਦਲ ਦਲ ਦੀ ਕੱਖੋਂ ਹੌਲੀ ਹੋਈ ਹਾਲਤ 'ਤੇ ਕਾਬੂ ਪਾਉਣ ਲਈ ਇਸ ਦਲ ਦੇ ਆਗੂਆਂ ਵਲੋਂ ਵੱਖ ਵੱਖ ਤਰਕੀਬਾਂ ਘੜੀਆਂ ਜਾ ਰਹੀਆਂ ਹਨ। ਖ਼ਬਰ ਅਨੁਸਾਰ ਜਿਨਾਂ ਵਿਚੋਂ ਇਕ ਇਹ ਦੱਸੀ ਜਾਂਦੀ ਹੈ ਕਿ ਸੁਖਬੀਰ ਬਾਦਲ ਅਤੇ ਬਿਕਰਮ ਮਜੀਠੀਏ ਨੂੰ ਪਾਸੇ ਕਰਕੇ ਉਨਾਂ ਦੀ ਥਾਂ ਦਲ ਦੇ ਹੀ ਸੀਨੀਅਰ ਆਗੂਆਂ 'ਤੇ ਆਧਾਰਤ ਇਕ ਪ੍ਰੀਜ਼ੀਡੀਅਮ ਕਮੇਟੀ ਗਠਿਤ ਕਰ ਦਿੱਤੀ ਜਾਵੇ।

ਇਸ ਪ੍ਰਸਤਾਵਿਤ ਪ੍ਰੀਜ਼ੀਡੀਅਮ ਲਈ ਜੋ ਨਾਮ ਗਿਣਾਏ ਗਏ ਹਨ, ਉਹ ਉਹੀ ਸੱਜਣ ਹਨ, ਜੋ ਲੰਬੇ ਅਰਸੇ ਤੋਂ ਬਾਦਲ ਪਰਿਵਾਰ ਵਲੋਂ ਪੰਥਕ ਸਿਧਾਂਤ ਅਤੇ ਪ੍ਰੰਪਰਾਵਾਂ, ਰਵਾਇਤਾਂ ਦਾ ਘਾਣ ਕੀਤੇ ਜਾਣ ਨੂੰ ਅੱਖਾਂ ਮੁੰਦ ਕਰ ਕੇ ਅਣਗੌਲਿਆ ਕਰਦੇ ਆ ਰਹੇ ਹਨ। ਜਿਵੇਂ ਸ੍ਰੀ ਸੁਖਦੇਵ ਸਿੰਘ ਢੀਂਡਸਾ, ਸ੍ਰੀ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਸੇਵਾ ਸਿੰਘ ਸੇਖਵਾਂ ਆਦਿ ਆਗੂਆਂ ਬਾਰੇ ਕਿਹਾ ਗਿਆ ਹੈ ਕਿ ਹੁਣ ਉਹ ਆਗੂ ਦਲ ਦੀ ਵਾਗਡੋਰ ਸੰਭਾਲਣ ਲਈ ਅੱਗੇ ਆਉਣਗੇ।

ਬਾਦਲ ਪਿਓ ਪੁੱਤਰ ਵਲੋਂ ਬੀਤੇ ਵਿਚ ਕੀਤੇ ਗਏ ਬੱਜਰ ਗੁਨਾਹਾਂ 'ਤੇ ਪਰਦੇ ਪਾਉਣ ਲਈ ਘੜੀ ਗਈ ਇਸ ਤਰਕੀਬ ਦਾ ਵੇਰਵਾ ਪੜ ਕੇ ਮੈਨੂੰ ਇਕ ਪੁਰਾਣਾ ਚੁਟਕਲਾ ਯਾਦ ਆ ਗਿਆ, ਜੋ ਬਾਦਲ ਪਰਿਵਾਰ ਵਲੋਂ ਕੀਤੇ ਜਾ ਰਹੇ ਉਕਤ ਸਟੰਟ ਨਾਲ ਇੰਨ-ਬਿਨ ਮਿਲਦਾ-ਜੁਲਦਾ ਹੈ। ਕਹਿੰਦੇ ਇਕ ਵਾਰ ਕਿਸੇ ਇਲਾਕੇ ਵਿਚ ਭਿਆਨਕ ਕਾਲ ਪੈ ਗਿਆ। ਘਰਾਂ 'ਚੋਂ ਦਾਣੇ ਫੱਕੇ ਸਭ ਖਤਮ ਹੋ ਗਏ। ਲੋਕੀਂ ਭੁੱਖ ਦੇ ਦੁੱਖੋਂ ਤੰਗ ਆ ਗਏ। ਪਿੰਡ ਵਿਚ ਰਹਿੰਦੇ ਦੁਖੀ ਹੋਏ ਇਕ ਮੀਰਜ਼ਾਦੇ ਨੇ ਆਪਣਾ ਸਾਰਾ ਟੱਬਰ ਇਕੱਠਾ ਕਰਕੇ ਆਪਣੇ ਕੋਲ ਬਹਾ ਲਿਆ। ਪਰਿਵਾਰ ਦੇ ਜੀਆਂ ਨੂੰ ਸਿੱਖ ਮਤ ਦਿੰਦਿਆਂ ਕਹਿਣ ਲੱਗਾ ਕਿ ਬਿਪਤਾ ਦਾ ਸਮਾਂ ਹੈ, ਇਸ ਵੇਲੇ... ਚੰਦਰੀ ਭੁੱਖ ਤੋਂ ਬਚਣ ਲਈ ਮੈਂ ਇਕ 'ਸਕੀਮ' ਬਣਾਈ ਹੈ। ਉਹ ਇਹ ਕਿ ਆਪਾਂ ਸਾਰੇ ਜਣੇ ਕਿਸੇ ਇਕ ਰਿਸ਼ਤੇਦਾਰ 'ਤੇ ਭਾਰ ਬਣਨ ਨਾਲੋਂ ਅਲੱਗ-ਅਲੱਗ ਅੰਗਾਂ-ਸਾਕਾਂ ਦੇ ਚਾਰ ਦਿਨ ਕੱਟ ਆਈਏ। ਬਣਾ ਸੁਆਰ ਕੇ ਫਿਰ ਉਹ 'ਕੱਲੇ 'ਕੱਲੇ ਜੀਅ ਨੂੰ ਸਮਝਾਉਣ ਲੱਗਾ। ਸਭ ਤੋਂ ਪਹਿਲਾਂ ਆਪਣੀ ਘਰਵਾਲੀ ਨੂੰ ਕਹਿੰਦਾ, ਪੀਰਾਂ ਮਾਰੀਏ, ਤੂੰ ਕਾਹਨੂੰ ਭੁੱਖ ਦੇ ਦੁਖੋਂ ਐਧਰ ਓਧਰ ਟੱਕਰਾਂ ਮਾਰਨੀਆਂ ਨੇ ? ਤੂੰ ਚੁੱਪ ਕਰਕੇ ਆਪਣੇ ਪੇਕੇ ਚਲੀ ਜਾਹ। ਮੇਰਾ ਫਿਕਰ ਨਾ ਕਰੀਂ, ਮੈਂ ਆਪਣੇ ਸਹੁਰਿਆਂ ਦੇ ਜਾ ਵੜਨਾ ਹੈ। ਫਿਰ ਆਪਣੇ ਨਿਆਣਿਆਂ ਨੂੰ ਕਹਿੰਦਾ ਕਿ ਤੁਸੀਂ ਸਾਰੇ ਜਣੇ ਆਪਣੇ ਨਾਨਕਿਆਂ ਦੇ ਚਲੇ ਜਾਓ।

ਕੀ ਬਾਦਲ ਟੱਬਰ ਵਲੋਂ ਜਨਤਾ ਦੇ ਅੱਖੀਂ ਘੱਟਾ ਪਾਉਣ ਵਾਲੀ ਪ੍ਰੀਜ਼ੀਡੀਅਮ ਦੀ ਉਕਤ ਖਬਰ, ਮੀਰਜ਼ਾਦੇ ਵਾਲੇ ਚੁਟਕਲੇ ਨਾਲ ਮੇਲ ਨਹੀਂ ਖਾਂਦੀ ?

"ਦੀਨ ਧਰਮ ਈਮਾਨ ਖ਼ੀਦਣ ਉਹ ਨੋਟਾਂ ਦੇ ਬਲ ਉੱਤੇ ਚੁੱਪ ਦੀ ਚਾਬੀ ਲਾ ਕੇ ਬੰਦ ਕਰ ਜਾਂਦੇ ਮੂੰਹ ਦੇ ਜੰਦੇ ਨੂੰ"

# ਕਨੂਪ੍ਰਿਯਾ ਦੀ ਇਤਿਹਾਸਕ ਜਿੱਤ ਬਨਾਮ ਦਲ ਖਾਲਸਾ

**ਚੰਡੀਗੜ੍ਹ/ਬਿਊਰੋ ਨਿਊਜ਼ :**

ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਦੀਆਂ ਸਾਰੀਆਂ ਸਟੂਡੈਂਟਸ ਪਾਰਟੀਆਂ ਨੇ ਆਪਣੀ ਪੁਰਾਣੀ ਤਰਜ਼ 'ਤੇ ਚੋਣ ਮੈਦਾਨ ਵਿਚ ਪੁਰਸ਼ ਉਮੀਦਵਾਰ ਉਤਾਰ ਦਿੱਤੇ। ਏਬੀਵੀਪੀ ਜੋ ਸੰਘ ਪਰਿਵਾਰ ਨਾਲ ਸੰਬੰਧਿਤ ਸੀ, ਕਾਂਗਰਸ ਦੀ ਐਨਐਸਯੂਆਈ, ਸ਼੍ਰੋਮਣੀ ਅਕਾਲੀ ਦਲ ਦੀ ਐਸਓਆਈ, ਸਭ ਨੇ ਪੁਰਸ਼ ਉਮੀਦਵਾਰ ਉਤਾਰੇ। ਪਰ ਖੱਬੇ ਪੱਖੀਆਂ ਦੀ ਯੂਨੀਅਨ ਐਸਐਫਐਸ ਨੇ ਇਕੱਲੀ ਲੜਕੀ ਕਨੂਪ੍ਰਿਯਾ ਨੂੰ ਮੈਦਾਨ ਵਿਚ ਉਤਾਰਿਆ। ਏਬੀਵੀਪੀ, ਐਓਆਈ, ਐਨਐਸਯੂਆਈ ਵਰਗੀਆਂ ਪਾਰਟੀਆਂ ਆਪਣੇ ਪੈਸੇ, ਬਾਹੂਬਲ 'ਤੇ ਚੋਣਾਂ ਲੜੀਆਂ ਤੇ ਬਹੁਤ ਸਾਰਾ ਪੈਸਾ ਖਰਚਿਆ ਗਿਆ। ਪਰ ਐਸਐਫਐਸ ਦੀ ਕਨੂਪ੍ਰਿਯਾ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਤੇ ਰਣਨੀਤੀ ਨਾਲ ਵਿਦਿਆਰਥੀਆਂ ਦੇ ਮੁੱਦਿਆਂ 'ਤੇ ਆਪਣੀ ਵੋਟ ਮੰਗ ਰਹੀ ਸੀ। ਉਸ ਦੇ ਜਾਦੂਮਈ ਭਾਸ਼ਣਾਂ ਕਾਰਨ ਲੜਕੀਆਂ ਤੇ ਵਿਦਿਆਰਥੀਆਂ ਦਾ ਹਜੂਮ ਜੁੜਨ ਲੱਗਾ। ਕਿਹਾ ਜਾਂਦਾ ਹੈ ਕਿ ਯੂਨੀਵਰਸਿਟੀ ਦੇ ਨਵੇਂ ਵਾਈਸ ਚਾਂਸਲਰ ਸੰਘ ਪਰਿਵਾਰ ਨਾਲ ਸੰਬੰਧਿਤ



ਹਨ ਤੇ ਉਨ੍ਹਾਂ ਉੱਪਰ ਏਬੀਪੀਪੀ ਨੂੰ ਜਿਤਾਉਣ ਲਈ ਦਬਾਅ ਦਾ ਕੰਮ ਕਰ ਰਿਹਾ ਸੀ। ਆਰ ਐਸ ਐਸ ਪੂਰੇ ਕਾਲਜਾਂ 'ਤੇ, ਪੂਰੀਆਂ ਯੂਨੀਵਰਸਿਟੀਆਂ 'ਤੇ ਆਪਣਾ ਕਬਜ਼ਾ ਕਰਨਾ ਚਾਹੁੰਦੀ ਹੈ, ਕਨੂਪ੍ਰਿਯਾ ਦੀ ਜਾਦੂਮਈ ਸਖਸ਼ੀਅਤ ਅੱਗੇ ਸਭ ਢੇਰ ਹੋ ਗਏ। ਜਦੋਂ ਵੋਟਾਂ ਦੀ ਗਿਣਤੀ ਹੋਣ ਲੱਗੀ ਤਾਂ ਸ਼ਹੀਦ ਭਗਤ ਸਿੰਘ ਦੀ ਫੋਟੋ ਲਹਿਰਾਉਣ ਲੱਗੀ ਕਿਉਂਕਿ ਕਨੂਪ੍ਰਿਯਾ ਸਭ ਤੋਂ ਅੱਗੇ ਚਲ ਰਹੀ ਸੀ। ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜਣ ਲੱਗੇ। ਲਗਭਗ 8 ਵਜੇ ਜਿੱਤ ਦਾ ਐਲਾਨ ਹੋ ਗਿਆ। ਆਰ ਐਸ ਐਸ ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਨਾ ਕਰ ਸਕੀ। ਕਨੂਪ੍ਰਿਯਾ ਨੇ 2802 ਵੋਟਾਂ ਹਾਸਲ ਕੀਤੀਆਂ ਤੇ ਏਬੀਪੀਪੀ ਦੇ ਆਸ਼ੀਸ਼ ਰਾਣਾ ਨੂੰ 2083 ਵੋਟਾਂ ਪਈਆਂ। ਭਗਵੇਂਵਾਦੀ 719 ਵੋਟਾਂ ਦੇ ਭਾਰੀ ਅੰਤਰ ਨਾਲ ਹਾਰ ਗਏ। ਜਿੱਤ ਦੇ ਬਾਅਦ ਕਨੂਪ੍ਰਿਯਾ ਦਾ ਕਹਿਣਾ ਸੀ ਕਿ ਇਹ ਮੇਰੀ ਇਕੱਲੀ ਦੀ ਜਿੱਤ ਨਹੀਂ, ਇਹ ਸਭ ਦੀ ਜਿੱਤ ਹੈ। ਬਾਹੂਬਲੀ ਅਤੇ ਧਨ ਦੀ ਟੇਕ ਰੱਖਣ ਵਾਲੇ ਤੇ ਭਗਵੀਆਂ ਫਾਸ਼ੀਵਾਦੀ ਤਾਕਤਾਂ ਸਾਡੀ ਤਾਕਤ ਅੱਗੇ ਠਹਿਰ ਨਾ ਸਕੀਆਂ। ਇਸ ਜਿੱਤ ਦੇ ਨਾਲ ਪੰਜਾਬ ਯੂਨੀਵਰਸਿਟੀਦੀ ਕਨੂਪ੍ਰਿਯਾ ਪਹਿਲੀ ਔਰਤ ਵਿਦਿਆਰਥੀ ਮੁਖੀ ਬਣ ਗਈ ਹੈ। ਜਦੋਂ ਇਸ ਸੰਬੰਧ ਵਿਚ ਮੀਡੀਆ ਨੇ ਕਨੂਪ੍ਰਿਯਾ ਨੂੰ ਪੁੱਛਿਆ ਕਿ ਉਸ ਦੇ ਦਲ ਖਾਲਸਾ ਨਾਲ ਕੀ ਸੰਬੰਧ ਹਨ ਤੇ ਦਲ ਖਾਲਸਾ ਦੀ ਸਹਾਇਤਾ ਕਿਉਂ ਲਈ ਗਈ ਤਾਂ ਉਸ ਨੇ ਕਿਹਾ ਕਿ ਦਲ ਖਾਲਸਾ ਨੇ ਉਸ ਸਮੇਂ ਪੰਜਾਬ ਯੂਨੀਵਰਸਿਟੀ ਦਾ ਮਾਹੌਲ ਸ਼ਾਂਤ ਰੱਖਿਆ ਤੇ ਭਗਵੀਂ ਤਾਕਤਾਂ ਨੂੰ ਨੱਥ ਪਾਈ, ਜੋ ਧੱਕੇ ਨਾਲ ਪੰਜਾਬ ਯੂਨੀਵਰਸਿਟੀ ਦਾ ਮਾਹੌਲ ਖਰਾਬ ਕਰਨੀਆਂ ਚਾਹੁੰਦੀਆਂ ਸਨ ਤੇ ਵਿਦਿਆਰਥੀ ਯੂਨੀਅਨ 'ਤੇ ਕਬਜ਼ਾ ਕਰਨਾ ਚਾਹੁੰਦੀਆਂ ਸਨ। ਉਨ੍ਹਾਂ ਕਿਹਾ ਕਿ ਬੇਸ਼ੱਕ ਦਲ ਖਾਲਸੇ ਦਾ ਨਿਸ਼ਾਨਾ ਖਾਲਿਸਤਾਨ ਹੈ, ਪਰ ਸਾਡੀ ਉਨ੍ਹਾਂ ਦੀ ਏਕਤਾ ਮਨੁੱਖੀ ਅਧਿਕਾਰਾਂ ਤੇ ਸਾਂਝੀਵਾਲਤਾ ਕਰਕੇ ਹੈ। ਉਹ ਮਨੁੱਖਤਾ ਦਾ ਭਲਾ ਸੋਚਦੇ ਹਨ। ਉਨ੍ਹਾਂ ਨੇ ਸਾਡੀ ਹਮਾਇਤ ਕੀਤੀ ਹੈ, ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਅਸਲ ਵਿਚ ਇਹ ਕਿੰਨੀ ਖੂਬਸੂਰਤ ਗੱਲ ਹੈ ਕਿ ਖੱਬੇ ਪੱਖੀਆਂ ਦੀ ਨਵੀਂ ਪੀੜ੍ਹੀ ਵਿਚ ਨਵੀਂ ਜਾਗ੍ਰਿਤੀ ਆ ਰਹੀ ਹੈ ਤੇ ਉਹ ਸਿੱਖ ਵਿਚਾਰਧਾਰਾ ਅਤੇ ਸਿੱਖ ਸਮਾਜ ਦੀ ਸੋਚ ਨੂੰ ਸਮਝ, ਪੜ੍ਹ ਰਹੇ ਹਨ ਤੇ ਉਨ੍ਹਾਂ ਨੂੰ ਗਿਆਨ ਹੋ ਰਿਹਾ ਹੈ ਕਿ ਸਿੱਖ ਧਰਮ ਸਾਡੇ ਖਿਲਾਫ਼ ਨਹੀਂ, ਉਹ ਤਾਂ ਫਾਸ਼ੀਵਾਦੀ ਤੇ ਜ਼ਾਲਮ ਜਮਾਤਾਂ ਖਿਲਾਫ਼ ਹੈ, ਜੋ ਸਮਾਜ ਵਿਚ ਘ੍ਰਿਣਾ ਪੈਦਾ ਕਰਦੇ ਹਨ ਤੇ ਦੰਗੇ ਕਰਾਉਂਦੇ ਹਨ। ਅਸੀਂ ਕਨੂਪ੍ਰਿਯਾ ਦੀ ਜਿੱਤ 'ਤੇ ਸਭ ਨੂੰ ਵਧਾਈ ਦਿੰਦੇ ਹਾਂ। ਕਾਮਰੇਡਾਂ ਨੂੰ, ਖਾਲਸਾ ਪੰਥ ਨੂੰ ਜਿਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਵਿਚ ਭਗਵੇਂਵਾਦੀ ਤਾਕਤਾਂ ਦੇ ਪੈਰ ਲੱਗਣ ਨਹੀਂ ਦਿੱਤੇ।

## ਸਿੱਧੂ ਦਾ ਖਹਿੜਾ ਨਹੀਂ ਛੱਡ ਰਿਹਾ ਤੀਹ ਸਾਲ ਪੁਰਾਣਾ ਕਤਲ ਕੇਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਰੀਬ 30 ਸਾਲ ਪਹਿਲਾਂ ਹੋਏ ਇਕ ਕਤਲ ਦੇ ਮਾਮਲੇ ਵਿਚ ਨਵਜੋਤ ਸਿੰਘ ਸਿੱਧੂ ਦਾ ਨਾਮ ਲੰਮੀ ਕਾਨੂੰਨੀ ਲੜਾਈ ਦੌਰਾਨ ਵੱਖ-ਵੱਖ ਅਦਾਲਤਾਂ ਵਿਚੋਂ ਹੁੰਦਾ ਹੋਇਆ ਸੁਪਰੀਮ ਕੋਰਟ ਵਿਚ ਗੂੰਜ ਰਿਹਾ ਹੈ। ਸੜਕ 'ਤੇ ਝਗੜੇ ਦੌਰਾਨ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਮ੍ਰਿਤਕ ਗੁਰਨਾਮ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਦਾਖ਼ਲ ਨਜ਼ਰਸਾਨੀ ਪਟੀਸ਼ਨ ਸੁਣਵਾਈ ਲਈ ਸਵੀਕਾਰ ਕਰ ਲਈ ਹੈ। ਜਸਟਿਸ ਏ ਐਮ ਖਾਨਵਿਲਕਰ ਅਤੇ ਜਸਟਿਸ ਸੰਜੇ ਕਿਸ਼ਨ ਕੌਲ ਦੀ ਬੈਂਚ ਨੇ ਫ਼ੈਸਲੇ ਦੀ ਸਮੀਖਿਆ ਲਈ ਦਾਖ਼ਲ ਪਟੀਸ਼ਨ 'ਤੇ ਸ੍ਰੀ ਸਿੱਧੂ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ। ਕਾਨੂੰਨੀ ਮਾਹਰਾਂ ਦਾ ਮੰਨਣਾ ਹੈ ਕਿ ਸਾਬਕਾ ਕ੍ਰਿਕਟਰ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੀਆਂ ਮੁਸ਼ਕਲਾਂ ਫਿਰ ਵਧ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਤਿੰਨ ਦਹਾਕੇ ਪਹਿਲਾਂ ਸੜਕ 'ਤੇ ਝਗੜੇ ਦੀ ਘਟਨਾ ਪਟਿਆਲਾ 'ਚ 27 ਦਸੰਬਰ 1988 ਨੂੰ ਵਾਪਰੀ ਸੀ। ਉਦੋਂ ਸਿੱਧੂ ਅਤੇ ਉਸ ਦਾ ਦੋਸਤ ਰੁਪਿੰਦਰ ਸਿੰਘ ਸੰਧੂ ਪੀੜਤ ਗੁਰਨਾਮ ਸਿੰਘ ਨਾਲ ਬਹਿਸ ਪਏ ਸਨ। ਦੋਹਾਂ ਨੇ ਸ੍ਰੀ ਗੁਰਨਾਮ ਸਿੰਘ ਨੂੰ ਕਾਰ 'ਚੋਂ ਧੂਹ ਲਿਆ ਸੀ ਜਿਸ ਮਗਰੋਂ ਉਨ੍ਹਾਂ ਦੀ ਮੌਤ ਹੋ ਗਈ ਸੀ। ਬੀਤੀ 15 ਮਈ ਨੂੰ ਜਸਟਿਸ ਚੇਲਮੇਸ਼ਵਰ ਦੀ ਅਗਵਾਈ ਹੇਠਲੇ ਬੈਂਚ ਨੇ ਸ੍ਰੀ ਸਿੱਧੂ 'ਤੇ ਸਿਰਫ਼ ਇਕ ਹਜ਼ਾਰ ਰੁਪਏ ਦਾ ਜੁਰਮਾਨਾ ਕੀਤਾ ਸੀ। ਬੈਂਚ ਨੇ ਕਿਹਾ ਸੀ ਕਿ ਗੁਰਨਾਮ ਸਿੰਘ ਦੀ ਮੌਤ ਲਈ ਸਿੱਧੂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਹੈ ਕਿਉਂਕਿ ਕੁੱਟਣ ਸੰਬੰਧੀ ਕੋਈ ਸਬੂਤ ਨਹੀਂ ਮਿਲਿਆ ਹੈ। ਉਸ ਸਮੇਂ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਸ੍ਰੀ ਸਿੱਧੂ ਦਾ ਸਿਆਸੀ ਕਰੀਅਰ ਬਚ ਗਿਆ ਸੀ। ਜੇਕਰ ਅਪਰਾਧਿਕ ਕੇਸ 'ਚ ਦੋ ਸਾਲ ਤੋਂ ਘੱਟ ਦੀ ਸਜ਼ਾ ਹੋਵੇ ਤਾਂ ਸਿਆਸੀ ਕਰੀਅਰ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਹੈ। ਸੁਪਰੀਮ ਕੋਰਟ ਦੇ ਤਾਜ਼ਾ ਹੁਕਮਾਂ ਨਾਲ ਸਿੱਧੂ ਖ਼ਿਲਾਫ਼ ਇਹ ਕੇਸ ਮੁੜ ਖੁੱਲ੍ਹੇਗਾ।



# ਭਾਰਤ 'ਚੋਂ ਦੌੜਨ ਤੋਂ ਪਹਿਲਾਂ ਜੇਤਲੀ ਨੂੰ ਮਿਲਿਆ ਸੀ ਵਿਜੈ ਮਾਲਿਆ

**ਲੰਡਨ/ਬਿਊਰੋ ਨਿਊਜ਼ :** ਭਾਰਤੀ ਬੈਂਕਾਂ ਦੇ ਕਰੀਬ 9000 ਕਰੋੜ ਰੁਪਏ ਦੇ ਕਰਜ਼ੇ ਡਕਾਰ ਕੇ ਫ਼ਰਾਰ ਹੋਏ ਵਿਜੈ ਮਾਲਿਆ ਨੇ ਬਿਆਨ ਦਿੱਤਾ ਹੈ ਕਿ ਉਹ ਭਾਰਤ ਛੱਡਣ ਤੋਂ ਪਹਿਲਾਂ ਵਿੱਤ ਮੰਤਰੀ ਨੂੰ ਮਿਲ ਕੇ ਆਏ ਸਨ। ਭਾਰਤ ਵੱਲੋਂ ਦਾਇਰ ਕੀਤੇ ਸਪੁਰਦਗੀ ਦੇ ਕੇਸ ਸਬੰਧੀ ਵੈਸਟਮਿੰਸਟਰ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਹੋਣ ਲਈ ਪੁੱਜੇ ਕਿੰਗਫਿਸ਼ਰ ਏਅਰਲਾਈਨ ਦੇ 62 ਸਾਲਾ ਸਾਬਕਾ ਮੁਖੀ ਨੇ ਇਹ ਗੱਲ ਉਦੋਂ ਆਖੀ ਜਦੋਂ ਪੱਤਰਕਾਰਾਂ ਨੇ ਉਸ ਤੋਂ ਪੁੱਛਿਆ ਕਿ ਕੀ ਦੇਸ਼ ਛੱਡਣ ਤੋਂ ਪਹਿਲਾਂ ਉਸ ਨੇ ਕੋਈ ਸੂਹ ਕੱਢੀ ਸੀ ਤਾਂ ਉਸ ਨੇ ਜਵਾਬ ਦਿੱਤਾ " ਮੈਂ ਦੇਸ਼ ਛੱਡ ਕੇ ਗਿਆ ਸੀ ਕਿਉਂਕਿ ਮੇਰੀ ਜਨੇਵਾ ਵਿੱਚ ਮੀਟਿੰਗ ਹੋਣ ਵਾਲੀ ਸੀ। ਜਾਣ ਤੋਂ ਪਹਿਲਾਂ ਮੈਂ ਵਿੱਤ ਮੰਤਰੀ ਨੂੰ ਮਿਲਿਆ ਸਾਂ ਤੇ ਬੈਂਕਾਂ ਨਾਲ ਮਾਮਲਾ ਸੁਲਝਾਉਣ ਦੀ ਪੇਸ਼ਕਸ਼ ਕੀਤੀ ਸੀ। ਇਹ ਸੱਚ ਹੈ।" ਹਾਲਾਂਕਿ ਮਾਲਿਆ ਨੇ ਕਿਸੇ ਦਾ ਨਾਂ ਨਹੀਂ ਲਿਆ ਪਰ ਸੰਨ 2016 ਵਿੱਚ ਜਦੋਂ ਉਹ ਭਾਰਤ ਤੋਂ ਵਿਦੇਸ਼ ਆਇਆ ਸੀ ਤਾਂ ਉਸ ਵੇਲੇ ਅਰੁਣ ਜੇਤਲੀ ਹੀ ਵਿੱਤ ਮੰਤਰੀ ਸਨ। ਉਸ ਨੇ ਪੱਤਰਕਾਰਾਂ ਨੂੰ ਦੱਸਿਆ " ਮੈਂ ਪਹਿਲਾਂ ਹੀ ਆਖ ਚੁੱਕਿਆ ਹਾਂ ਕਿ ਮੈਨੂੰ ਸਿਆਸੀ ਖਿੱਦੋ ਬਣਾਇਆ ਜਾ ਰਿਹਾ ਹੈ। ਇਸ ਵਿੱਚ ਮੈਂ ਕੁਝ ਨਹੀਂ ਕਰ ਸਕਦਾ। ਮੇਰੀ ਜ਼ਮੀਰ ਬਿਲਕੁਲ ਸਾਫ਼ ਹੈ ਅਤੇ ਮੈਂ 15000 ਕਰੋੜ ਰੁਪਏ ਦੇ ਮੁੱਲ ਦੇ ਅਸਾਸੇ ਕਰਨਾਟਕ ਹਾਈ ਕੋਰਟ ਦੀ ਟੇਬਲ 'ਤੇ ਰੱਖੇ ਸਨ।" ਅਰਬਾਂ ਰੁਪਏ ਦੇ ਕਰਜ਼ੇ ਦੇ ਚੁੱਕੀਆਂ ਬੈਂਕਾਂ ਨੂੰ ਅੰਗੂਠਾ ਦਿਖਾਉਣ ਵਾਲੇ ਕਾਰੋਬਾਰੀ ਵਿਜੈ ਮਾਲਿਆ ਦੇ ਇਹ ਆਖਣ ਕਿ ਭਾਰਤ ਛੱਡਣ ਤੋਂ ਪਹਿਲਾਂ ਉਹ ਵਿੱਤ ਮੰਤਰੀ (ਅਰੁਣ ਜੇਤਲੀ) ਨੂੰ ਮਿਲ ਕੇ ਆਇਆ ਸੀ, ਉਸ ਨੂੰ ਵਿਦੇਸ਼ ਭਜਾਉਣ ਵਿਚ ਭਾਜਪਾ ਦਾ ਹੱਥ ਹੋਣ ਦੇ ਪਹਿਲਾਂ ਲਗਦੇ ਦੋਸ਼ਾਂ ਨੂੰ ਹੋਰ ਬਲ ਮਿਲਿਆ ਹੈ। ਲੰਡਨ ਦੀ ਅਦਾਲਤ ਵਿੱਚ ਪੇਸ਼ੀ ਵੇਲੇ ਦੁਪਹਿਰ ਦੇ ਖਾਣੇ ਦੇ ਵਕਫ਼ੇ ਦੌਰਾਨ ਉਹ ਸਿਗਰਟ ਦੇ ਕਸ਼ ਲਾਉਂਦਾ ਰਿਹਾ। ਉਸਨੇ ਮੀਡੀਆ ਨੂੰ ਅਪੀਲ ਕੀਤੀ ਕਿ ਉਹ ਬੈਂਕਾਂ ਤੋਂ ਪੁੱਛਣ ਕਿ ਜਦੋਂ ਉਹ ਕਰਜ਼ੇ ਮੋੜਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਉਨ੍ਹਾਂ ਦੀ ਮਦਦ ਕਿਉਂ ਨਾ ਕੀਤੀ ਗਈ। " ਮੈਂ ਬਿਨਾਂ ਸ਼ੱਕ ਬਲੀ ਦਾ ਬੱਕਰਾ ਹਾਂ, ਮੈਂ ਬਲੀ ਦਾ ਬੱਕਰਾ ਮਹਿਸੂਸ ਕਰਦਾ ਹਾਂ। ਦੋਵੇਂ ਸਿਆਸੀ ਪਾਰਟੀਆਂ ਮੈਨੂੰ ਪਸੰਦ ਨਹੀਂ ਕਰਦੀਆਂ।" ਉਸ ਨੇ ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿੱਚ ਉਸ ਲਈ ਤਿਆਰ ਕੀਤੀ ਗਈ ਬੈਰਕ ਨੰਬਰ 12 ਦੀ ਵੀਡਿਓ ਨੂੰ ਤਨਜ਼ੀਆ ਲਹਿਜੇ ਵਿੱਚ " ਬੇਹੱਦ ਸ਼ਾਨਦਾਰ" ਕਰਾਰ ਦਿੱਤਾ। ਮਾਲਿਆ ਖ਼ਿਲਾਫ ਸਪੁਰਦਗੀ ਵਾਰੰਟ ਜਾਰੀ ਹੋਣ ਮਗਰੋਂ ਪਿਛਲੇ ਸਾਲ ਅਪਰੈਲ ਮਹੀਨੇ ਗ੍ਰਿਫ਼ਤਾਰ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਮਾਮਲੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਵਿਜੈ ਮਾਲਿਆ ਦੇ ਬਿਆਨ ਮਗਰੋਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਇਸ ਮਾਮਲੇ ਦੀ ਜਾਂਚ ਕਰਾਉਣ ਅਤੇ ਵਿੱਤ ਮੰਤਰੀ ਅਰੁਣ ਜੇਤਲੀ ਤੁਰੰਤ ਅਸਤੀਫਾ ਦੇਣ। ਇਸੇ ਦੌਰਾਨ ਕਾਂਗਰਸ ਨੇ ਕਿਹਾ ਕਿ ਇਹ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਵਿਜੈ ਮਾਲਿਆ ਨੂੰ ਦੇਸ਼ 'ਚੋਂ ਜਾਣ ਦੀ ਆਗਿਆ ਕਿਵੇਂ ਤੇ ਕਿਸ ਨੇ ਦਿੱਤੀ ਸੀ। ਕਾਂਗਰਸ ਤਰਜਮਾਨ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਸਰਕਾਰ ਮਾਲਿਆ ਤੇ ਫ਼ਰਾਰ ਹੋਏ ਹੋਰਨਾਂ ਕਾਰੋਬਾਰੀਆਂ ਨਾਲ ਰਲੀ ਹੋਈ ਹੈ।


ਵਿਜੈ ਮਾਲਿਆ ਲੰਡਨ ਦੀ ਵੈਸਟਮਿੰਸਟਰ ਮੈਜਿਸਟਰੇਟ ਅਦਾਲਤ 'ਚ ਪੇਸ਼ ਹੁੰਦਾ ਹੋਇਆ।

## ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ 74ਵਾਂ ਸਥਾਪਨਾ ਦਿਵਸ ਮਨਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ 74ਵਾਂ ਸਥਾਪਨਾ ਦਿਵਸ ਮਨਾਇਆ ਗਿਆ ਹੈ। ਇਸ ਸਬੰਧੀ ਵੱਖ-ਵੱਖ ਫੈਡਰੇਸ਼ਨਾਂ ਨੇ ਵੱਖੋ-ਵੱਖ ਸਮਾਗਮ ਕੀਤੇ। ਸਿੱਖ ਸਟੂਡੈਂਟਸ ਫੈਡਰੇਸ਼ਨ (ਗਰੇਵਾਲ) ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਭੋਮਾ) ਨੇ ਵੱਖ-ਵੱਖ ਤੌਰ 'ਤੇ ਅਕਾਲ ਤਖ਼ਤ 'ਤੇ ਅਰਦਾਸ ਕੀਤੀ, ਜਦਕਿ ਦੂਜੇ ਪਾਸੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਵੱਲੋਂ ਜਥੇਬੰਦੀ ਦਾ 74ਵਾਂ ਸਥਾਪਨਾ ਦਿਵਸ ਟਾਟਾ ਨਗਰ ਵਿਚ ਇਕ ਕਾਨਫਰੰਸ ਕਰਕੇ ਮਨਾਇਆ ਗਿਆ।

ਫੈਡਰੇਸ਼ਨ ਗਰੇਵਾਲ ਵੱਲੋਂ ਇੱਥੇ ਅਕਾਲ ਤਖ਼ਤ 'ਤੇ ਅਰਦਾਸ ਮਗਰੋਂ ਜਥੇਬੰਦੀ ਦੇ ਪ੍ਰਧਾਨ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਬੇਅਦਬੀ ਦੀਆਂ ਘਟਨਾਵਾਂ ਲਈ ਕੋਈ ਵੀ ਦੋਸ਼ੀ ਹੋਵੇ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਾਂਗਰਸ ਸਰਕਾਰ 'ਤੇ ਦੋਸ਼ ਲਾਇਆ ਕਿ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਲੋਕਾਂ ਦਾ ਧਿਆਨ ਭਟਕਾ ਰਹੀ ਹੈ। ਸਮਾਗਮ ਵਿੱਚ ਸ੍ਰੀ ਗਰੇਵਾਲ ਤੋਂ ਇਲਾਵਾ ਪਰਮਜੀਤ ਸਿੰਘ, ਕੰਵਲਜੀਤ ਸਿੰਘ ਲਾਲੀ, ਮਨਪ੍ਰੀਤ ਸਿੰਘ ਬੈਂਟੀ, ਦਿਲਬਾਗ ਸਿੰਘ ਕਲਸੀ, ਗੁਰਬਖ਼ਸ਼ ਸਿੰਘ ਸੇਖੋਂ, ਗੁਰਕੀਰਤਨ ਸਿੰਘ ਜਲਾਲਾਬਾਦ, ਧਰਮਿੰਦਰ ਸਿੰਘ ਮੁਕਤਸਰ ਆਦਿ ਹਾਜ਼ਰ ਸਨ।

ਇਸ ਦੌਰਾਨ ਫੈਡਰੇਸ਼ਨ ਭੋਮਾ ਨੇ ਵੀ ਸਥਾਪਨਾ ਦਿਵਸ ਦੇ ਸਬੰਧ ਵਿੱਚ ਅਕਾਲ ਤਖ਼ਤ ਵਿਖੇ ਅਰਦਾਸ ਕੀਤੀ। ਮਗਰੋਂ ਇਸ ਸਬੰਧੀ ਇਕ ਮਤਾ ਪਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂਆਂ ਨੂੰ ਅਪੀਲ ਕੀਤੀ ਕਿ ਕੁਰਬਾਨੀਆਂ ਨਾਲ ਬਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ, ਭਾਜਪਾ ਅਤੇ ਆਰਐਸਐਸ ਦੇ ਕਲਾਵੇ ਵਿੱਚੋਂ ਮੁਕਤ ਕਰਾਇਆ ਜਾਵੇ। ਦੂਜੇ ਮਤੇ ਰਾਹੀਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਦੇ ਮਾਮਲੇ ਵਿੱਚ ਅਕਾਲ ਤਖ਼ਤ 'ਤੇ ਖੜ੍ਹੇ ਹੋ ਕੇ ਸੱਚ ਬਿਆਨ ਕਰਨ। ਤੀਜੇ ਮਤੇ ਰਾਹੀਂ ਕਾਂਗਰਸ ਸਰਕਾਰ ਨੂੰ ਸਜ਼ਾਵਾਂ ਭੁਗਤ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਕੈਬਨਿਟ ਵਿੱਚ ਮਤਾ ਪਾਸ ਕਰਨ ਦੀ ਅਪੀਲ ਕੀਤੀ ਗਈ।

ਦੂਜੇ ਪਾਸੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਵੱਲੋਂ ਜਥੇਬੰਦੀ ਦਾ 74ਵਾਂ ਸਥਾਪਨਾ ਦਿਵਸ ਟਾਟਾ ਨਗਰ ਵਿੱਚ ਇਕ ਕਾਨਫਰੰਸ ਕਰਕੇ ਮਨਾਇਆ ਗਿਆ, ਜਿਸ ਵਿੱਚ ਇਕ ਮਤੇ ਰਾਹੀਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮੌਜੂਦਾ ਪੰਥਕ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਆਪਣੇ ਅਹੁਦਿਆਂ ਤੋਂ ਅਸਤੀਫੇ ਦੇਣ ਤੇ ਕੌਮ ਕੋਲੋਂ ਬਿਨਾ ਸ਼ਰਤ ਮੁਆਫ਼ੀ ਮੰਗਣ ਦੀ ਅਪੀਲ ਕੀਤੀ ਗਈ ਹੈ। ਜਥੇਬੰਦੀ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਦੱਸਿਆ ਕਿ ਫੈਡਰੇਸ਼ਨ ਦਾ 74ਵਾਂ ਸਥਾਪਨਾ ਦਿਵਸ ਝਾਰਖੰਡ ਸੂਬੇ ਦੇ ਟਾਟਾ ਨਗਰ ਵਿੱਚ ਮਨਾਇਆ ਗਿਆ। ਇਸ ਸਬੰਧੀ ਇੱਥੇ ਰਾਮਗੜ੍ਹੀਆ ਭਵਨ ਵਿੱਚ ਕਾਨਫਰੰਸ ਕਰਾਈ ਗਈ, ਜਿਸ ਵਿੱਚ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਅਤੇ ਨਵੰਬਰ 1984 ਸਿੱਖ ਕਤਲੇਆਮ ਦੀ ਮੁੱਖ ਗਵਾਹ ਬੀਬੀ ਨਿਰਪ੍ਰੀਤ ਕੌਰ ਨੇ ਸਿੱਖ ਨੌਜਵਾਨਾਂ ਨੂੰ ਸੰਬੋਧਨ ਕੀਤਾ। ਇਸ ਕਾਨਫਰੰਸ ਦੌਰਾਨ ਤਿੰਨ ਮਤੇ ਪਾਸ ਕੀਤੇ ਗਏ। ਇਸ ਮੌਕੇ ਤਿੰਨ ਮਤੇ ਪਾਸ ਕੀਤੇ ਗਏ ਤੇ ਇਕ ਮਤੇ ਰਾਹੀਂ ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੋਂ ਅਸਤੀਫ਼ੇ ਦੀ ਮੰਗ ਕੀਤੀ ਗਈ।

# ਰੇਲਾਂ 'ਚ ਚਾਹ ਦੀਆਂ ਕੇਤਲੀਆਂ 'ਤੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਭਾਰਤੀ ਰੇਲਾਂ ਵਿਚ ਚਾਹ ਵਾਲੀਆਂ ਕੇਤਲੀਆਂ 'ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀਆਂ ਤਸਵੀਰਾਂ ਵਾਲੇ ਲੇਬਲ ਸਾਹਮਣੇ ਆਉਣ 'ਤੇ ਸਿੱਖ ਸੰਗਤਾਂ ਵਿਚ ਰੋਸ ਪਾਇਆ ਜਾ ਰਿਹਾ ਹੈ। ਗੌਰਤਲਬ ਹੈ ਕਿ ਪਹਿਲਾਂ ਰੇਲਵੇ ਵੱਲੋਂ ਰੇਲ ਗੱਡੀਆਂ 'ਚ ਯਾਤਰੂਆਂ ਨੂੰ ਦਿੱਤੇ ਜਾਂਦੇ ਪਾਣੀ ਦੀਆਂ ਬੋਤਲਾਂ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦਾ ਮਾਮਲਾ ਸਾਹਮਣੇ ਆਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਗਿਆ ਹੈ।ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਨੇ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ ਲਿਮਟਿਡ ਅਤੇ ਬੀਐਸਐਨਐਲ. ਨਾਲ ਰਾਬਤਾ ਕਾਇਮ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਲੇਬਲ ਤੁਰਤ ਹਟਾਉਣ ਲਈ ਕਿਹਾ ਹੈ। ਇਸ ਸਬੰਧੀ ਦੋਵਾਂ ਵਿਭਾਗਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਚਿੱਠੀਆਂ ਵੀ ਲਿਖੀਆਂ ਗਈਆਂ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਪਹਿਲਾਂ ਸ਼ਤਾਬਦੀ ਐਕਸਪ੍ਰੈੱਸ ਵਿਚ ਪਾਣੀ ਦੀਆਂ ਬੋਤਲਾਂ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਾਲੇ ਲੇਬਲ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ 'ਤੇ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਤੋਂ ਬਾਅਦ ਰੇਲਵੇ ਦੇ ਕੈਟਰਿੰਗ ਤੇ ਟੂਰਿਜ਼ਮ ਕਾਰਪੋਰੇਸ਼ਨ ਵਲੋਂ ਜਵਾਬੀ ਪੱਤਰ ਰਾਹੀਂ ਇਸ ਨੂੰ ਅਣਜਾਣੇ 'ਚ ਹੋਈ ਭੁੱਲ ਦੱਸ ਕੇ ਤਸਵੀਰ ਵਾਲੇ ਲੇਬਲ ਵਾਪਸ ਲੈਣ ਦਾ ਦਾਅਵਾ ਕੀਤਾ ਗਿਆ ਸੀ। ਹੁਣ ਇਕ ਵਾਰ ਫਿਰ ਇਹ ਲੇਬਲ ਚਾਹ ਵਾਲੀਆਂ ਕੇਤਲੀਆਂ 'ਤੇ ਪਾਏ ਜਾਣ ਨਾਲ ਸਿੱਖਾਂ ਵਿਚ ਭਾਰੀ ਰੋਸ ਫੈਲਿਆ ਹੈ।ਉਨ੍ਹਾਂ ਕਿਹਾ ਕਿ ਰੇਲ ਸਫ਼ਰ ਵਾਲੇ ਕੁਝ ਲੋਕਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੀਆਂ ਤਸਵੀਰਾਂ ਵਾਲੇ ਲੇਬਲਾਂ ਸਮੇਤ ਚਾਹ ਕੇਤਲੀਆਂ ਦੀਆਂ ਤਸਵੀਰਾਂ ਸ਼੍ਰੋਮਣੀ ਕਮੇਟੀ ਕੋਲ ਭੇਜੀਆਂ ਗਈਆਂ ਹਨ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਕਿਸੇ ਨੂੰ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਪਾਰਕ ਮਸ਼ਹੂਰੀ 'ਤੇ ਛਾਪਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।



# ਵਿਸ਼ਵ ਵਿਚ ਹਰ ਘੰਟੇ 92 ਲੋਕ ਕਰਦੇ ਨੇ ਆਤਮ-ਹੱਤਿਆ

### *ਜ਼ਹਿਰ ਖਾਣ ਨਾਲ ਹੁੰਦੀਆਂ ਨੇ ਸਭ ਤੋਂ ਜ਼ਿਆਦਾ ਮੌਤਾਂ*

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਵਿਸ਼ਵ ਵਿਚ ਹਰ ਸਾਲ 80 ਲੱਖ ਲੋਕ ਸੁਸਾਇਡ ਕਰਦੇ ਹਨ। ਇਸ ਦਾ ਖੁਲਾਸਾ ਡਬਲਿਊ.ਐਚ.ਓ. ਅਤੇ ਮੈਂਟਲ ਹੈਲਥ ਕਮਿਸ਼ਨ ਆਫ ਕੈਨੇਡਾ ਵਲੋਂ ਜਾਰੀ ਰਿਪੋਰਟ ਵਿਚ ਕੀਤਾ ਗਿਆ। ਰਿਪੋਰਟ ਮੁਤਾਬਕ 2016 ਵਿਚ ਦੁਨੀਆ ਵਿਚ 15-29 ਸਾਲ ਦੀ ਉਮਰ ਦੇ ਜਿੰਨੇ ਲੋਕਾਂ ਦੀ ਮੌਤ ਹੋਈ, ਉਨ੍ਹਾਂ ਵਿਚ ਸਭ ਤੋਂ ਜ਼ਿਆਦਾ ਲੋਕਾਂ ਨੇ ਖੁਦਕੁਸ਼ੀ ਕੀਤੀ ਸੀ। ਨੈਸ਼ਨਲ ਹੈਲਥ ਪ੍ਰੋਫਾਈਲ 2018 ਰਿਪੋਰਟ ਮੁਤਾਬਕ ਇਸ ਦੌਰਾਨ ਭਾਰਤ ਵਿਚ 1.35 ਲੱਖ ਲੋਕਾਂ ਨੇ ਖੁਦਕੁਸ਼ੀ ਕੀਤੀ। 80 ਫੀਸਦੀ ਯਾਨੀ 6.4 ਲੱਖ ਘੱਟ ਅਤੇ ਮੱਧਮ ਉਮਰ ਦੇ ਲੋਕਾਂ ਨੇ ਖੁਦਕੁਸ਼ੀ ਕੀਤੀ। 38 ਦੇਸ਼ਾਂ ਨੇ ਖੁਦਕੁਸ਼ੀ ਵਰਗੇ ਅਪਰਾਧ ਨੂੰ ਰੋਕਣ ਦੀ ਰਣਨੀਤੀ ਬਣਾਈ ਹੈ। ਮਰਨ ਵਾਲਿਆਂ ਵਿਚ ਸਭ ਤੋਂ ਜ਼ਿਆਦਾ 20 ਫੀਸਦੀ ਲੋਕ ਜ਼ਹਿਰ ਖਾ ਕੇ ਸੁਸਾਇਡ ਕਰਦੇ ਹਨ। ਅਜਿਹਾ ਕਰਨ ਵਾਲਿਆਂ ਵਿਚ ਸਭ ਤੋਂ ਜ਼ਿਆਦਾ ਪੇਂਡੂ ਇਲਾਕਿਆਂ ਵਿਚ ਰਹਿਣ ਵਾਲੇ ਘੱਟ ਅਤੇ ਮੱਧਮ ਉਮਰ ਦੇ ਲੋਕ ਅਤੇ ਕਿਸਾਨ ਹੁੰਦੇ ਹਨ। ਇਸ ਤੋਂ ਇਲਾਵਾ ਲੋਕ ਖੁਦ ਨੂੰ ਫਾਹੇ ਜਾਂ ਅੱਗ ਵੀ ਲਗਾ ਲੈਂਦੇ ਹਨ। ਰਿਪੋਰਟ ਮੁਤਾਬਕ ਇਕ ਵਿਅਕਤੀ ਖੁਦਕੁਸ਼ੀ ਕਰਨ ਤੋਂ ਪਹਿਲਾਂ 20 ਵਾਰ ਇਸ ਦੀ ਕੋਸ਼ਿਸ਼ ਕਰ ਚੁੱਕਾ ਹੁੰਦਾ ਹੈ। ਰੂਸ ਵਿਚ ਸਭ ਤੋਂ ਜ਼ਿਆਦਾ ਖੁਦਕੁਸ਼ੀ ਕਰਦੇ ਹਨ ਲੋਕ : ਰੂਸ ਵਿਚ ਪੁਰਸ਼ਾਂ ਵਲੋਂ ਖੁਦਕੁਸ਼ੀ 48.3 ਫੀਸਦੀ, ਔਰਤਾਂ ਦੀ 14.5 ਫੀਸਦੀ, ਯੂਕਰੇਨ ਵਿਚ ਪੁਰਸ਼ 34.5 ਫੀਸਦੀ, ਔਰਤਾਂ 4.7 ਫੀਸਦੀ, ਦੱਖਣੀ ਕੋਰੀਆ ਵਿਚ ਪੁਰਸ਼ 29.9, ਔਰਤਾਂ 11.6 ਫੀਸਦੀ, ਪੋਲੈਂਡ ਵਿਚ ਪੁਰਸ਼ 23.9 ਫੀਸਦੀ, ਔਰਤਾਂ 3.4 ਫੀਸਦੀ ਅਤੇ ਬੈਲਜੀਅਮ ਵਿਚ ਪੁਰਸ਼ 22.2 ਤੇ ਔਰਤਾਂ 9.4 ਫੀਸਦੀ ਲੋਕ ਖੁਦਕੁਸ਼ੀ ਕਰਦੇ ਹਨ। ਭਾਰਤ ਵਿਚ ਇਹ ਅੰਕੜਾ 18.5 ਅਤੇ 14.5 ਹੈ, ਅੰਕੜੇ ਪ੍ਰਤੀ ਇਕ ਲੱਖ ਵਿਚ ਹਨ। ਭਾਰਤ ਵਿਚ ਜਵਾਨਾਂ ਵਿਚ ਵੱਧ ਰਹੀ ਖੁਦਕੁਸ਼ੀ ਦੀ ਰਿਪੋਰਟ ਤੋਂ ਬਾਅਦ ਸੀ.ਆਰ.ਪੀ.ਐਫ. ਨੇ ਪਹਿਲਾ ਮੈਂਟਲ ਹੈਲਥ ਪ੍ਰਾਜੈਕਟ ਸ਼ੁਰੂ ਕੀਤਾ ਹੈ। ਸੀ.ਆਰ.ਪੀ.ਐਫ. ਦੇ ਡਾਇਰੈਕਟਰ ਜਨਰਲ ਆਰ. ਆਰ. ਭਟਨਾਗਰ ਨੇ ਇਕ ਇੰਟਰਵਿਊ ਵਿਚ ਕਿਹਾ ਕਿ ਜਵਾਨਾਂ ਵਲੋਂ ਖੁਦਕੁਸ਼ੀ ਕਰਨਾ ਇਕ ਬਹੁਤ ਹੀ ਵੱਡੀ ਚਿੰਤਾ ਦਾ ਵਿਸ਼ਾ ਹੈ। ਇਸ ਨੂੰ ਦੇਖਦੇ ਹੋਏ ਇਹ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਇਸ ਲਈ ਏਮਸ ਅਤੇ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸ ਨਾਲ ਕਰਾਰ ਕੀਤਾ ਗਿਆ ਹੈ। ਪਿਛਲੇ ਸਾਲ 156 ਜਵਾਨਾਂ ਦੀ ਮੌਤ ਹਾਰਟ ਅਟੈਕ ਨਾਲ ਹੋਈ ਸੀ, ਜਦੋਂ ਕਿ 38 ਨੇ ਤਣਾਅ ਵਿਚ ਆ ਕੇ ਖੁਦਕੁਸ਼ੀ ਕਰ ਲਈ ਸੀ। ਉਥੇ ਹੀ 435 ਦੀ ਕਿਸੇ ਹੋਰ ਕਾਰਨਾਂ ਕਾਰਨ ਮੌਤ ਹੋਈ ਸੀ। ਇਸ ਤੋਂ ਪਹਿਲਾਂ 2016 ਵਿਚ 92 ਜਵਾਨਾਂ ਦੀ ਮੌਤ ਹਾਰਟ ਅਟੈਕ ਨਾਲ ਹੋਈ ਸੀ। ਉਥੇ ਹੀ 26 ਨੇ ਤਣਾਅ ਵਿਚ ਆ ਕੇ ਖੁਦਕੁਸ਼ੀ ਕਰ ਲਈ ਅਤੇ 353 ਨੇ ਕਿਸੇ ਹੋਰ ਕਾਰਨਾਂ ਕਾਰਨ ਖੁਦਕੁਸ਼ੀ ਕਰ ਲਈ।



## ਹਾਕੀ ਇੰਡੀਆ ਦੇ ਸਰਦਾਰ ਸਿੰਘ ਵੱਲੋਂ ਕੌਮਾਂਤਰੀ ਹਾਕੀ ਨੂੰ ਅਲਵਿਦਾ

**ਜਲੰਧਰ/ਬਿਊਰੋ ਨਿਊਜ਼ :**
ਲਗਾਤਾਰ 2 ਉਲੰਪਿਕ ਖੇਡਾਂ 'ਚ ਭਾਰਤੀ ਹਾਕੀ ਟੀਮ ਦੀ ਨੁਮਾਇੰਦਗੀ ਕਰਨ ਵਾਲੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸਰਦਾਰ ਸਿੰਘ ਨੇ ਕੌਮਾਂਤਰੀ ਹਾਕੀ ਤੋਂ ਸੰਨਿਆਸ ਲੈਣ ਦਾ ਫੈਸਲਾ ਕੀਤਾ ਹੈ। ਸਰਦਾਰ ਸਿੰਘ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਉਹ ਘਰੇਲੂ ਪੱਧਰ 'ਤੇ ਹਾਕੀ ਖੇਡਣਾ ਜਾਰੀ ਰੱਖਣਗੇ ਪਰ ਅੰਤਰਰਾਸ਼ਟਰੀ ਪੱਧਰ ਦੀ ਹਾਕੀ ਲਈ ਉਹ ਨਵੇਂ ਖਿਡਾਰੀਆਂ ਲਈ ਆਪਣੀ ਥਾਂ ਛੱਡ ਰਹੇ ਹਨ। ਉਨ੍ਹਾਂ ਕਿਹਾ ਕਿ ਉਹ 12 ਸਾਲ ਦੇਸ਼ ਲਈ ਹਾਕੀ ਖੇਡ ਚੁੱਕੇ ਹਨ ਤੇ ਹੁਣ ਨੌਜਵਾਨਾਂ ਨੂੰ ਜ਼ਿੰਮੇਵਾਰੀ ਲੈਣ ਦਾ ਸਮਾਂ ਆ ਗਿਆ ਹੈ। ਸਰਦਾਰ ਸਿੰਘ ਨੇ ਕਿਹਾ ਕਿ ਮੈਂ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਕਰਕੇ ਸੰਨਿਆਸ ਲੈਣ ਦਾ ਫੈਸਲਾ ਕੀਤਾ ਹੈ।



ਸਰਦਾਰ ਸਿੰਘ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਹਾਕੀ ਤੋਂ ਅੱਗੇ ਵੀ ਕੁਝ ਸੋਚਿਆ ਜਾਵੇ। ਸਰਦਾਰ ਸਿੰਘ ਨੇ ਕਿਹਾ ਕਿ ਉਸ ਦੇ ਅੰਦਰ ਕਾਫੀ ਹਾਕੀ ਬਚੀ ਸੀ ਤੇ ਉਨ੍ਹਾਂ ਦੀ ਇੱਛਾ ਸੀ ਕਿ ਉਹ ਸੰਨ 2020 ਦੀ ਟੋਕੀਓ ਉਲੰਪਿਕ ਖੇਡਣ ਪਰ ਏਸ਼ੀਅਨ ਖੇਡਾਂ ਦੇ ਮਾੜੇ ਪ੍ਰਦਰਸ਼ਨ ਕਰਕੇ ਉਸ ਨੇ ਫੈਸਲਾ ਬਦਲ ਲਿਆ ਹੈ।

ਜ਼ਿਕਰਯੋਗ ਹੈ ਕਿ ਹਾਲ ਹੀ 'ਚ ਹੋ ਕੇ ਹਟੀਆਂ ਏਸ਼ੀਅਨ ਖੇਡਾਂ ਵਿਚ ਭਾਰਤੀ ਹਾਕੀ ਟੀਮ ਆਪਣਾ ਪਿਛਲਾ ਖਿਤਾਬ ਵੀ ਨਹੀਂ ਬਚਾ ਸਕੀ ਤੇ ਉਸ ਨੂੰ ਕਾਂਸੀ ਦੇ ਤਗਮੇ 'ਤੇ ਸਬਰ ਕਰਨਾ ਪਿਆ। ਇਸ ਕਰਕੇ ਭਾਰਤੀ ਹਾਕੀ ਟੀਮ ਦੀ ਕਾਫ਼ੀ ਅਲੋਚਨਾ ਹੋਈ ਸੀ।

# ਸ਼ੇਰੇ ਪੰਜਾਬ ਦੇ ਮਹਾਨ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਦਾ ਹੈ 'ਸੂਰਜ ਦੀ ਅੱਖ' ਨਾਵਲ

**ਪ੍ਰੋ. ਬਲਵਿੰਦਰਪਾਲ ਸਿੰਘ**
(ਮੋਬ. 9815700916)

ਹੁਣੇ ਜਿਹੇ ਪੰਜਾਬ ਦੇ ਸਾਹਿਤਕਾਰਾਂ ਨੂੰ ਦਿੱਤੇ ਜਾਂਦੇ ਢਾਹਾਂ ਪੁਰਸਕਾਰਾਂ ਦਾ ਐਲਾਨ ਕੈਨੇਡਾ ਵਿੱਚ ਕੀਤਾ ਗਿਆ ਹੈ। ਬਲਦੇਵ ਸਿੰਘ ਸੜਕਨਾਮਾ ਦੇ ਨਾਵਲ 'ਸੂਰਜ ਦੀ ਅੱਖ' ਦੀ ਚੋਣ ਪਹਿਲੇ ਸਥਾਨ 'ਤੇ ਹੋਈ ਹੈ। ਉਸ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਬਾਅਦ ਸ਼ੋਸ਼ਲ ਮੀਡੀਏ 'ਤੇ ਬਲਦੇਵ ਸਿੰਘ ਸੜਕਨਾਮਾ ਬਾਰੇ ਹੱਕ ਤੇ ਵਿਰੋਧ ਵਿਚ ਚਰਚਾ ਚੱਲ ਪਈ ਹੈ। ਸੁਆਲ ਤਾਂ ਇਹ ਹੈ ਕਿ ਕੀ ਇਹ ਨਾਵਲ ਇਤਿਹਾਸ ਦੇ ਪਰਿਪੇਖ ਵਿਚ ਕਿੰਨਾ ਕੁ ਤੱਥਾਂ ਨਾਲ ਭਰਪੂਰ ਹੈ। ਜੇਕਰ 'ਸੂਰਜ ਦੀ ਅੱਖ' ਨਾਵਲ ਨੂੰ ਗਹੁ ਨਾਲ ਪੜ੍ਹੀਏ ਤਾਂ ਉਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਖਸ਼ੀਅਤ ਇਕ ਖਲਨਾਇਕ ਵਜੋਂ, ਰੰਗੀਲੇ, ਨਸ਼ੇੜੀ ਤੇ ਆਖਰੀ ਉਮਰੇ ਨਿਪੁੰਸਕ ਬਾਦਸ਼ਾਹ ਵਜੋਂ ਪੇਸ਼ ਕੀਤੀ ਨਜ਼ਰ ਆਉਂਦੀ ਹੈ। ਜਦੋਂ ਅਸੀਂ ਕਿਸੇ ਵੀ ਸ਼ਖਸੀਅਤ ਦੇ ਗੁਣਾਂ ਦੀ ਥਾਂ ਔਗੁਣਾਂ ਨੂੰ ਮਸਾਲਾ ਲਗਾ ਕੇ ਪੇਸ਼ ਕਰਾਂਗੇ ਤਾਂ ਇਹ ਇਤਿਹਾਸ ਨਾਲ ਇਨਸਾਫ਼ ਨਹੀਂ ਹੋਵੇਗਾ। ਕਿਸੇ ਮਹਾਨ ਸਖਸ਼ੀਅਤ ਦਾ ਇਤਿਹਾਸ ਜਾਂ ਸਾਹਿਤ ਲਿਖਣ ਲੱਗਿਆਂ ਤੁਹਾਡੇ ਕੋਲ ਪ੍ਰਮਾਣਿਤ ਤੱਥਾਂ ਦੀ ਚੋਣ ਤੇ ਤੁਹਾਡਾ ਯਥਾਰਥਵਾਦੀ ਨਜ਼ਰੀਆ ਵੀ ਜ਼ਰੂਰੀ ਹੁੰਦਾ ਹੈ।

ਜੇਕਰ ਤੁਸੀਂ ਮਹਾਰਾਜਾ ਰਣਜੀਤ ਸਿੰਘ ਨੂੰ ਖਲਨਾਇਕ ਸਿਰਜਣਾ ਹੋਵੇ ਤਾਂ ਬ੍ਰਿਟਿਸ਼ ਸਰਕਾਰ ਪੱਖੀ ਹਿਸਟੋਰੀਅਨ ਦੇ ਤੱਥ ਪੇਸ਼ ਕਰ ਦਿਓ ਤਾਂ ਖਲਨਾਇਕ ਬਣਾਉਣਾ ਕੋਈ ਔਖਾ ਨਹੀਂ। ਆਖਿਰ ਜਿਸ ਬ੍ਰਿਟਿਸ਼ ਹਕੂਮਤ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਤਲੁਜ ਪਾਰ ਕਰਨ ਨਹੀਂ ਦਿੱਤਾ ਤੇ ਦੂਸਰੇ ਪਾਸੇ ਅਫਗਾਨਾਂ ਨੂੰ ਲਾਹੌਰ ਵੱਲ ਵਧਣ ਨਹੀਂ ਦਿੱਤਾ, ਤਾਂ ਇਸ ਸਖਸ਼ੀਅਤ ਦਾ ਅੰਦਾਜ਼ਾ ਇਸ ਤੋਂ ਲੱਗ ਜਾਂਦਾ ਹੈ ਕਿ ਉਹ ਕਿੰਨਾ ਸ਼ਕਤੀਸ਼ਾਲੀ ਸੀ। ਕੀ ਤੁਸੀਂ ਸਮਝਦੇ ਹੋ ਕਿ ਜਿਨ੍ਹਾਂ ਧਾੜਵੀਆਂ ਨੂੰ ਸ਼ੇਰੇ ਪੰਜਾਬ ਨੇ ਚੁਣੌਤੀ ਦਿੱਤੀ ਉਹ ਉਸ ਦੇ ਹੱਕ ਵਿਚ ਸੱਚ ਪ੍ਰਗਟ ਹੋਣ ਦੇਣਗੇ। ਅੱਜ ਜਿਸ ਪੰਜਾਬ ਵਿਚ ਅਸੀਂ ਬੈਠੇ ਹਾਂ, ਉਹ ਚਿੜੀ ਦੇ ਪੌਂਚੇ ਜਿੰਨਾ ਪੰਜਾਬ ਹੈ ਪਰ ਜਿਸ ਪੰਜਾਬ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਕੀਤਾ, ਉਹ ਪੰਜ ਦਰਿਆਵਾਂ ਦੀ ਧਰਤੀ ਸੀ। ਇਹ ਇਤਿਹਾਸ ਦਾ ਸੱਚ ਹੈ ਕਿ ਜੇਕਰ ਕਾਬੁਲ, ਕੰਧਾਰ ਤਕ ਖਾਲਸਾ ਪੰਥ ਦੇ ਨਿਸ਼ਾਨ ਝੂਲੇ ਹਨ, ਉਹ ਮਹਾਰਾਜਾ ਰਣਜੀਤ ਸਿੰਘ ਦੀ ਬਦੌਲਤ ਹਨ।

ਮਹਾਰਾਜਾ ਰਣਜੀਤ ਸਿੰਘ ਇਕ ਜੇਤੂ ਦੇ ਤੌਰ 'ਤੇ ਇਤਿਹਾਸ ਵਿਚ ਪ੍ਰਗਟ ਹੋਇਆ ਤੇ ਨਿਆਂਕਾਰੀ ਸ਼ਾਸਕ ਹੋਣ ਵਜੋਂ ਲੋਕਾਂ ਦੇ ਦਿਲਾਂ ਉਪਰ ਰਾਜ ਕੀਤਾ। ਇਹੀ ਕਾਰਨ ਹੈ ਕਿ ਉਸ ਦੇ ਰਾਜ ਵਿਚ ਕਦੇ ਵੀ ਬਗਾਵਤ ਨਹੀਂ ਹੋਈ। ਜਦ ਵੀ ਕੋਈ ਹਾਕਮ ਜਾਂ ਵਿਰੋਧੀ ਲੜਾਈ ਵਿਚ ਉਸ ਕੋਲੋਂ ਹਾਰ ਜਾਂਦਾ, ਤਾਂ ਉਹ ਉਸ ਦੇ ਗੁਜ਼ਾਰੇ ਲਈ ਉਸ ਦੇ ਨਾਂ ਲੋੜੀਂਦੀ ਜਾਗੀਰ ਲਾ ਦਿੰਦਾ ਤੇ ਉਨ੍ਹਾਂ ਨਾਲ ਦੋਸਤਾਨਾ ਵਿਹਾਰ ਕਰਦਾ ਸੀ। ਇਹ ਉਸ ਸਮੇਂ ਦੇ ਪੰਜਾਬ ਦੀ ਅਮੀਰੀ ਹੈ ਕਿ ਸ਼ੇਰੇ ਪੰਜਾਬ ਦੀ ਯੋਗ ਨੀਤੀ ਸਦਕਾ ਵਿਦੇਸ਼ੀ ਜਰਨੈਲ, ਪ੍ਰਤਿਭਾਸ਼ੀਲ ਅਧਿਕਾਰੀ ਉਸ ਦੇ ਰਾਜ ਦਰਬਾਰੀ ਬਣੇ। ਇਹ ਉਸ ਦੀ ਯੋਗਤਾ ਸੀ ਕਿ ਉਸ ਨੇ ਪੰਜਾਬ ਨੂੰ ਵਿਕਸਤ ਤੇ ਮਜ਼ਬੂਤ ਰਾਜ ਬਣਾਇਆ। ਉਸ ਦੇ ਭਰੋਸੇਯੋਗ ਜਰਨੈਲਾਂ ਵਿਚ ਸਿਰਫ਼ ਹਿੰਦੂ, ਮੁਸਲਮਾਨ ਤੇ ਸਿੱਖ ਹੀ ਨਹੀਂ, ਕਈ ਯੂਰਪੀ, ਰਸ਼ੀਅਨ, ਅਮਰੀਕਨ ਤੇ ਐਂਗਲੋ ਇੰਡੀਅਨ ਵੀ ਸਨ। ਉਹ ਹਿੰਦੂ-ਸਿੱਖਾਂ-ਮੁਸਲਮਾਨਾਂ ਨਾਲ ਇਕੋ ਜਿਹਾ ਵਿਹਾਰ ਕਰਦਾ ਸੀ ਤੇ ਉਨ੍ਹਾਂ ਦੇ ਧਰਮ ਅਸਥਾਨਾਂ ਨੂੰ ਚੋਖਾ ਦਾਨ ਕਰਦਾ ਸੀ। ਇਤਿਹਾਸ ਸਮੁੰਦਰ ਹੈ ਤੇ ਸਮੁੰਦਰ ਵਿਚੋਂ ਡੱਡੂ ਵੀ ਮਿਲਦੇ ਹਨ ਤੇ ਮੋਤੀ ਵੀ। ਚੋਣ ਤੁਹਾਡੀ ਹੈ ਕਿ ਤੁਸੀਂ ਕੀ ਚੁਣਨਾ ਹੈ। ਮਹਾਰਾਜਾ ਰਣਜੀਤ ਸਿੰਘ ਕੀ ਸੀ ਤੇ ਉਸ ਦੀ ਪੰਜਾਬ ਨੂੰ ਕੀ ਦੇਣ ਸੀ, ਉਸ ਲਈ ਵੱਡੀਆਂ ਗਵਾਹੀਆਂ ਤੇ ਤੱਥ ਫਰੋਲਣ ਦੀ ਲੋੜ ਨਹੀਂ। ਉਹ ਆਪਣੇ ਵਿਚ ਹੀ ਇਤਿਹਾਸ ਸੀ, ਜਿਸ ਨੇ 12 ਮਿਸਲਾਂ ਨੂੰ ਇਕੱਠਿਆਂ ਕੀਤਾ, ਭਾਵੇਂ ਇਸ ਵਿਚ ਉਸ ਸਮੇਂ ਖਾਲਸਾ ਪੰਥ ਦੀ ਮਹਾਨ



ਸਖਸ਼ੀਅਤ ਬਾਬਾ ਸਾਹਿਬ ਸਿੰਘ ਬੇਦੀ ਦਾ ਵੀ ਸਹਿਯੋਗ ਸੀ। ਪਰ ਉਹ ਆਪਣੀ ਬੁੱਧੀ ਤੇ ਬਲ ਸਦਕਾ ਅੱਗੇ ਵਧਿਆ, ਕਿਸੇ ਅੱਗੇ ਨਹੀਂ ਝੁਕਿਆ, ਨਾ ਬ੍ਰਿਟਿਸ਼ ਹਕੂਮਤ ਅੱਗੇ, ਨਾ ਅਫਗਾਨ ਹਕੂਮਤ ਅੱਗੇ ਤੇ ਨਾ ਹੀ ਮਰਹੱਟਿਆਂ ਅੱਗੇ। ਉਸ ਨੇ ਇਤਿਹਾਸ ਵਿਚ ਨਾਇਕ ਵਜੋਂ ਪ੍ਰਵੇਸ਼ ਕੀਤਾ ਤੇ ਲੋਕ ਮਨ ਵਿਚ ਸੂਰਜ ਵਾਂਗ ਰੋਸ਼ਨ ਹੋ ਗਿਆ।

ਬਲਦੇਵ ਸਿੰਘ ਸੜਕਨਾਮੇ ਦੇ ਇਸ ਨਾਵਲ 'ਸੂਰਜ ਦੀ ਅੱਖ' ਬਾਰੇ ਕਿਹਾ ਜਾ ਸਕਦਾ ਹੈ ਕਿ ਉਸ ਦੀ ਕਲਾ ਉਤਮ ਸਾਹਿਤ ਵਰਗੀ ਨਹੀਂ ਹੈ ਤੇ ਉਸ ਵਿਚ ਦਾਰਸ਼ਨਿਕ ਸੂਝ ਵੀ ਨਹੀਂ ਹੈ ਕਿ ਉਹ ਅਜਿਹੇ ਮਹਾਨ ਯੋਧੇ ਦੇ ਇਤਿਹਾਸ ਨਾਲ ਇਨਸਾਫ਼ ਕਰ ਸਕੇ। ਦੁਖਾਂਤ ਇਸ ਗੱਲ ਦਾ ਵੀ ਹੈ ਕਿ ਲੇਖਕ ਨੂੰ ਪੰਜਾਬ ਦੀਆਂ ਮਹਾਨ ਪਰੰਪਰਾਵਾਂ, ਵਿਰਸੇ, ਸਰਬੱਤ ਖਾਲਸਾ, ਮਿਸਲਦਾਰਾਂ ਤੇ ਦਰਬਾਰ ਸਾਹਿਬ ਦੀ ਇਤਿਹਾਸਕ ਭੂਮਿਕਾ ਬਾਰੇ ਗਿਆਨ ਹੀ ਨਹੀਂ ਹੈ, ਇਸੇ ਕਰਕੇ ਉਹ ਸਿੱਖ ਯੋਧਿਆਂ ਨੂੰ ਲੁਟੇਰੇ ਲਿਖ ਜਾਂਦਾ ਹੈ। 18ਵੀਂ ਸਦੀ ਦੇ ਮਿਸਲਾਂ ਦੇ ਇਤਿਹਾਸ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸ, ਉਹ ਇਤਿਹਾਸ ਹੈ, ਜੋ ਏਸ਼ੀਆ ਦੇ ਇਤਿਹਾਸ ਵਿਚ ਤਵਾਰੀਖ ਨੂੰ ਨਵੇਂ ਅਰਥ ਦੇ ਰਿਹਾ ਹੈ। ਅਠ੍ਹਾਰਵੀਂ ਸਦੀ ਦੇ ਸਿੱਖ ਜਰਨੈਲਾਂ ਤੇ ਮਹਾਰਾਜਾ ਰਣਜੀਤ ਸਿੰਘ ਅਗਵਾਈ ਵਿਚ ਜਿੰਨੇ ਵੀ ਯੁੱਧ ਹੋਏ ਹਨ, ਕਿਸੇ ਵਿਚ ਆਮ ਜਨਤਾ 'ਤੇ ਜ਼ੁਲਮ ਨਹੀਂ ਕੀਤੇ ਗਏ ਤੇ ਨਾ ਹੀ ਇਸਤਰੀਆਂ ਨਾਲ ਬਲਾਤਕਾਰ ਹੋਏ ਹਨ। ਲੇਖਕ ਨੂੰ ਬਾਕੀ ਸ਼ਾਸਕਾਂ ਦੇ ਇਤਿਹਾਸ ਪੜ੍ਹ ਲੈਣੇ ਚਾਹੀਦੇ ਹਨ ਕਿ ਉਹ ਜਿੱਤਣ ਤੋਂ ਬਾਅਦ ਫੌਜਾਂ ਨੂੰ ਲੁੱਟ-ਮਾਰ ਤੇ ਇਸਤਰੀ ਦੇ ਅਪਮਾਨ ਦੇ ਆਦੇਸ਼ ਦਿਆ ਕਰਦੇ ਸਨ। ਇਸਤਰੀ ਦਾ ਅਪਮਾਨ ਇਸ ਕਰਕੇ ਕੀਤਾ ਜਾਂਦਾ, ਕਿ ਜਿਸ ਕੌਮ ਉਤੇ ਤੁਸੀਂ ਰਾਜ ਕਰਨਾ ਹੁੰਦਾ ਹੈ, ਉਸ ਦੀ ਮਾਨਸਿਕਤਾ ਤੇ ਅਣਖ ਨੂੰ ਭੰਨ ਦਿਓ। ਜੇਕਰ ਗੁਰੂ ਨਾਨਕ ਸਾਹਿਬ ਦੀ ਬਾਬਰ ਬਾਣੀ ਪੜ੍ਹੀ ਜਾਵੇ ਤਾਂ ਉਹ ਸਾਖੀ ਦਰਸਾਉਂਦੀ ਹੈ ਕਿ ਬਾਬਰ ਦੀਆਂ ਫੌਜਾਂ ਨੇ ਕਿਵੇਂ ਲੁੱਟਮਾਰ ਤੇ ਖ਼ੂਨ ਖਰਾਬਾ ਕੀਤਾ ਤੇ ਇਸਤਰੀਆਂ ਦਾ ਅਪਮਾਨ ਕੀਤਾ। ਰੂਸ ਦੇ ਨਾਇਕ ਸਟਾਲਿਨ ਦੀਆਂ ਫੌਜਾਂ ਜਿਸ ਨੂੰ 'ਰੈਡ ਆਰਮੀ' ਕਿਹਾ ਜਾਂਦਾ ਹੈ, ਨੇ ਕਿਵੇਂ ਜਰਮਨ ਜਿੱਤ ਕੇ ਜਰਮਨੀ ਔਰਤਾਂ ਨਾਲ ਬਲਾਤਕਾਰ ਕੀਤੇ।



'ਸੂਰਜ ਦੀ ਅੱਖ' ਨਾਵਲ ਵਿਚ ਬਲਦੇਵ ਸਿੰਘ ਸੜਕਨਾਮੇ ਨੇ ਅਠਾਰਵੀਂ ਸਦੀ ਦੇ ਸਿੱਖਾਂ ਦੀ ਤੁਲਨਾ ਲੁਟੇਰਿਆਂ ਨਾਲ ਕੀਤੀ ਹੈ, ਜਦ ਕਿ ਉਸ ਸਮੇਂ ਦਾ ਖੁਫੀਆ ਅਫ਼ਸਰ ਕਾਜ਼ੀ ਨੂਰ ਮੁਹੰਮਦ, ਜੋ ਅਬਦਾਲੀ ਦੇ ਨਾਲ ਆਇਆ ਸੀ, ਬੇਸ਼ੱਕ ਉਹ ਵੀ ਸਿੱਖਾਂ ਦਾ ਦੁਸ਼ਮਣ ਸੀ, ਨੇ ਸਿੰਘਾਂ ਨੂੰ ਮੈਦਾਨੇ ਜੰਗ ਵਿਚ ਜੂਝਦਿਆਂ ਦੇਖਿਆ ਤਾਂ ਉਹ ਸਿੰਘਾਂ ਦੀ ਸਿਫਤ ਕੀਤੇ ਬਿਨਾ ਨਾ ਰਹਿ ਸਕਿਆ। ਕਾਜ਼ੀ ਨੂਰ ਮੁਹੰਮਦ 41 ਅਧਿਆਇ ਵਿਚ ਇਸ ਤਰ੍ਹਾਂ ਲਿਖਦਾ ਹੈ, " ਇਹਨਾਂ ਸਿੰਘਾਂ ਨੂੰ 'ਸਗ' ਨਾ ਕਹੋ, ਕਿਉਂਕਿ ਇਹ ਤੇ ਸ਼ੇਰ ਹਨ, ਮਰਦਾਨਗੀ ਦੇ ਮੈਦਾਨ ਵਿਚ ਸ਼ੇਰਾਂ ਵਾਂਗ ਦਲੇਰ ਹਨ। ਰਣ ਦਾ ਉਹ ਸੂਰਮਾ ਜੋ ਲੜਾਈ ਵਿਚ ਸ਼ੇਰ ਵਾਂਗੂ ਬੁੱਕੇ, ਓਹ ਸਗ ਕਿਵੇਂ ਹੋ ਸਕਦਾ ਹੈ। ਜੇ ਤੈਨੂੰ ਲੜਾਈ ਦਾ ਕਸਬ ਸਿੱਖਣ ਦੀ ਇੱਛਾ ਹੈ ਤਾਂ ਆ ਅਤੇ ਰਣਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ। ਉਹ ਤੈਨੂੰ ਜੰਗ ਦੇ ਅਜਿਹੇ ਢੰਗ ਵਿਖਾਉਣਗੇ ਕਿ ਸਾਰੇ ਵਾਹ-ਵਾਹ ਆਖਣਗੇ.... ਸਿੰਘ ਇਨ੍ਹਾਂ ਦਾ ਲਕਬ ਹੈ, ਇਹ ਜਾਣ ਲੈਣਾ ਚਾਹੀਦਾ ਹੈ। ਇਹ ਨਿਆਉਂ ਦੀ ਗੱਲ ਨਹੀਂ ਕਿ ਇਸ ਸ਼ਬਦ ਸਿੰਘ ਨੂੰ ਸਗ ਪੜ੍ਹਿਆ ਜਾਏ। ਸਿੰਘ ਦੇ ਅਰਥ ਸ਼ੇਰ ਹਨ, ਲੜਾਈ ਵਿਚ ਇਹ ਸੱਚਮੁੱਚ ਹੀ ਸ਼ੇਰ ਹਨ ਤੇ ਮੌਜ ਮੇਲੇ ਸਮੇਂ ਹਾਤਮ ਤੋਂ ਵੱਧ ਹਨ।" ਅੱਗੇ ਕਾਜ਼ੀ ਨੂਰ ਮੁਹੰਮਦ ਸਿੰਘਾਂ ਦੇ ਹੋਰ ਗੁਣਾਂ ਬਾਰੇ ਜ਼ਿਕਰ ਇਸ ਤਰ੍ਹਾਂ ਕਰਦਾ ਹੈ, "ਇਹ ਨਾਮਰਦ ਨੂੰ (ਜੋ ਲੜਾਈ ਦੇ ਮੈਦਾਨ ਵਿਚ ਹਥਿਆਰ ਰੱਖ ਦੇਵੇ) ਕਦੀ ਵੀ ਨਹੀਂ ਮਾਰਦੇ ਤੇ ਨਾ ਹੀ ਭੱਜ ਨਿਕਲੇ ਦਾ ਪਿੱਛਾ ਕਰਕੇ ਉਸ ਨੂੰ ਰੋਕਣ ਜਾਂਦੇ ਹਨ। ਲੁੱਟ ਵਿਚ ਇਹ ਕਿਸੇ ਨਾਰੀ ਦਾ ਧਨ ਤੇ ਗਹਿਣੇ ਨਹੀਂ ਲੈਂਦੇ ਤੇ ਇਹਨਾਂ ਸਿੰਘਾਂ ਵਿਚ ਵਿਭਚਾਰ ਬਿਲਕੁਲ ਨਹੀਂ ਹੈ।"

ਯਾਦ ਰਹੇ ਕਿ ਸਿੱਖ ਮਿਸਲਦਾਰਾਂ ਨੇ ਪੰਜਾਬ ਉਤੇ 11 ਮਾਰਚ 1783 ਦੌਰਾਨ ਦਿੱਲੀ ਉਪਰ ਕਬਜ਼ਾ ਕਰਕੇ ਖਾਲਸਾ ਰਾਜ ਸਥਾਪਤ ਕਰ ਲਿਆ ਸੀ ਤੇ ਮੁਗਲ ਹਕੂਮਤ ਨੂੰ ਕਮਜ਼ੋਰ ਕਰ ਦਿੱਤਾ ਸੀ। ਦੋ ਘੱਲੂਘਾਰੇ ਹੰਢਾ ਕੇ ਫਿਰ ਅਬਦਾਲੀ ਵਰਗੇ ਤੇ ਹੋਰ ਹਮਲਾਵਰਾਂ ਨੂੰ ਲਲਕਾਰਨਾ ਇਨ੍ਹਾਂ ਮਿਸਲਦਾਰਾਂ ਦੇ ਹੀ ਹਿੱਸੇ ਆਇਆ ਹੈ। ਜਦੋਂ ਮਿਸਲਾਂ ਕਮਜ਼ੋਰ ਹੋਣੀਆਂ ਸ਼ੁਰੂ ਹੋਈਆਂ ਤਾਂ ਸਰਦਾਰ ਰਣਜੀਤ ਸਿੰਘ ਆਪਣੇ ਗੁਣਾਂ ਤੇ ਸੂਰਬੀਰਤਾ ਕਰਕੇ ਸਿੱਖ ਪੰਥ ਦਾ ਆਗੂ ਬਣ ਨਿਕਲਿਆ। ਸੰਨ1799 ਈਸਵੀ ਦੌਰਾਨ ਸ਼ਾਹ ਜ਼ਮਾਨ ਤੇ ਬ੍ਰਿਟਿਸ਼ ਜਰਨੈਲ ਜਾਰਜ ਟਾਮਸਨ ਵਰਗੇ ਹਮਲਾਵਰਾਂ ਨਾਲ ਟੱਕਰ ਲਈ ਤੇ ਵਾਪਸ ਭੱਜਣ ਲਈ ਮਜਬੂਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਸਮੁੱਚੀਆਂ ਮਿਸਲਾਂ ਨੂੰ ਇਕਮੁੱਠ ਕਰਕੇ ਸੰਨ1801 ਈਸਵੀ ਦੌਰਾਨ ਖਾਲਸਾ ਰਾਜ ਦੀ ਸਿਰਜਣਾ ਕੀਤੀ, ਜਿਸ ਵਿਚ ਬਾਬਾ ਸਾਹਿਬ ਸਿੰਘ ਬੇਦੀ ਦਾ ਵੀ ਅਹਿਮ ਰੋਲ ਸੀ, ਜੋ ਕਿ ਗੁਰੂ ਨਾਨਕ ਸਾਹਿਬ ਜੀ ਦੇ ਅੰਸ਼ ਵੰਸ਼ ਵਿਚੋਂ ਮੰਨੇ ਜਾਂਦੇ ਸਨ।

ਸ਼ੇਰੇ ਪੰਜਾਬ ਦੇ ਰਾਜ ਦੀ ਸਭ ਤੋਂ ਵੱਡੀ ਖੂਬੀ ਇਹ ਸੀ ਕਿ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ ਜਾਂਦੀ ਸੀ। ਮਿਸਲਾਂ ਦੇ ਸਰਦਾਰਾਂ ਨੂੰ ਹਰਾਉਣ ਤੋਂ ਬਾਅਦ ਬਖਸ਼ ਦਿੱਤਾ ਜਾਂਦਾ ਸੀ ਤੇ ਉਨ੍ਹਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਜ਼ਮੀਨ ਵੀ ਦਿੱਤੀ ਜਾਂਦੀ ਸੀ। ਇਸ ਤਰ੍ਹਾਂ ਉਸ ਨੇ ਆਪਣੇ ਦੁਸ਼ਮਣਾਂ ਨੂੰ ਵੀ ਆਪਣੇ ਦੋਸਤ ਬਣਾਇਆ ਤੇ ਆਪਣੀ ਦਿਆਲੂ ਨੀਤੀ ਕਾਰਨ ਆਪਣੇ ਰਾਜ ਦਾ ਵਿਸਥਾਰ ਕੀਤਾ। ਉਸ ਨੇ ਏਨੀਆਂ ਜੰਗਾਂ ਲੜਨ ਦੇ ਬਾਵਜੂਦ ਵਧੀਆ ਰਾਜ ਪ੍ਰਬੰਧ ਦਿੱਤਾ। ਉਸ ਦਾ ਅਰਥ-ਵਿਭਾਗ ਕਾਇਮ ਸੀ, ਜੋ ਉਸ ਦੀਆਂ ਜੰਗਾਂ ਦੇ ਖਰਚੇ ਦਾ ਪ੍ਰਬੰਧ ਕਰਦਾ ਸੀ। ਉਸ ਨੇ ਆਪਣਾ ਵਿੱਤ ਵਿਭਾਗ ਕਈਆਂ ਮਹਿਕਮਿਆਂ ਵਿਚ ਵੰਡਿਆ ਹੋਇਆ ਸੀ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਅਨਪੜ੍ਹ ਹੋਣ ਦੇ ਬਾਵਜੂਦ ਫ਼ਾਰਸੀ ਵਿਚ ਲਿਖੇ ਹੋਏ ਪਰਵਾਨੇ ਨੂੰ ਪੂਰੀ ਤਰ੍ਹਾਂ ਸਮਝਦਾ ਸੀ। ਸਾਰੀ ਹਕੂਮਤ ਮਹਾਰਾਜੇ ਦੇ ਹੱਥ ਵਿਚ ਕੇਂਦਰਿਤ ਸੀ। ਸ਼ੇਰੇ ਪੰਜਾਬ ਲੋੜ ਪੈਣ 'ਤੇ ਲੋਕਾਂ ਦੀ ਖੁੱਲ੍ਹਦਿਲੀ ਨਾਲ ਮਦਦ ਵੀ ਕਰਦਾ ਸੀ ਤੇ ਕਾਲ ਪੈਣ 'ਤੇ ਖਾਣ ਤੇ ਬੀਜਣ ਲਈ ਅਨਾਜ ਵੀ ਵੰਡਦਾ ਸੀ। ਇਨ੍ਹਾਂ ਸਰਵਪੱਖੀ ਗੁਣਾਂ ਕਾਰਨ ਹੀ ਸ਼ੇਰੇ ਪੰਜਾਬ ਦੇ ਜਿਉਂਦੇ-ਜੀਅ ਉਸ ਦੇ ਰਾਜ ਪ੍ਰਤੀ ਕਦੇ ਕੋਈ ਬਗ਼ਾਵਤ ਨਹੀਂ ਹੋਈ। ਏਨਾ ਲੰਮਾ ਸਮਾਂ ਰਾਜ ਕਰਦੇ ਹੋਏ, ਉਸ ਨੇ ਸਭ ਵਰਗਾਂ ਨਾਲ ਇਨਸਾਫ਼ ਕੀਤਾ ਤੇ ਕਲਿਆਣਕਾਰੀ ਰਾਜ ਦਿੱਤਾ।

ਸ਼ਾਹ ਮੁਹੰਮਦ ਇਸੇ ਲਈ ਲਿਖਦਾ ਹੈ, "ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾ-ਅੱਛਾ ਰਜ ਕੇ ਰਾਜ ਕਮਾਇ ਗਿਆ।" ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਕਲਿਆਣਕਾਰੀ ਰਾਜ ਸਥਾਪਿਤ ਕਰਨ ਵਿਚ ਕਾਮਯਾਬ ਹੋਇਆ। ਇਸ ਦੇ ਰਾਜ ਦੌਰਾਨ ਪੰਜਾਬ ਦੀ ਮਾੜੀ ਆਰਥਿਕ ਹਾਲਤ ਸੁਧਰੀ ਤੇ ਪੰਜਾਬ ਸਮਾਜਿਕ ਪੱਧਰ 'ਤੇ ਵੀ ਉਪਰ ਉਠਿਆ ਤੇ ਵਿਕਾਸ ਦੇ ਰਾਹ ਪਿਆ ਤੇ ਤਰੱਕੀ ਦੇ ਰਾਹ ਖੁੱਲ੍ਹੇ। ਉਸ ਨੇ ਆਪਣੀ ਸਰਕਾਰ ਉਪਰ ਮਲਕੀਅਤ ਨਹੀਂ ਜਮਾਈ ਤੇ ਖਾਲਸੇ ਦੇ ਨਾਮ ਰਾਜ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕੀਤਾ। ਉਹ ਆਪਣੇ ਆਪ ਨੂੰ ਸਰਕਾਰੇ ਖਾਲਸਾ ਅਖਵਾ ਕੇ ਖੁਸ਼ੀ ਮਹਿਸੂਸ ਕਰਦਾ ਸੀ। ਜੇਕਰ ਇਹ ਰਾਜ ਲੰਬਾ ਸਮਾਂ ਰਹਿੰਦਾ ਤਾਂ ਸਿੱਖ ਰਾਜਨੀਤਕ ਵਿਵਸਥਾ ਦਾ ਮਾਡਲ ਹੋਰ ਵਿਕਸਤ ਹੋ ਕੇ ਪ੍ਰਗਟ ਹੋਣਾ ਸੀ। 27 ਜੂਨ 1839 ਨੂੰ ਸ਼ੇਰੇ ਪੰਜਾਬ ਦਾ ਦਿਹਾਂਤ ਹੁੰਦਾ ਹੈ ਪਰ 10 ਸਾਲ ਤੱਕ ਬ੍ਰਿਟਿਸ਼ ਹਕੂਮਤ ਦਾ ਹੌਂਸਲਾ ਨਹੀਂ ਪੈਂਦਾ ਕਿ ਉਹ ਪੰਜਾਬ 'ਤੇ ਹਮਲਾ ਕਰ ਦੇਵੇ। ਉਸ ਨੂੰ ਸਾਜ਼ਿਸਾਂ ਰਚਦਿਆਂ ਵੀ ਦਸ ਸਾਲ ਲੱਗ ਜਾਂਦੇ ਨੇ। ਇਹ ਇਤਿਹਾਸ ਦਰਸਾਉਂਦਾ ਹੈ ਕਿ ਕਿੰਨਾ ਮਜ਼ਬੂਤ ਰਾਜ ਪ੍ਰਬੰਧ ਸੀ ਸ਼ੇਰੇ ਪੰਜਾਬ ਦਾ ਤੇ ਉਸ 'ਤੇ ਕਬਜ਼ਾ ਕਰਨ ਲੱਗਿਆਂ ਬ੍ਰਿਟਿਸ਼ ਹਕੂਮਤ ਨੂੰ ਕਿੰਨੇ ਪਾਪੜ ਵੇਲਣੇ ਪਏ ਤੇ ਆਪਣੇ ਜਰਨੈਲ ਤੋਂ ਬਿਨਾ ਖਾਲਸਾ ਫੌਜਾਂ ਕਿੰਝ ਲੜਦੀਆਂ ਰਹੀਆਂ, ਜਿਸ ਦਾ ਬਿਆਨ ਸ਼ਾਹ ਮੁਹੰਮਦ ਨੇ ਕੀਤਾ ਹੈ ਤੇ ਆਖਰੀ ਲੜਾਈਆਂ ਚੇਲੀਆਂ ਵਾਲਾ ਅਤੇ ਗੁਜਰਾਤ ਜੰਗ ਬਾਰੇ ਲਾਰਡ ਡਲਹੌਜ਼ੀ ਦੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਕਿੰਨੇ ਮਹਾਨ ਯੋਧੇ ਮਹਾਰਾਜਾ ਰਣਜੀਤ ਸਿੰਘ ਨੇ ਪੈਦਾ ਕੀਤੇ ਸਨ ਤੇ ਉਹ ਆਪਣੇ ਰਾਜ ਲਈ ਵਫਾ ਨਿਭਾਉਂਦੇ ਹੋਏ ਆਖਰੀ ਦਮ ਤੱਕ ਲੜਦੇ ਰਹੇ।

ਇਹ ਜ਼ਰੂਰੀ ਨਹੀਂ ਹੁੰਦਾ ਕਿ ਜੇਕਰ ਸ਼ਾਸਕ ਆਪ ਮਹਾਨ ਹੋਵੇ ਤੇ ਉਸ ਦੀ ਔਲਾਦ ਵੀ ਮਹਾਨ ਨਿਕਲੇ, ਜਿਵੇਂ ਔਰੰਗਜ਼ੇਬ ਦੀ ਔਲਾਦ ਬਹਾਦਰ ਸ਼ਾਹ ਵਿਸ਼ਾਲ ਮੁਗਲ ਸਾਮਰਾਜ ਨਹੀਂ ਸਾਂਭ ਸਕੀ, ਉਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਔਲਾਦ ਵੀ ਸੱਤਾ ਨਹੀਂ ਸੰਭਾਲ ਸਕੀ ਤੇ ਬਗਾਵਤ ਦੇ ਦੌਰ ਤੇ ਗਦਾਰੀਆਂ ਕਾਰਨ ਖਾਲਸਾ ਰਾਜ ਦਾ ਅੰਤ ਹੋ ਗਿਆ। ਇਹ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਾ ਇਨਕਲਾਬ ਸੀ ਤੇ ਅੱਜ ਵੀ ਪੰਜਾਬ ਤੇ ਭਾਰਤ ਦੀ ਸਿਆਸਤ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਮਾਡਲ ਨੂੰ ਆਦਰਸ਼ਵਾਦੀ ਰਾਜ ਮਾਡਲ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ।

# ਪਹਿਲੀ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੀ ਸ਼ੁਰੂਆਤ ਡੇਰਾ ਬਾਬਾ ਨਾਨਕ ਤੋਂ ਕਰਨ ਦਾ ਐਲਾਨ

**ਅੰਮ੍ਰਿਤਸਰ/ਬਿਊਰੋ ਨਿਊਜ਼** : ਇਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਐਸਜੀਪੀਸੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਇਸ ਵਰ੍ਹੇ ਤੋਂ ਸ਼ੁਰੂ ਕੀਤੇ ਜਾਣਗੇ, ਜਿਸ ਦੀ ਸ਼ੁਰੂਆਤ 10 ਅਤੇ 11 ਨਵੰਬਰ ਨੂੰ ਡੇਰਾ ਬਾਬਾ ਨਾਨਕ ਤੋਂ ਹੋਵੇਗੀ। ਇਸ ਮੌਕੇ ਗੁਰਦੁਆਰੇ 'ਤੇ ਦੀਪਮਾਲਾ ਕੀਤੀ ਜਾਵੇਗੀ ਅਤੇ ਦਰਸ਼ਨ ਅਸਥਾਨ ਦੇ ਨੇੜੇ ਲੇਜ਼ਰ ਸ਼ੋਅ ਕਰਵਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਉਹ ਚਾਹੁੰਦੇ ਹਨ ਕਿ ਦੂਜੇ ਪਾਸੇ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਵੀ ਇਸੇ ਤਰ੍ਹਾਂ ਦੀਪਮਾਲਾ ਹੋਵੇ ਤਾਂ ਜੋ ਦੋਵੇਂ ਮੁਲਕਾਂ ਦੇ ਲੋਕ ਦੂਰੋਂ ਹੀ ਰਾਤ ਸਮੇਂ ਲੇਜ਼ਰ ਸ਼ੋਅ ਅਤੇ ਦੀਪਮਾਲਾ ਦਾ ਨਜ਼ਾਰਾ ਦੇਖ ਸਕਣ। ਉਨ੍ਹਾਂ ਆਖਿਆ ਕਿ ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 23 ਨਵੰਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਵਿਖੇ ਗੁਰਮਤਿ ਸਮਾਗਮ ਹੋਵੇਗਾ। ਉਸ ਤੋਂ ਪਹਿਲਾਂ 12 ਅਕਤੂਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸਮੂਹ ਸਿੱਖ ਜਥੇਬੰਦੀਆਂ ਦੀ ਮੀਟਿੰਗ ਸੱਦੀ ਜਾਵੇਗੀ, ਜਿਸ ਵਿੱਚ ਸਾਰੀਆਂ ਜਥੇਬੰਦੀਆਂ ਨੂੰ ਸ਼ਮੂਲੀਅਤ ਦਾ ਸੱਦਾ ਦਿੱਤਾ ਜਾਵੇਗਾ ਅਤੇ ਸਾਲ ਭਰ ਚੱਲਣ ਵਾਲੇ ਸਮਾਗਮ ਉਲੀਕੇ ਜਾਣਗੇ। ਇਸ ਤਰ੍ਹਾਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦੀ ਸ਼ੁਰੂਆਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਰਤ-ਪਾਕਿਸਤਾਨ ਸਰਹੱਦ 'ਤੇ ਸਥਿਤ ਗੁਰਦੁਆਰਾ ਡੇਰਾ ਬਾਬਾ ਨਾਨਕ ਤੋਂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜਿੱਥੋਂ ਪਾਕਿਸਤਾਨ ਵਿਚਲਾ ਗੁਰਦੁਆਰਾ ਕਰਤਾਰਪੁਰ ਸਾਹਿਬ ਦਿਖਾਈ ਦਿੰਦਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੂੰ ਮੁੜ ਪੇਸ਼ਕਸ਼ ਕੀਤੀ ਹੈ ਕਿ ਜੇਕਰ ਦੋਵਾਂ ਸਰਕਾਰਾਂ ਵਿਚਾਲੇ ਲਾਂਘੇ ਸਬੰਧੀ ਸਹਿਮਤੀ ਹੁੰਦੀ ਹੈ ਤਾਂ ਸ਼੍ਰੋਮਣੀ ਕਮੇਟੀ ਇਸ ਲਾਂਘੇ ਦੀ ਉਸਾਰੀ, ਰਾਵੀ ਦਰਿਆ 'ਤੇ ਪੁਲ ਦੀ ਉਸਾਰੀ ਅਤੇ ਹੋਰ ਸਾਫ਼-ਸਫ਼ਾਈ ਦੀ ਸੇਵਾ ਕਰੇਗੀ।

# ਸਿੱਖ ਇਨਕਲਾਬ ਦਾ ਮੂਲ ਆਧਾਰ ਧਰਮ ਅਤੇ ਰਾਜਨੀਤੀ ਦੀ ਸਾਂਝ

**ਡਾ. ਦਲਜੀਤ ਸਿੰਘ**

ਸਿੱਖ ਸਭਿਅਚਾਰ ਅਨੁਸਾਰ ਧਰਮ ਤੇ ਰਾਜਨੀਤੀ ਦਾ ਸੁਮੇਲ ਹੀ ਅਜਿਹੇ ਸਮਾਜ ਦੀ ਸਿਰਜਣਾ ਕਰ ਸਕਦਾ ਹੈ, ਜਿਸ ਦਾ ਆਦਰਸ਼ ਸਰਬੱਤ ਦਾ ਭਲਾ ਹੋਵੇ। ਸਿੱਖੀ ਵਿਚ ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਬਾਬਰ ਦੇ ਹਮਲਿਆਂ ਦਾ ਵਿਰੋਧ ਕਰਕੇ ਇਥੋਂ ਤੱਕ ਉਨ੍ਹਾਂ ਨੇ ਰੱਬ ਨੂੰ ਵੀ ਇਹ ਉਲਾਮਾ ਦੇ ਦਿੱਤਾ ਕਿ "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥"

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਵਾਂਗ ਉਸ ਸਮੇਂ ਦੀ ਧਾਰਮਿਕ, ਸਾਮਾਜਿਕ ਤੇ ਰਾਜਨੀਤਕ ਅਵਸਥਾ ਦਾ ਤੇ ਸਾਮਾਜਿਕ ਬੁਰਾਈਆਂ ਦਾ ਡੱਟ ਕੇ ਵਿਰੋਧ ਕੀਤਾ। ਗੁਰੂ ਅੰਗਦ ਦੇਵ ਜੀ ਬਹੁਤ ਹੀ ਨਿਮਰ ਤੇ ਪਰਮਾਤਮਾ ਵਿਚ ਭਰੋਸਾ ਰੱਖਣ ਵਾਲੇ ਸਨ। ਜਦੋਂ ਮੁਗਲ ਬਾਦਸ਼ਾਹ ਹਿਮਾਂਯੂ ਸ਼ੇਰਸ਼ਾਹ ਸੂਰੀ ਤੋਂ ਹਾਰ ਕੇ ਗੁਰੂ ਸਾਹਿਬ ਕੋਲ ਆਸ਼ੀਰਵਾਦ ਲੈਣ ਲਈ ਆਇਆ ਤਾਂ ਕਿਸੇ ਕਾਰਨ ਗੁੱਸੇ ਵਿਚ ਆ ਕੇ ਉਸ ਨੇ ਤਲਵਾਰ ਨੂੰ ਹੱਥ ਪਾਇਆ ਤਾਂ ਗੁਰੂ ਸਾਹਿਬ ਨੇ ਬੜੇ ਹੀ ਸ਼ਾਂਤਮਈ ਢੰਗ ਨਾਲ ਕਿਹਾ ਕਿ ਸ਼ੇਰਸ਼ਾਹ ਸੂਰੀ ਦੇ ਹਮਲੇ ਸਮੇਂ ਤਲਵਾਰ ਕਿੱਥੇ ਗਈ ਸੀ? ਇਸ ਨਾਲ ਉਹ ਬਹੁਤ ਸ਼ਰਮਿੰਦਾ ਹੋਇਆ ਤੇ ਉਸ ਨੂੰ ਗਲਤੀ ਦਾ ਅਹਿਸਾਸ ਵੀ ਹੋਇਆ। ਮਹਿਮਾ ਪ੍ਰਕਾਸ਼ ਦੇ ਲੇਖਕ ਸਰੂਪ ਦਾਸ ਭਲਾ ਅਨੁਸਾਰ :

ਹੁਮਾਯੋ ਮਨ ਅਹੰਕਾਰ ਕਰ ਧਰਿਓ
ਮੂਠ ਖੜਗ ਹਰ ਹਾਥ
ਪੁਨ ਅਫਸੋਸ ਮਨ ਸੋ ਕਰੇ
ਧੁਨ ਧੁਨ ਆਪਨਾ ਮਾਥ।

ਗੁਰੂ ਅਮਰਦਾਸ ਜੀ ਨੇ ਵੀ ਉਸ ਸਮੇਂ ਦੀਆਂ ਸਾਮਾਜਿਕ ਬੁਰਾਈਆਂ ਜਿਵੇਂ ਪਰਦਾ, ਸਤੀ ਪ੍ਰਥਾ ਅਤੇ ਜਾਤੀ ਪ੍ਰਥਾ ਦਾ ਵਿਰੋਧ ਹੀ ਨਹੀਂ ਕੀਤਾ, ਸਗੋਂ ਇਨ੍ਹਾਂ ਬੁਰਾਈਆਂ ਨੂੰ ਖਤਮ ਕਰਨ ਲਈ ਸੰਗਤ, ਪੰਗਤ ਅਤੇ ਲੰਗਰ ਦਾ ਵਿਕਾਸ ਕੀਤਾ। ਲੋਕਾਂ ਵਿਚ ਸਮਾਨਤਾ ਦਾ ਅਹਿਸਾਸ ਜਗਾਇਆ। ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ ਜਾ ਚੱਕ ਗੁਰੂ ਕਾ ਸ਼ਹਿਰ ਦੀ ਨੀਂਹ ਰੱਖੀ ਜੋ ਬਾਅਦ ਵਿਚ ਅੰਮ੍ਰਿਤਸਰ ਸ਼ਹਿਰ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਗੁਰੂ ਅਰਜਨ ਦੇਵ ਜੀ ਦੁਆਰਾ ਹਰਿਮੰਦਰ ਸਾਹਿਬ ਦੀ ਉਸਾਰੀ ਅਤੇ ਆਦਿ ਗ੍ਰੰਥ ਦੇ ਸੰਕਲਨ ਕਰਨ ਨਾਲ ਸਿੱਖਾਂ ਨੂੰ ਇਕ ਅਲੱਗ ਪਛਾਣ ਪ੍ਰਾਪਤ ਹੋਈ। ਪਹਿਲੇ ਸਿੱਖ ਗੁਰੂਆਂ ਦੁਆਰਾ ਪਾਈਆਂ ਲੀਹਾਂ ਤੇ ਚਲ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਿੰਘ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਕੇ ਧਰਮ ਅਤੇ ਰਾਜਨੀਤੀ ਦੋਵਾਂ ਦਾ ਸੁਮੇਲ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਨੇ ਇਕ ਅਜਿਹੇ ਧਰਮ ਦੀ ਨੀਂਹ ਰੱਖੀ ਜਿਸ ਨੇ ਭਾਰਤ ਦੇ ਇਤਿਹਾਸ ਵਿਚ ਮਹਾਨ ਇਨਕਲਾਬ ਪੈਦਾ ਕਰ ਦਿੱਤਾ। ਸਿੱਖ ਗੁਰੂ ਸਾਹਿਬਾਨਾਂ ਨੇ ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਦੋਵੇਂ ਗੁਣ ਰੱਖਦੇ ਹੋਏ ਸਿੱਖ ਨੂੰ ਸੰਤ ਸਿਪਾਹੀ ਦਾ ਰੂਪ ਪ੍ਰਦਾਨ ਕੀਤਾ।

ਮੀਰੀ-ਪੀਰੀ ਜਿਹੜੇ ਸੰਜੁਗਤ ਰੂਪ ਵਿਚ ਬੀਜ ਦੀ ਤਰ੍ਹਾਂ ਗੁਰੂ ਪਰੰਪਰਾ ਵਿਚ ਪਹਿਲਾਂ ਤੋਂ ਮੌਜੂਦ ਸੀ, ਗੁਰੂ ਹਰਗੋਬਿੰਦ ਸਾਹਿਬ ਨੇ ਨਿਖੇੜ ਕੇ ਦੋ ਕਿਰਪਾਨਾਂ ਦੇ ਰੂਪ ਵਿਚ ਪ੍ਰਤੱਖ ਕੀਤੀ। ਗੁਰੂ ਹਰਗੋਬਿੰਦ ਜੀ ਨੇ ਪਹਿਲੀ ਵਾਰ ਅੱਤਿਆਚਾਰ ਵਿਰੁਧ ਹਥਿਆਰ ਚੁੱਕੇ। ਉਨ੍ਹਾਂ ਨੇ ਕਿਹਾ ਕਿ ਅਤਿਆਚਾਰ ਵਿਰੁੱਧ ਤਲਵਾਰ ਚੁੱਕਣੀ ਧਰਮ ਦੇ ਵਿਰੁੱਧ ਨਹੀਂ, ਸਗੋਂ ਇਹ ਧਰਮ ਦੀ ਰੱਖਿਆ ਲਈ ਜ਼ਰੂਰੀ ਹੈ। ਸਿੱਖ ਇਤਿਹਾਸ ਵਿਚ ਅਕਾਲ ਤਖ਼ਤ ਦੀ ਸਥਾਪਨਾ ਇਕ ਨਵੀਂ ਕ੍ਰਾਂਤੀ ਸੀ ਤੇ ਮੁਗਲ ਸਾਮਰਾਜ ਦੀ ਤਾਕਤ ਨੂੰ ਇਕ ਵੰਗਾਰ। ਅਕਾਲ ਤਖ਼ਤ ਸਾਹਿਬ ਤੇ ਗੁਰੂ ਸਾਹਿਬ ਆਪਣੇ ਸਿੱਖਾਂ ਦਾ ਘੋਲ ਕਰਵਾਉਂਦੇ ਤੇ ਉਨ੍ਹਾਂ ਨੂੰ ਸ਼ਸਤਰ ਵਿਦਿਆ ਦਿੰਦੇ ਸਨ।



ਇਸ ਤੋਂ ਇਲਾਵਾ ਸਿੱਖਾਂ ਵਿਚ ਜੋਸ਼ ਪੈਦਾ ਕਰਨ ਲਈ ਬੀਰ ਰਸੀ ਵਾਰਾਂ ਦਾ ਗਾਇਨ ਕਰਵਾਉਂਦੇ ਸਨ। ਬੌਧਿਕ ਤੇ ਅਧਿਆਤਮਕ ਗਿਆਨ ਲਈ ਹਰਿਮੰਦਰ ਸਾਹਿਬ ਵਿਚ ਗੁਰਬਾਣੀ ਦਾ ਕੀਰਤਨ ਹੁੰਦਾ ਸੀ। ਇਸ ਤਰ੍ਹਾਂ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਦੀ ਉਸਾਰੀ ਧਰਮ ਅਤੇ ਰਾਨਜੀਤੀ ਦੇ ਸੁਮੇਲ ਦਾ ਪ੍ਰਤੱਖ ਪ੍ਰਮਾਣ ਹੈ। ਜੇਕਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਦੋਹਾਂ ਦਾ ਆਧਾਰ ਮਨੁੱਖੀ ਕਦਰਾਂ-ਕੀਮਤਾਂ ਹਨ। ਧਰਮ, ਮਨੁੱਖ ਨੂੰ ਉਸਦੇ ਜੀਵਨ ਦੀ ਸਾਰਥਕਤਾ ਦਾ ਬੋਧ ਕਰਾਉਂਦਾ ਹੈ ਅਤੇ ਇਸ ਰਾਹ ਤੇ ਚਲਦਿਆਂ ਮਨੁੱਖ ਸਮਾਜ ਦਾ ਅਤੇ ਆਪਣਾ ਕਲਿਆਣ ਕਰਦਾ ਹੈ। ਰਾਜਨੀਤੀ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਕਰਦੀ ਹੈ।

ਭਾਰਤੀ ਸਮਾਜ ਵਿਚ ਸਿੱਖ ਧਰਮ ਸਭ ਤੋਂ ਪ੍ਰਭਾਵਸ਼ਾਲੀ ਤੇ ਕ੍ਰਾਂਤੀਕਾਰੀ ਲਹਿਰ ਸੀ। ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਭਗਤੀ ਦਾ ਆਸ਼ਾ ਸਪੱਸ਼ਟ ਪਰ ਕ੍ਰਾਂਤੀਕਾਰੀ ਰੂਪ ਵਿਚ ਪ੍ਰਗਟ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ ਇਹ ਸ਼ਬਦ ਇਸ ਦੇ ਸੂਚਕ ਹਨ :

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
-----------------
ਭਰੀਐ ਮਤਿ, ਪਾਪਾ ਕੈ ਸੰਗਿ॥
ਓਹੁ ਧੋਪੈ, ਨਾਵੈ ਕੈ ਰੰਗਿ॥

ਪਰੰਤੂ ਜਿੱਥੇ ਉਨ੍ਹਾਂ ਨੇ ਭਗਤੀ ਦੀ ਗੱਲ ਕੀਤੀ ਹੈ, ਉਥੇ ਉਹ ਉਸ ਸਮੇਂ ਦੀ ਰਾਜਨੀਤਕ ਦਸ਼ਾ ਤੋਂ ਅਨਜਾਣ ਨਹੀਂ ਸਨ। ਉਨ੍ਹਾਂ ਨੇ ਉਸ ਸਮੇਂ ਦੀ ਬਾਦਸ਼ਾਹਤ ਵਿਰੁੱਧ ਵੀ ਆਵਾਜ਼ ਉਠਾਈ। ਜਿਸ ਤੋਂ ਉਨ੍ਹਾਂ ਦੀ ਰਾਜਨੀਤਕ ਚੇਤਨਾ ਦਾ ਵੀ ਗਿਆਨ ਹੁੰਦਾ ਹੈ। ਗੁਰੂ ਨਾਨਕ ਦੇ ਸਮੇਂ ਤੋਂ ਹੀ ਭਾਰਤ ਦੀ ਸਾਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਵਿਵਸਥਾ ਤਹਿਸ-ਨਹਿਸ ਹੋ ਚੁੱਕੀ ਸੀ। ਸਮੇਂ ਦੇ ਹੁਕਮਰਾਨਾਂ ਦੇ ਸ਼ਾਸ਼ਨ ਦੌਰਾਨ ਪਰਜਾ ਸੁਖੀ ਨਹੀਂ ਸੀ। ਚਾਰੇ ਪਾਸੇ ਕੂੜ ਰੂਪੀ ਅੰਧਕਾਰ ਫੈਲਿਆ ਹੋਇਆ ਸੀ। ਸ਼ਾਸਕ ਪਰਜਾ ਪਾਲਕ ਹੋਣ ਦੀ ਥਾਂ ਪਰਜਾ ਦਾ ਲਹੂ ਚੂਸਦੇ ਸਨ। ਅਧਿਕਾਰੀ ਵਰਗ ਪਰਜਾ ਦੀ ਲੁੱਟ-ਖਸੁੱਟ ਕਰ ਰਹੇ ਸਨ। ਧਰਮ ਦੀ ਆੜ ਵਿਚ ਰਾਜਸੀ ਅਤਿਆਚਾਰ ਕੀਤੇ ਜਾ ਰਹੇ ਸਨ। ਪਰਜਾ ਦੀ ਭਲਾਈ ਨੂੰ ਉਨ੍ਹਾਂ ਨੇ ਛਿੱਕੇ ਟੰਗਿਆਂ ਹੋਇਆ ਸੀ। ਮੁਸਲਿਮ ਸ਼ਾਸਕ ਰਾਜ ਦੇ ਦੈਵੀ ਸਿਧਾਂਤ ਵਿਚ ਵਿਸ਼ਵਾਸ ਰੱਖਦੇ ਸਨ। ਉਹ ਆਪਣੇ ਆਪ ਨੂੰ ਧਰਤੀ ਉਤੇ ਖੁਦਾ ਦਾ ਪ੍ਰਤੀਕ ਸਮਝਦੇ ਸਨ। ਸ਼ਾਸਕ ਦੀ ਇੱਛਾ ਹੀ ਕਾਨੂੰਨ ਹੁੰਦਾ ਸੀ। ਪਰਜਾ ਪਾਲਕ ਹੋਣ ਦੀ ਥਾਂ ਉਨ੍ਹਾਂ ਦਾ ਕਿਰਦਾਰ ਪਾਪ ਭਰਿਆ ਸੀ, ਮਾਨੋ ਵਾੜ ਹੀ ਖੇਤ ਨੂੰ ਖਾ ਰਹੀ ਸੀ। ਭਾਈ ਗੁਰਦਾਸ ਅਨੁਸਾਰ:

ਰਾਜੇ ਪਾਪ ਕਮਾਵਦੇ
ਉਲਟੀ ਵਾੜ ਖੇਤ ਕਉ ਖਾਈ।

ਸ਼ਾਸਕਾਂ ਦੁਆਰਾ ਕੀਤੇ ਜਾ ਰਹੇ ਸ਼ੋਸ਼ਣ ਨੂੰ ਦੇਖਦੇ ਹੋਏ ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਨੂੰ ਕਸਾਈ ਦੇ ਬਰਾਬਰ ਦੱਸਿਆ ਹੈ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥

ਮੱਧਕਾਲੀਨ ਇਸਲਾਮੀ ਰਾਜ ਦੇ ਵੱਡੇ ਅਹੁਦੇਦਾਰ ਮਨਸਬਦਾਰ, ਅਮੀਰ ਤੇ ਵਜ਼ੀਰ ਹੁੰਦੇ ਸਨ, ਜਿਨ੍ਹਾਂ ਨੂੰ ਖਾਨ, ਮਲਕ, ਅਮੀਰ ਤੇ ਸਿਪਾਹਸਾਲਾਰ ਕਿਹਾ ਜਾਂਦਾ ਸੀ। ਇਹ ਕਰਮਚਾਰੀ ਰਾਜਿਆਂ ਵਾਂਗ ਹੀ ਬੜੀ ਸ਼ਾਨ ਨਾਲ ਮਹਿਲਾਂ ਵਿਚ ਨਿਵਾਸ ਕਰਦੇ ਆਪਣੇ ਕਰਤਵਾਂ ਨੂੰ ਭੁਲਾ ਕੇ ਇਸਤਰੀ ਸ਼ਰਾਬ, ਨਾਚ, ਗਾਣਾ, ਸ਼ਤਰੰਜ ਆਦਿ ਸ਼ੁਗਲ ਵਿਚ ਮਸ਼ਰੂਫ ਰਹਿੰਦੇ ਸਨ। ਉਸ ਸਮੇਂ ਅਧਿਕਾਰੀ ਵਰਗ ਬੇਸ਼ਰਮੀ ਅਤੇ ਲਾਲਚ ਦੀ ਹੱਦ ਪਾਰ ਕਰ ਚੁੱਕੇ ਸਨ। ਪਰਗਨੇ ਦੇ ਮੁੱਖ ਅਧਿਕਾਰੀ 'ਸ਼ਿਕਦਾਰ' ਨੂੰ ਜਿੱਥੇ 'ਝੂਠ ਦਾ ਪ੍ਰਤੀਕ' ਦਰਸਾਇਆ ਗਿਆ ਹੈ, ਉਥੇ ਇਹ ਸਿਖਾਏ ਹੋਏ ਹਿਰਨ ਅਤੇ ਬਾਜ਼ ਵਾਂਗ ਆਪਣੇ ਹੀ ਭਰਾਵਾਂ ਨੂੰ ਧੋਖੇ ਤੇ ਲੱਗੀ ਹੋਈ ਫਾਹੀ ਵਿਚ ਫਸਾਉਂਦਾ ਸੀ :

ਲਬੁ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰੁ॥

ਇਕ ਹੋਰ ਸ਼ਬਦ ਅਨੁਸਾਰ :

ਹਰਣਾਂ ਬਾਜਾਂ ਤੇ ਸਿਕਦਾਰਾਂ
ਏਨ੍ਹਾ ਪੜ੍ਹਿਆ ਨਾਉ

ਮੁਕਦਮ ਰਾਜ ਦੀ ਸਭ ਤੋਂ ਛੋਟੀ ਇਕਾਈ ਪਿੰਡ ਵਿਚ ਇਕ ਸਰਕਾਰੀ ਕਰਮਚਾਰੀ ਹੁੰਦਾ ਸੀ। ਗੁਰੂ ਨਾਨਕ ਦੇਵ ਜੀ ਨੇ ਜਿਥੇ ਰਾਜੇ ਨੂੰ ਸ਼ੇਰਾਂ ਵਾਂਗ ਘਾਤਕ ਦੱਸਿਆ ਉਥੇ ਉਨ੍ਹਾਂ ਕੋਲੋਂ ਨਿਯੁਕਤ ਮੁਕਦਮ ਕੁਤੇ ਸਮਾਨ ਲਾਲਚੀ ਦੱਸਿਆ ਹੈ ਜੋ ਪਰਜਾ ਦਾ ਲਹੂ ਪੀ ਰਹੇ ਸਨ :

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ੍ਹ ਬੈਠੇ ਸੁਤੇ ॥

ਬਾਕੀ ਸਫ਼ਾ 30 'ਤੇ

### 4 ਅੱਸੂ ਅਰਥਾਤ 18 ਸਤੰਬਰ ਗੁਰਗੱਦੀ ਤੇ ਵਿਸ਼ੇਸ਼

# ਦੂਜੀ ਪਾਤਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਮੁਗਲ ਬਾਦਸ਼ਾਹ ਹਿਮਾਂਯੂ ਦੀ ਹਕੂਮਤ ਦਾ ਸਮਾਂ ਸੀ। ਅਰਾਜਕਤਾ ਦਾ ਦੌਰ ਸੀ। ਉਸ ਸਮੇਂ ਸੰਨ 1539-1552 ਈ. ਤੱਕ ਸਿੱਖ ਧਰਮ ਦੇ ਦੂਜੇ ਗੁਰੂ ਅੰਗਦ ਦੇਵ ਜੀ, ਜਿਨਾਂ ਦਾ ਪਹਿਲਾ ਨਾਂ ਭਾਈ ਲਹਿਣਾ ਜੀ ਸੀ, ਨੇ ਪੰਥ ਦੀ ਅਗਵਾਈ ਕੀਤੀ। ਉਨਾਂ 13 ਸਾਲ ਦੇ ਸਮੇਂ ਦੌਰਾਨ ਖਡੂਰ ਸਾਹਿਬ ਦੀ ਪਾਵਨ ਇਤਿਹਾਸਕ ਨਗਰੀ ਤੋਂ ਸਿੱਖੀ ਦੇ ਪ੍ਰਚਾਰ ਨੂੰ ਅੱਗੇ ਤੋਰਿਆ। ਉਨਾਂ ਨੇ ਗੁਰਮਤਿ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ।

ਭਾਈ ਲਹਿਣਾ ਜੀ ਦਾ ਜਨਮ ਮੱਤੇ ਦੀ ਸਰਾਂ ਜ਼ਿਲਾ ਫਿਰੋਜ਼ਪੁਰ ਵਿਖੇ ਭਾਈ ਫੇਰੂ ਜੀ ਦੇ ਘਰ ਮਾਤਾ ਦਯਿਆ ਕੌਰ (ਸਭਰਾਈ) ਜੀ ਦੀ ਕੁੱਖੋਂ ਸੰਨ 1504 ਨੂੰ ਹੋਇਆ। ਬਾਬਰ ਦੇ ਹਮਲਿਆਂ ਵੇਲੇ ਮੱਤੇ ਦੀ ਸਰਾਂ ਉਜੜਨ ਕਰਕੇ ਉਨਾਂ ਦਾ ਪਰਵਾਰ ਖਡੂਰ ਸਾਹਿਬ ਵਸ ਗਿਆ। ਭਾਈ ਲਹਿਣਾ ਜੀ ਦਾ ਵਿਆਹ ਸੰਨ 1519 ਈ. ਵਿਚ ਬੀਬੀ ਖੀਵੀ ਜੀ ਨਾਲ ਹੋਇਆ। ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਜੀ ਪਾਸੋਂ ਗੁਰੂ ਨਾਨਕ ਦੇਵ ਜੀ ਦੀ ਅੰਮ੍ਰਿਤ ਬਾਣੀ ਸੁਣੀ ਤਾਂ ਅੰਮ੍ਰਿਤ ਰਸ ਤੋਂ ਪ੍ਰਭਾਵ ਹੋ ਕੇ ਗੁਰ ਦਰਸ਼ਨਾਂ ਦੀ ਤਾਂਘ ਸੰਨ 1532 ਈ. ਵਿਚ ਕਰਤਾਰਪੁਰ ਖਿੱਚ ਲਿਆਈ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਹਿਰਦਾ ਸ਼ਾਂਤ ਹੋ ਗਿਆ। ਉਹ ਕਰਤਾਰਪੁਰ ਹੀ ਟਿਕ ਗਏ ਤੇ ਨਾਮ ਸਿਮਰਨ ਅਤੇ ਸੇਵਾ ਦੇ ਰਾਹ ਤੁਰ ਪਏ।

ਗੁਰੂ ਨੂੰ ਆਪਾ ਸਮਰਪਣ ਕਰਕੇ ਕਰੜੀ ਘਾਲ ਘਾਲੀ। ਉਹ ਸੇਵਾ ਦੀ ਮਿਸਾਲ ਬਣ ਗਏ। ਗੁਰੂ ਨਾਨਕ ਦੇਵ ਜੀ ਦੀ ਪਾਰਖੂ ਨਜ਼ਰ ਨੇ ਆਪ ਜੀ ਵਿਚਲੇ ਰੱਬੀ ਗੁਣਾਂ ਨੂੰ ਪਛਾਣ ਲਿਆ ਸੀ ਕਿ ਗੁਰਗੱਦੀ ਦੀ ਜਿੰਮੇਵਾਰੀ ਭਾਈ ਲਹਿਣਾ ਜੀ ਨੇ ਹੀ ਨਿਭਾਉਣੀ ਹੈ। ਸੰਗਤਾਂ ਦਾ ਵਿਸ਼ਵਾਸ ਜਿੱਤਣ ਵਾਲੇ ਭਾਈ ਲਹਿਣਾ ਜੀ ਗੁਰਮਤਿ ਦੀ ਹਰ ਪਰਖ ਅਤੇ ਸੇਵਾ ਦੀ ਕਸੌਟੀ ਉਤੇ ਖਰੇ ਉਤਰਨ ਵਾਲੇ ਸਨ। ਸੱਤ ਸਾਲ ਗੁਰੂ ਦੀ ਸੇਵਾ ਅਤੇ ਨਾਮ ਸਿਮਰਨ ਵਿਚ ਮਗਨ ਰਹਿਣ ਵਾਲੇ ਭਾਈ ਲਹਿਣਾ ਜੀ ਨੂੰ ਸੰਨ 1539 ਈ. ਵਿਚ ਗੁਰਗੱਦੀ ਦੀ ਬਖਸ਼ਿਸ਼ ਹੋਈ ਅਤੇ ਉਨਾਂ ਨੂੰ ਅੰਗਦ ਦੇਵ ਦਾ ਨਾਂ ਮਿਲਿਆ।

ਗੁਰੂ ਨਾਨਕ ਦੀ ਆਗਿਆ ਅਨੁਸਾਰ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਆਪਣਾ ਪ੍ਰਚਾਰ ਕੇਂਦਰ ਬਣਾਇਆ, ਜਿੱਥੇ ਸੰਨ 1539 ਈ. ਤੋਂ 1552 ਈ. ਤੱਕ 13 ਸਾਲ ਦਾ ਗੁਰੂ ਕਾਲ ਦਾ ਸਮਾਂ ਬਤੀਤ ਹੋਇਆ। ਇੱਥੇ ਹੀ ਉਨਾਂ ਦਾ ਮੇਲ ਗੁਰੂ ਅਮਰਦਾਸ ਜੀ ਨਾਲ ਹੋਇਆ। ਗੁਰੂ ਅਮਰਦਾਸ ਜੀ ਨੇ 12 ਸਾਲ ਗੁਰੂ ਅੰਗਦ ਦੇਵ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਵਾਉਣ ਲਈ ਦਰਿਆ ਬਿਆਸ ਤੋਂ ਜਲ ਦੀ ਗਾਗਰ ਲਿਆਉਣ ਦੀ ਸੇਵਾ ਕੀਤੀ। ਉਨਾਂ ਨੇ ਗੁਰੂ ਸਾਹਿਬ ਤੋਂ ਨਿਥਾਵਿਆਂ ਲਈ ਥਾਂ ਤੇ ਨਿਓਟਿਆਂ ਦੀ ਓਟ ਵਰਗੀ ਉਪਮਾ ਦਾ ਵਰ ਪ੍ਰਾਪਤ ਕੀਤਾ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਬਣਾ ਸੰਵਾਰ ਕੇ ਗੁਰਬਾਣੀ ਲਿਖਣ ਲਈ ਪ੍ਰਪੱਕ ਕਰਕੇ ਈਜ਼ਾਦ ਕੀਤਾ। ਆਮ ਲੋਕਾਂ ਦੇ ਸਮਝਣਯੋਗ ਬਣਾਇਆ ਤਾਂ ਜੋ ਉਹ ਆਪਣੇ ਧਰਮ ਗ੍ਰੰਥ ਬਿਨਾ ਕਿਸੇ ਸ਼ੰਕੇ ਦੇ ਸਮਝ ਸਕਣ ਅਤੇ ਪ੍ਰਚਾਰ ਕਰ ਸਕਣ। ਗੁਰੂ ਨਾਨਕ ਦੇਵ ਜੀ ਅਤੇ ਭਗਤਾਂ ਦੀ ਬਾਣੀ ਨੂੰ ਇਕੱਠਾ ਕਰਕੇ ਪੋਥੀਆਂ ਅਤੇ ਗੁਟਕੇ ਤਿਆਰ ਕਰਕੇ ਧੁਰ ਕੀ ਬਾਣੀ ਨੂੰ ਦੂਰ ਦੁਰਾਡੇ ਭੇਜਣ ਦਾ ਕੰਮ ਸ਼ੁਰੂ ਕੀਤਾ। ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ ਜਾਣਿਆਂ ਅਤੇ ਭਾਈ ਮੋਖਾ ਜੀ ਦੇ ਹੱਥੋਂ ਗੁਰਮੁਖੀ ਵਿਚ ਲਿਖਵਾਇਆ। ਬੱਚਿਆਂ ਲਈ ਬਾਲ ਬੋਧ ਤਿਆਰ ਕਰਵਾਏ। ਪੰਜਾਬੀ ਗੁਰਮੁਖੀ ਲਿੱਪੀ ਦੇ ਵਿਸਥਾਰ ਲਈ ਸਕੂਲ ਖੋਲੇ ਤਾਂ ਜੋ ਸਾਧਾਰਨ ਸੰਗਤ ਵੀ ਵਿਦਿਆ ਪ੍ਰਾਪਤ ਕਰਕੇ ਧਾਰਮਿਕ, ਰਾਜਨੀਤਕ ਸਮਾਜਿਕ ਅਧਿਆਤਮਿਕ ਚੇਤਨਾ ਨਾਲ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕੇ।

ਆਤਮਿਕ ਬਿਰਤੀ ਅਤੇ ਨਰੋਈ ਸਿਹਤ ਲਈ ਨਸ਼ਾ ਮੁਕਤ ਸਮਾਜ ਦੀ ਸਿੱਖਿਆ ਦਿੱਤੀ। ਗੁਰੂ ਜੀ ਨੇ ਕਸਰਤ ਕਰਨ ਲਈ ਮੱਲ ਅਖਾੜਾ ਬਣਵਾਇਆ, ਜਿੱਥੇ ਸੰਗਤਾਂ ਸਰੀਰਕ ਅਤੇ ਅਧਿਆਤਮਕ ਅਭਿਆਸ ਕਰਦੀਆਂ। ਉਨਾਂ ਅਨੁਸਾਰ ਸਿਹਤਮੰਦ ਸਰੀਰ ਵਿਚ ਹੀ ਸਿਹਤਮੰਦ ਮਨ ਵਸ ਸਕਦਾ ਹੈ। ਉਨਾਂ ਖੇਡਾਂ, ਕੁਸ਼ਤੀਆਂ ਅਤੇ ਸਰੀਰਕ ਕਸਰਤ ਰਾਹੀਂ ਬੱਚਿਆਂ ਤੇ ਨੌਜਵਾਨਾਂ ਨੂੰ ਦੇਹ ਅਰੋਗਤਾ, ਰਿਸ਼ਟ ਪੁਸ਼ਟ, ਤੰਦਰੁਸਤੀ, ਚੜਦੀ ਕਲਾ ਅਤੇ ਸਰਬੱਤ ਦੇ ਭਲੇ ਦਾ ਉਪਦੇਸ਼ ਦਿੱਤਾ।

ਬਰਾਬਰਤਾ ਦਾ ਅਹਿਸਾਸ ਦਿਵਾਉਣ ਲਈ ਲੰਗਰ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰ ਵਿਚ (ਘਿਆਲੀ) ਦੇਸੀ ਘਿਓ ਵਾਲੀ ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪਣੇ ਹੱਥੀਂ ਲੰਗਰ ਵਰਤਾਇਆ ਕਰਦੇ ਸਨ, ਜਿਸ ਨਾਲ ਇਸਤਰੀਆਂ ਨੂੰ ਧਰਮ ਪ੍ਰਬੰਧ ਵਿਚ ਅਗਵਾਈ ਦੇ ਕੇ ਉਨਾਂ ਦਾ ਮਾਣ ਵਧਾਇਆ। ਉਨਾਂ ਨੇ ਦਸਵੰਧ, ਵੰਡ ਛਕਣਾ, ਨਿਸ਼ਕਾਮ ਸੇਵਾ, ਰੱਬ ਦੀ ਰਜ਼ਾ ਵਿਚ ਰਹਿਣਾ, ਦਿਖਾਵੇ ਤੋਂ ਦੂਰ ਰਹਿਣਾ, ਹਮੇਸ਼ਾ ਲੋੜਵੰਦਾਂ ਤੇ ਬਿਮਾਰਾਂ ਦੀ ਸੇਵਾ ਕਰਦੇ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਬਾਦਸ਼ਾਹ ਹਿਮਾਂਯੂ ਦਾ ਹੰਕਾਰ ਤੋੜ ਕੇ ਨਿਰਮਤਾ ਵਿਚ ਰਹਿ ਕੇ ਧਰਮ ਅਤੇ ਨਿਆਂ 'ਤੇ ਚੱਲਣ ਦਾ ਅਹਿਸਾਸ ਕਰਵਾਇਆ।

ਗੁਰੂ ਅੰਗਦ ਦੇਵ ਜੀ ਨੇ ਧਰਮ ਪ੍ਰਚਾਰ ਵਿਚ ਬਹੁਤ ਸਾਰੇ ਸਥਾਨਾਂ 'ਤੇ ਜਾ ਕੇ ਪ੍ਰਚਾਰ ਕੀਤਾ, ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਵੀ ਵਿਚਰੇ ਸਨ। ਉਨਾਂ ਨੇ ਸਿੱਖ ਮੱਤ ਦੇ ਸੈਂਕੜੇ ਪ੍ਰਚਾਰ ਕੇਂਦਰ ਸਥਾਪਤ ਕੀਤੇ। ਗੁਰੂ ਅੰਗਦ ਦੇਵ ਜੀ ਦੀ ਕਾਰਜਸ਼ੈਲੀ ਵਿਚ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਉਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੇ ਸਿਧਾਂਤ ਨੂੰ ਅਗਾਂਹ ਤੋਰਿਆ ਹੈ। ਇਕ ਨਵ-ਜੰਮੇ ਧਰਮ ਨੂੰ ਜੀਵਨ ਰਾਹ 'ਤੇ ਪਾਇਆ ਜਿਸ ਨੇ ਅੱਜ ਸੰਸਾਰ ਵਿਚ ਆਪਣੀ ਪ੍ਰਭਾਵਸ਼ਾਲੀ ਪਛਾਣ ਬਣਾਈ ਹੈ। ਉਨਾਂ ਨੇ ਜੋਗੀਆਂ ਸੰਨਿਆਸੀਆਂ ਨਾਲ ਵਿਚਾਰ ਗੋਸ਼ਟੀ ਕਰਕੇ ਸਿੱਖ ਮਤ ਦੇ ਨਿਖਾਰ ਨੂੰ ਪੇਸ਼ ਕੀਤਾ। ਅੰਤ ਵਿਚ ਜੋ ਵੀ ਧਾਰਮਿਕ ਅਤੇ ਅਧਿਆਤਮਕ ਗਿਆਨ ਉਨਾਂ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਪ੍ਰਾਪਤ ਕੀਤਾ ਸੀ, ਉਹੀ ਤੀਜੇ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤਾ। ਉਹ ਮਾਰਚ 1552 ਵਿਚ ਜੋਤੀ ਜੋਤ ਸਮਾ ਗਏ ਅਤੇ ਗੁਰਗੱਦੀ 'ਤੇ ਤੀਸਰੇ ਗੁਰੂ ਅਮਰਦਾਸ ਜੀ ਨੂੰ ਬਿਰਾਜਮਾਨ ਕਰ ਗਏ। ਗੁਰੂ ਅੰਗਦ ਦੇਵ ਜੀ ਵਲੋਂ ਅਰੰਭੇ ਗੋਇੰਦਵਾਲ ਨੂੰ ਗੁਰੂ ਅਮਰਦਾਸ ਜੀ ਨੇ ਵਸਾਇਆ।

# ਹੁਣ ਮਾਲਵੇ ਦੇ ਦਲਿਤ ਵੀ ਬਣੇ ਜੱਟ

- ਖੇਤੀ ਸੰਕਟ ਦੇ ਦੌਰ ਵਿਚ ਸਾਂਝੀ-ਖੇਤੀ ਨੇ ਅਨੁਸੂਚਿਤ ਜਾਤੀਆਂ ਦੇ ਘਰਾਂ ਦੇ ਚੁੱਲ੍ਹੇ ਬਾਲ੍ਹੇ
- ਔਰਤਾਂ ਖੇਤੀਬਾੜੀ 'ਚ ਨਿਭਾਅ ਰਹੀਆਂ ਨੇ ਅਹਿਮ ਭੂਮਿਕਾ
- ਖੇਤੀਬਾੜੀ ਕਰਕੇ ਦਲਿਤ ਹੋ ਰਹੇ ਨੇ ਆਰਥਿਕ ਤੌਰ 'ਤੇ ਮਜ਼ਬੂਤ



**ਸੰਗਰੂਰ/ਬਿਊਰੋ ਨਿਊਜ਼ :**
ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਬਾਲਦ ਕਲਾਂ, ਭੱਟੀਵਾਲ ਕਲਾਂ, ਨਮੋਲ, ਉਭਾਵਾਲ, ਕਲਾਰਾਂ ਅਤੇ ਢੱਡਰੀਆਂ ਸਮੇਤ ਅੱਸੀ ਦੇ ਕਰੀਬ ਪਿੰਡਾਂ ਵਿੱਚ ਅਨੁਸੂਚਿਤ ਜਾਤੀਆਂ ਵੱਲੋਂ ਸਾਂਝੀ ਖੇਤੀ ਕੀਤੀ ਜਾ ਰਹੀ ਹੈ। ਖੇਤੀ ਸੰਕਟ ਦੇ ਦੌਰ ਵਿੱਚ ਸਾਂਝੀ ਖੇਤੀ ਦਾ ਤਜਰਬਾ ਅਨੁਸੂਚਿਤ ਜਾਤੀ ਦੇ ਕੰਮ ਆਇਆ ਜਾਪਦਾ ਹੈ ਜੋ ਉਨ੍ਹਾਂ ਨੇ ਤਕਰੀਬਨ ਦੋ ਦਰਜਨ ਪਿੰਡਾਂ ਵਿੱਚ ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਉੱਤੇ ਕੀਤਾ ਹੈ। ਸੰਗਰੂਰ ਦੇ ਦਰਜਨਾਂ ਪਿੰਡਾਂ ਦਾ ਇਹ ਤਬਕਾ ਪੰਚਾਇਤੀ ਜ਼ਮੀਨ ਉੱਤੇ ਵੱਖ-ਵੱਖ ਤਰ੍ਹਾਂ ਦੀ ਸਾਂਝੀ ਖੇਤੀ ਕਰ ਰਿਹਾ ਹੈ।

ਅਨੁਸੂਚਿਤ ਜਾਤੀ ਦੀ ਸਾਂਝੀ ਖੇਤੀ ਦੀ ਸ਼ੁਰੂਆਤ ਸੰਗਰੂਰ ਜ਼ਿਲ੍ਹੇ ਦੇ ਪਿੰਡ ਬੇਨੜਾ ਤੋਂ ਹੋਈ ਜੋ ਹੁਣ ਆਲੇ-ਦੁਆਲੇ ਦੇ ਪਿੰਡਾਂ ਵਿੱਚ ਇੱਕ ਲਹਿਰ ਬਣ ਚੁੱਕੀ ਹੈ। ਇਸ ਤੋਂ ਪਹਿਲਾਂ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਪਿੰਡਾਂ ਦੇ ਹੀ ਜ਼ਿਮੀਂਦਾਰ ਕਿਸੇ ਅਨੁਸੂਚਿਤ ਜਾਤੀ ਦੇ ਜੀਅ ਦੇ ਨਾਮ ਉੱਤੇ ਬੋਲੀ ਕਰਵਾ ਕੇ ਆਪ ਵਾਹੁੰਦੇ ਆ ਰਹੇ ਸਨ।

ਦਲਿਤਾਂ ਨੂੰ ਆਪਣੇ ਹਿੱਸੇ ਦੀ ਜ਼ਮੀਨ ਹਾਸਲ ਕਰਨ ਲਈ ਸੰਘਰਸ਼ ਕਰਨਾ ਪਿਆ। ਹੁਣ ਸੰਗਰੂਰ ਜ਼ਿਲ੍ਹੇ ਦੇ ਬਾਲਦ ਕਲਾਂ, ਭੱਟੀਵਾਲ ਕਲਾਂ, ਨਮੋਲ, ਉਭਾਵਾਲ, ਕਲਾਰਾਂ ਅਤੇ ਢੱਡਰੀਆਂ ਸਮੇਤ ਅੱਸੀ ਦੇ ਕਰੀਬ ਪਿੰਡਾਂ ਵਿੱਚ ਦਲਿਤਾਂ ਵੱਲੋਂ ਸਾਂਝੀ ਖੇਤੀ ਕੀਤੀ ਜਾ ਰਹੀ ਹੈ। ਸਾਂਝੀ ਖੇਤੀ ਲਈ ਜ਼ਮੀਨ ਹਾਸਲ ਕਰਨ ਦੇ ਸੰਘਰਸ਼ ਅਤੇ ਬਾਅਦ ਵਿੱਚ ਖੇਤੀ ਕਰਨ ਵਿੱਚ ਦਲਿਤ ਔਰਤਾਂ ਦੀ ਮੋਹਰੀ ਭੂਮਿਕਾ ਹੈ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਉਭਾਵਾਲ ਵਿੱਚ ਦਲਿਤਾਂ ਵੱਲੋਂ ਸਾਲ 2017 ਤੋਂ ਪੰਚਾਇਤੀ ਜ਼ਮੀਨ ਉੱਤੇ ਸਾਂਝੀ ਖੇਤੀ ਕੀਤੀ ਜਾ ਰਹੀ ਹੈ। ਪਿੰਡ ਵਿੱਚ 220 ਦਲਿਤ ਪਰਿਵਾਰ 11 ਏਕੜ ਪੰਚਾਇਤੀ ਜ਼ਮੀਨ ਬੋਲੀ ਉੱਤੇ ਲੈ ਕੇ ਖੇਤੀ ਕਰ ਰਹੇ ਹਨ। ਜ਼ਮੀਨ ਘੱਟ ਹੋਣ ਕਰਕੇ ਇਨ੍ਹਾਂ ਵੱਲੋਂ ਖੇਤਾਂ ਵਿੱਚ ਹਰਾ ਚਾਰਾ ਹੀ ਬੀਜਿਆ ਜਾਂਦਾ ਹੈ। ਉੱਭਾਵਾਲ ਪਿੰਡ ਦੀ ਰਾਜਵੀਰ ਕੌਰ ਨੇ ਦੱਸਿਆ, "ਪੰਜ ਸੱਤ ਔਰਤਾਂ ਨੇ ਅੱਗੇ ਆ ਕੇ ਕਦਮ ਚੁੱਕਿਆ ਕਿ ਆਪਣਾ ਵਾਹਨ ਲੈ ਕੇ ਬੀਜਾਂਗੇ ਤਾਂ ਆਪਾਂ ਨੂੰ ਫ਼ਾਇਦਾ ਹੋਵੇਗਾ। ਫਿਰ ਹੌਲੀ-ਹੌਲੀ ਵਿਹੜੇ ਦੀਆਂ ਹੋਰ ਔਰਤਾਂ ਵੀ ਪਿੱਛੇ ਲੱਗ ਗਈਆਂ। ਹੁਣ ਅਸੀਂ ਸਾਂਝੀ ਫ਼ਸਲ ਬੀਜਦੇ ਹਾਂ।"

ਰਾਜਵੀਰ ਕੌਰ ਨੇ ਆਪਣੇ ਸਾਂਝੀ ਖੇਤੀ ਦੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਪੰਜ ਸੱਤ ਔਰਤਾਂ ਨੇ ਅੱਗੇ ਆ ਕੇ ਕਦਮ ਚੁੱਕਿਆ ਕਿ ਆਪਣਾ ਵਾਹਨ ਲੈ ਕੇ ਬੀਜਾਂਗੇ ਤਾਂ ਆਪਾਂ ਨੂੰ ਫ਼ਾਇਦਾ ਹੋਵੇਗਾ। ਪਸ਼ੂ ਤਾਂ ਤਿੰਨ ਚਾਰ ਪਾਲਦੇ ਹਾਂ, ਕੁਝ ਦੁੱਧ ਘਰੇ ਵਰਤ ਲੈਂਦੇ ਹਾਂ ਅਤੇ ਕੁਝ ਬਾਹਰ ਪਾ ਕੇ ਘਰ ਦਾ ਗੁਜ਼ਾਰਾ ਹੋ ਜਾਂਦਾ ਹੈ। ਪਹਿਲਾਂ ਤਾਂ ਸਾਨੂੰ 750 ਰੁਪਏ ਦਾ ਵਿਸਵਾ ਮਿਲਦਾ ਸੀ ਫਿਰ ਹੌਲੀ-ਹੌਲੀ ਵਧ ਕੇ



850 ਰੁਪਏ ਹੋ ਗਿਆ। ਹੁਣ ਸਾਂਝੀ ਖੇਤੀ ਵਿੱਚ ਸਾਨੂੰ 300 ਰੁਪਏ ਵਿੱਚ ਸਾਲ ਲਈ ਖੇਤ ਮਿਲ ਗਿਆ। ਪਹਿਲਾਂ ਅਸੀਂ ਸਾਲ-ਛੇ ਮਹੀਨਿਆਂ ਵਾਸਤੇ 850 ਰੁਪਏ ਦਾ ਵਿਸਵਾ ਲੈਂਦੇ ਸਾਂ ਤਾਂ ਸਾਡਾ ਗੁਜ਼ਾਰਾ ਨਹੀਂ ਹੁੰਦਾ ਸੀ।"

ਸੰਗਰੂਰ ਜ਼ਿਲ੍ਹੇ ਦੇ ਬਾਲਦ ਕਲਾਂ ਪਿੰਡ ਵਿੱਚ ਵੀ ਅਨੁਸੂਚਿਤ ਜਾਤੀਆਂ ਵੱਲੋਂ ਪਿਛਲੇ ਚਾਰ ਸਾਲਾਂ ਤੋਂ ਸਾਂਝੀ ਖੇਤੀ ਕੀਤੀ ਜਾ ਰਹੀ ਹੈ। ਪਿੰਡ ਦੇ 146 ਅਨੁਸੂਚਿਤ ਜਾਤੀ ਪਰਿਵਾਰ 110 ਏਕੜ ਪੰਚਾਇਤੀ ਜ਼ਮੀਨ ਬੋਲੀ ਉੱਤੇ ਲੈ ਕੇ ਖੇਤੀ ਕਰ ਰਹੇ ਹਨ। ਜ਼ਮੀਨ ਖੁੱਲ੍ਹੀ ਹੋਣ ਕਰਕੇ ਇਸ ਪਿੰਡ ਵਿੱਚ ਹਰਾ ਚਾਰਾ, ਕਣਕ-ਝੋਨਾ ਅਤੇ ਦਾਲਾਂ-ਸਬਜ਼ੀਆਂ ਸਮੇਤ ਹਰ ਮੌਸਮੀ ਫ਼ਸਲ ਬੀਜੀ ਜਾਂਦੀ ਹੈ। ਇਸ ਤੋਂ ਵੱਧ ਸਾਨੂੰ ਕੀ ਖ਼ੁਸ਼ੀ ਹੋ ਸਕਦੀ ਹੈ, ਜਦੋਂ ਸਾਡੇ ਬੱਚੇ ਵੀ ਮਾਣ ਨਾਲ ਹਿੱਕ ਤਾਣ ਕੇ ਫਿਰਦੇ ਹਨ ਕਿ ਸਾਡਾ ਵੀ ਕੁਝ ਹੈ।

ਇੱਥੇ ਪੰਚਾਇਤੀ ਜ਼ਮੀਨ ਹਾਸਲ ਕਰਨ ਦੇ ਆਪਣੇ ਤਜ਼ਰਬੇ ਬਾਰੇ ਚਰਨਜੀਤ ਕੌਰ ਦੱਸਦੀ ਹੈ, "ਕੋਈ ਵੀ ਔਰਤ ਅਜਿਹੀ ਨਹੀਂ ਹੈ ਜੋ ਅੰਦਰ ਬੈਠ ਕੇ ਭਾਂਡੇ ਮਾਂਜ ਕੇ ਸਾਰ ਰਹੀ ਹੋਵੇ।"

"ਔਰਤਾਂ ਆਪਣੇ ਖੇਤਾਂ ਦੇ ਵਿੱਚ ਆਉਂਦੀਆਂ ਹਨ। ਕੋਈ ਆਪਣੇ ਖੇਤਾਂ ਨੂੰ ਪਾਣੀ ਲਾਉਂਦੀ ਹੈ, ਕੋਈ ਪੱਠੇ ਵੱਢਦੀ ਹੈ, ਕੋਈ ਆਪਣੇ ਪੱਠੇ ਕੁਤਰ ਕੇ ਲਿਜਾਂਦੀ ਹੈ।"

"ਸਾਨੂੰ ਕੋਈ ਡਰ ਨਹੀਂ ਕਿਉਂਕਿ ਅਸੀਂ ਕਿਸੇ ਦੇ ਸੀਰੀ ਨਹੀਂ। ਇਸ ਤੋਂ ਵੱਧ ਸਾਨੂੰ ਕੀ ਖ਼ੁਸ਼ੀ ਹੋ ਸਕਦੀ ਹੈ, ਜਦੋਂ ਸਾਡੇ ਬੱਚੇ ਵੀ ਮਾਣ ਨਾਲ ਹਿੱਕ ਤਾਣ ਕੇ ਫਿਰਦੇ ਹਨ ਕਿ ਸਾਡਾ ਵੀ ਕੁਝ ਹੈ, ਇੱਥੇ ਤੇ ਅਸੀਂ ਆਪਣੀ ਜ਼ਮੀਨ ਦੇ ਮਾਲਕ ਹਾਂ।"

ਇਸੇ ਪਿੰਡ ਦੀ ਪਰਮਜੀਤ ਕੌਰ ਵੀ ਸਾਂਝੀ ਖੇਤੀ ਵਿੱਚ ਹਿੱਸੇਦਾਰ ਹਨ। ਉਨ੍ਹਾਂ ਮੁਤਾਬਿਕ, "ਹੁਣ ਸਾਨੂੰ ਪੰਜ ਕੁਇੰਟਲ ਕਣਕ ਸਾਲ ਮਗਰੋਂ ਮੁਫ਼ਤ ਮਿਲ ਜਾਂਦੀ ਹੈ। ਇੱਕ-ਇੱਕ ਟਰਾਲੀ ਤੂੜੀ ਵੀ ਮਿਲ ਜਾਂਦੀ ਹੈ। ਜਿਸ ਨੂੰ ਤੂੜੀ ਦੀ ਜ਼ਰੂਰਤ ਨਹੀਂ ਹੁੰਦੀ ਉਸ ਨੂੰ 1500 ਰੁਪਏ ਦਿੱਤੇ ਜਾਂਦੇ ਹਨ। ਝੋਨਾ ਮੰਡੀ ਵਿੱਚ ਵੇਚਿਆ ਜਾਂਦਾ ਹੈ ਜਿਸ ਨਾਲ ਸਾਡੇ ਖਰਚੇ ਪੂਰੇ ਹੋ ਜਾਂਦੇ ਹਨ।"

ਪੰਚਾਇਤੀ ਜ਼ਮੀਨਾਂ ਵਿੱਚੋਂ ਦਲਿਤਾਂ ਨੂੰ ਉਨ੍ਹਾਂ ਦਾ ਹੱਕ ਦਿਵਾਉਣ ਲਈ ਦੋ ਜਥੇਬੰਦੀਆਂ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਇਸ ਇਲਾਕੇ ਵਿੱਚ ਕੰਮ ਕਰ ਰਹੀਆਂ ਹਨ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਲੌਂਗੋਵਾਲ ਦੱਸਦੇ ਹਨ, "ਇਹ ਸੰਘਰਸ਼ ਅਸੀਂ ਸਾਲ 2008 ਵਿੱਚ ਪਿੰਡ ਸੰਗਰੂਰ ਜ਼ਿਲ੍ਹੇ ਦੇ ਪਿੰਡ ਬੇਨੜਾ ਤੋਂ ਸ਼ੁਰੂ ਕੀਤਾ ਸੀ। ਅੱਜ 2018 ਵਿੱਚ 22 ਪਿੰਡਾਂ ਵਿੱਚ ਕਾਮਯਾਬ ਤਜਰਬਾ ਚੱਲ ਰਿਹਾ ਹੈ ਜਿੱਥੇ 830 ਏਕੜ ਜ਼ਮੀਨ ਉੱਤੇ 1250 ਪਰਿਵਾਰ ਸਾਂਝੀ ਖੇਤੀ ਕਰ ਰਹੇ ਹਨ।"

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਪਣੇ ਤਜ਼ਰਬੇ ਹਨ। ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਮੁਕੇਸ਼ ਮਲੌਦ ਮੁਤਾਬਿਕ, "ਅਸੀਂ 56 ਪਿੰਡਾਂ ਵਿੱਚ 4300 ਵਿੱਘਾ ਜ਼ਮੀਨ ਹਾਸਲ ਕੀਤੀ ਹੈ ਜਿਸ ਉੱਤੇ 4450 ਦਲਿਤ ਪਰਿਵਾਰ ਸਾਂਝੀ ਖੇਤੀ ਕਰ ਰਹੇ ਹਨ। ਅੱਜ 2018 ਵਿੱਚ 22 ਪਿੰਡਾਂ ਵਿੱਚ ਕਾਮਯਾਬ ਤਜਰਬਾ ਚੱਲ ਰਿਹਾ ਹੈ ਜਿੱਥੇ 830 ਏਕੜ ਜ਼ਮੀਨ ਉੱਤੇ 1250 ਪਰਿਵਾਰ ਸਾਂਝੀ ਖੇਤੀ ਕਰ ਰਹੇ ਹਨ।

## ਫਰਿਜ਼ਨੋ 'ਚ ਪਤੀ-ਪਤਨੀ ਦਾ ਕਤਲ ਕਰਨ ਵਾਲੇ ਕਥਿਤ ਦੋਸ਼ੀ ਦੀ ਮਾਨਸਿਕ ਬਿਮਾਰੀ ਦੀ ਅਰਜ਼ੀ ਦਾਖਲ

**ਫਰਿਜ਼ਨੋ/ਹੁਸਨ ਲੜੋਆ ਬੰਗਾ :** ਆਪਣੀ ਨੂੰਹ ਦੇ ਮਾਪਿਆਂ ਦੀ ਹੱਤਿਆ ਕਰਨ ਦੇ ਦੋਸ਼ 'ਚ ਜੇਲ੍ਹ ਚ ਰੱਖੇ ਦਰਸ਼ਨ ਸਿੰਘ ਧੰਜਲ ਦੇ ਵਕੀਲ ਨੇ ਉਸ ਨੂੰ ਮਾਨਸਿਕ ਤੌਰ 'ਤੇ ਬਿਮਾਰ ਕਰਾਰ ਦੇਣ ਦੀ ਕੋਰਟ 'ਚ ਅਰਜ਼ੀ ਦਾਖਲ ਕੀਤੀ ਹੈ। ਫਰਿਜ਼ਨੋ ਕਾਊਂਟੀ ਡਿਸਟ੍ਰਿਕਟ ਅਟਾਰਨੀ ਦਾ ਦਫ਼ਤਰ ਦਰਸ਼ਨ ਸਿੰਘ ਧੰਜਲ ਵਿਰੁੱਧ ਕੇਸ ਵਿਚ ਮੌਤ ਦੀ ਸਜ਼ਾ ਲਈ ਦਬਾਅ ਪਾ ਸਕਦਾ ਹੈ। 65 ਸਾਲਾ ਦਰਸ਼ਨ ਧੰਜਨ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿਸ ਵਿਚ ਉਸ ਨੇ ਦੋਸ਼ੀ ਨਾ ਹੋਣ ਦੀ ਅਪੀਲ ਦਾਖਲ ਕੀਤੀ ਪਰ ਬਾਅਦ ਵਿਚ ਉਸ ਦੇ ਅਟਾਰਨੀ ਨੇ ਉਸ ਨੂੰ ਮਾਨਸਿਕ ਤੌਰ ਅਪਾਹਜ ਹੋਣ ਦੀ ਅਰਜ਼ੀ ਦਿੱਤੀ ਪਰ ਪੁਲਸ ਨੇ ਕਿਹਾ ਕਿ ਉਹ ਦੋ ਲੋਕਾਂ ਦੀ ਹੱਤਿਆ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰੇਗਾ ਜੋ ਘਰ ਦੇ ਅੰਦਰ ਲੱਗੇ ਸੀਸੀਟੀਵੀ ਕੈਮਰਿਆਂ 'ਤੇ ਫੜਿਆ ਗਿਆ ਹੈ।

ਜਾਂਚਕਰਤਾ ਏਜੰਸੀ ਅਨੁਸਾਰ ਇਹ ਘਟਨਾ ਉਸ ਸਮੇਂ ਘਟੀ ਜਦੋਂ ਦੋਸ਼ੀ ਦੀ ਨੂੰਹ ਦੇ ਮਾਪੇ (ਪਤੀ-ਪਤਨੀ) ਰਵਿੰਦਰ ਪਾਲ ਸਿੰਘ ਤੇ ਰਾਜਬੀਰ ਕੌਰ ਟੀਵੀ ਦੇਖ ਰਹੇ ਸਨ। ਅਚਾਨਕ ਧੰਜਨ ਨੇ ਇੱਕ ਬੰਦੂਕ ਲਈ ਅਤੇ ਕੁਝ ਸਕਿੰਟਾਂ ਦੇ ਅੰਦਰ ਪਤੀ ਅਤੇ ਪਤਨੀ ਨੂੰ ਸਿਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ। ਪੁਲਿਸ ਨੇ ਕਿਹਾ ਕਿ ਉਸ ਨੇ ਆਪਣੀ ਨੂੰਹ ਨੂੰ ਵੀ ਬੰਦੂਕ ਨਾਲ ਧਮਕਾਇਆ ਪਰ ਉਹ ਉੱਪਰ ਵੱਲ ਚਲੀ ਗਈ ਅਤੇ 911 ਉਤੇ ਕਾਲ ਕੀਤੀ। ਜਾਂਚ ਏਜੰਸੀ ਤੇ ਆਮ ਲੋਕਾਂ ਦਾ ਮੰਨਣਾ ਹੈ ਕਿ ਪਰਿਵਾਰਕ ਤੌਰ 'ਤੇ ਰਹਿਣ ਅਤੇ ਅਸਹਿਮਤੀ ਦਾ ਨਤੀਜਾ ਸੀ। ਦਰਸ਼ਨ ਸਿੰਘ ਧੰਜਨ ਨੂੰ ਆਪਣੇ ਮੁੰਡੇ ਦੇ ਸਹੁਰਿਆਂ ਦਾ ਉਸ ਦੇ ਨਾਲ ਰਹਿਣਾ ਪਸੰਦ ਨਹੀਂ ਸੀ। ਫਰਿਜ਼ਨੋ ਪੁਲਸ ਚੀਫ਼ ਜੇਰੀ ਡਾਇਰ ਨੇ ਕਿਹਾ ਪੁਲਿਸ ਵੀ ਇਸੇ ਥਿਊਰੀ 'ਤੇ ਕੰਮ ਕਰ ਰਹੀ ਹੈ। ਅਟਾਰਨੀ ਵਲੋਂ ਧੰਜਨ ਨੂੰ



ਮਾਨਸਿਕ ਤੌਰ 'ਤੇ ਅਪਾਹਜ ਐਲਾਨਣ ਤੋਂ ਬਾਅਦ ਵੀ ਉਸ ਦੀ ਜ਼ਮਾਨਤ 3 ਮਿਲੀਅਨ ਡਾਲਰ ਤੋਂ ਵੱਧ ਰੱਖੀ ਗਈ ਹੈ। ਦੋਸ਼ੀ ਠਹਿਰਾਏ ਜਾਣ 'ਤੇ ਦਰਸ਼ਨ ਸਿੰਘ ਧੰਜਨ ਨੂੰ ਮੌਤ ਦੀ ਸਜ਼ਾ ਜਾਂ ਜੇਲ੍ਹ ਵਿਚ ਜ਼ਿੰਦਗੀ ਭਰ ਰਹਿਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## 'ਆਪਣਾ ਪੰਜਾਬ ਮੀਡੀਆ' ਨਿਊਯਾਰਕ ਨੇ 14ਵੀਂ ਵਰ੍ਹੇਗੰਢ ਮਨਾਈ




**ਨਿਊਯਾਰਕ/ਹੁਸਨ ਲੜੋਆ ਬੰਗਾ :**
"ਆਪਣਾ ਪੰਜਾਬ ਮੀਡੀਆ" ਗਰੁੱਪ ਵੱਲੋਂ ਆਪਣੀ 14ਵੀਂ ਵਰ੍ਹੇਗੰਢ ਸ਼ਾਨਦਾਰ ਤਰੀਕੇ ਨਾਲ ਮਨਾਈ ਗਈ। ਰਿਚੀ ਰਿਚ ਪੈਲੇਸ, ਰਿਚਮੰਡ ਹਿੱਲ, ਨਿਊਯਾਰਕ 'ਚ ਹੋਏ ਸਮਾਰੋਹ ਵਿਚ ਪੰਜਾਬ ਦੇ ਸਾਬਕਾ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਲਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਦਾ ਆਪਣਾ ਪੰਜਾਬ ਦੇ ਸੀਈਓ ਅਤੇ ਪ੍ਰੈਜ਼ੀਡੈਂਟ ਗੁਰਮੀਤ ਸਿੰਘ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਨਿਊਯਾਰਕ ਦਾ ਪੱਤਰਕਾਰ ਭਾਈਚਾਰਾ ਵੀ ਉਚੇਚੇ ਤੌਰ 'ਤੇ ਪਹੁੰਚਿਆ ਹੋਇਆ ਸੀ।

ਇਸ ਮੌਕੇ ਆਪਣੇ ਸੰਬੋਧਨ 'ਚ ਗੁਰਮੀਤ ਸਿੰਘ ਨੇ ਸਭ ਤੋਂ ਪਹਿਲਾਂ ਹਾਜ਼ਰੀਨ ਜੀ ਆਇਆਂ ਕਿਹਾ ਅਤੇ ਉਸ ਤੋਂ ਬਾਅਦ "ਆਪਣਾ ਪੰਜਾਬ ਮੀਡੀਆ" ਦੇ 14 ਸਾਲ ਦੇ ਸਫ਼ਰ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਗਰੁੱਪ ਵੱਲੋਂ ਐਨਆਰਆਈ. ਟੀਵੀ. ਦੀ ਐਪ ਵੀ ਲਾਂਚ ਕੀਤੀ ਗਈ। ਵੱਖ-ਵੱਖ ਬੁਲਾਰਿਆਂ ਨੇ ਟੀਵੀ. ਐਪ ਲਾਂਚ ਕਰਨ 'ਤੇ ਗੁਰਮੀਤ ਸਿੰਘ ਨੂੰ ਵਧਾਈਆਂ ਦਿੱਤੀਆਂ। ਬੁਲਾਰਿਆਂ ਨੇ ਕਿਹਾ ਕਿ ਅਸੀਂ ਆਪਣੇ ਅੱਖੀਂ ਵੇਖਿਆ ਹੈ ਕਿ ਕਿਸ ਤਰ੍ਹਾਂ "ਆਪਣਾ ਪੰਜਾਬ" ਨੇ ਸੰਘਰਸ਼ ਕਰਦਿਆਂ ਇਹ ਮੰਜ਼ਿਲ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਗਰੁੱਪ ਦਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰਦਿਆਂ 14 ਸਾਲਾਂ ਤੋਂ ਲਗਾਤਾਰ ਸਫ਼ਰ ਜਾਰੀ ਹੈ। ਅਖੀਰ ਵਿਚ ਗੁਰਮੀਤ ਸਿੰਘ ਸਭ ਦਾ ਧੰਨਵਾਦ ਕੀਤਾ ਗਿਆ।

## ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਪ੍ਰੋਗਰਾਮਾਂ ਦਾ ਐਲਾਨ, ਸਮੂਹ ਭਾਈਚਾਰੇ ਨੂੰ ਸਹਿਯੋਗ ਦੀ ਅਪੀਲ

**ਫਰਿਜ਼ਨੋ/ਬਿਊਰੋ ਨਿਊਜ਼ :**
ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਦੀ ਅਗਜ਼ੈਕਟਿਵ ਕਮੇਟੀ ਦੀ ਇਕ ਮੀਟਿੰਗ ਫਰਿਜ਼ਨੋ ਵਿਚ ਹੋਈ। ਇਸ ਮੀਟਿੰਗ ਵਿਚ ਫੋਰਮ ਦੇ ਪਿਛਲੇ ਪ੍ਰੋਗਰਾਮਾਂ ਦੀ ਕਾਰਗੁਜ਼ਾਰੀ ਨੂੰ ਵਿਚਾਰਦਿਆਂ ਆਉਣ ਵਾਲੇ ਪ੍ਰੋਗਰਾਮਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਇਸ ਵਾਰ ਵੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਨੂੰ ਸਮਰਪਤ ਪ੍ਰੋਗਰਾਮ ਦੋਵੇਂ ਸ਼ਹਿਰਾਂ, ਸਾਨ ਫਰਾਂਸਿਸਕੋ ਅਤੇ ਫਰਿਜ਼ਨੋ ਵਿਚ ਪ੍ਰੋਗਰਾਮ ਕਰਵਾਏ ਜਾਣਗੇ। ਪਹਿਲਾ ਪ੍ਰੋਗਰਾਮ 11 ਨਵੰਬਰ ਦਿਨ ਐਤਵਾਰ ਨੂੰ ਇੰਡੀਆ ਉਵਨ ਫਰਿਜ਼ਨੋ ਦੇ ਹਾਲ ਵਿਚ ਹੋਵੇਗਾ ਅਤੇ ਦੁਪਹਿਰ 1 ਵਜੇ ਤੋਂ ਸ਼ੁਰੂ ਹੋਵੇਗਾ। ਦੂਜਾ ਪ੍ਰੋਗਰਾਮ ਗਦਰ ਪਾਰਟੀ ਦੇ ਮੁਢਲੇ ਦਫਤਰ ਯੁਗਾਂਤਰ ਆਸ਼ਰਮ, ਜਿਸ ਨੂੰ ਗਦਰ ਮੈਮੋਰੀਅਲ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, 5 ਵੁੱਡ ਸਟਰੀਟ ਸਾਨ ਫਰਾਂਸਿਸਕੋ ਵਿਚ 17 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰ 11 ਵਜੇ ਹੋਵੇਗਾ। ਇਨਾਂ ਦੋਨਾਂ ਪ੍ਰੋਗਰਾਮਾਂ ਵਿਚ ਵੱਖ-ਵੱਖ ਬੁਲਾਰੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਨਗੇ। ਫੋਰਮ ਨੇ ਸਮੂਹ ਭਾਈਚਾਰੇ ਨੂੰ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਸਾਨ ਫਰਾਂਸਿਸਕੋ ਵਿਚ 17 ਨਵੰਬਰ ਨੂੰ ਹੋਣ ਵਾਲੇ ਪ੍ਰੋਗਰਾਮ ਲਈ ਬੇ-ਏਰੀਆ ਅਤੇ ਹੋਰ ਆਸ ਪਾਸ ਦੇ ਇਲਾਕੇ ਦੇ ਦੋਸਤਾਂ ਨੂੰ ਇਸ ਇਤਿਹਾਸਿਕ ਥਾਂ ਉਤੇ ਪਹੁੰਚਣ ਦੀ ਖਾਸ ਅਪੀਲ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਮੀਟਿੰਗ ਵਿਚ ਅਗਲੇ ਸਾਲ ਦੇ ਮੁੱਖ ਪ੍ਰੋਗਰਾਮ 'ਮੇਲਾ ਗਦਰੀ ਬਾਬਿਆਂ ਦਾ-20 19', 31 ਮਾਰਚ 2019 ਦਿਨ ਐਤਵਾਰ ਨੂੰ ਸੈਂਟਰਲ ਹਾਈ ਸਕੂਲ ਫਰਿਜ਼ਨੋ ਦੇ ਜਿਮਨੇਜ਼ੀਅਮ ਵਿਚ ਹੋਵੇਗਾ। ਸੰਨ 2019 ਦਾ ਸਾਲ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਸ਼ਤਾਬਦੀ ਸਾਲ ਹੈ ਅਤੇ ਇਹ ਮੇਲਾ ਦੇਸ਼ ਦੀ ਆਜ਼ਾਦੀ ਅਤੇ ਲੋਕਾਂ ਦੀ ਏਕਤਾ-ਅਖੰਡਤਾ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸਮਰਪਤ ਹੋਵੇਗਾ। ਇਨ੍ਹਾਂ ਪ੍ਰੋਗਰਾਮਾਂ ਦੇ ਹੋਰ ਵੇਰਵੇ ਆਉਣ ਵਾਲੇ ਦਿਨਾ ਵਿਚ ਸਾਂਝੇ ਕੀਤੇ ਜਾਣਗੇ। ਫੋਰਮ ਨੇ ਫਰਿਜ਼ਨੋ ਏਰੀਏ ਅਤੇ ਸੈਂਟਰਲ ਕੈਲੀਫੋਰਨੀਆ ਦੀਆਂ ਸਾਰੀਆ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪ੍ਰੋਗਰਾਮ ਇਨ੍ਹਾਂ ਤਰੀਕਾਂ ਦਾ ਧਿਆਨ ਰੱਖਦਿਆਂ ਉਲੀਕਣ। ਕਿਸੇ ਤਰ੍ਹਾਂ ਦੀ ਹੋਰ ਜਾਣਕਾਰੀ ਲਈ ਸੁਰਿੰਦਰ ਮੰਢਾਲੀ (559-473-9269) ਜਾਂ ਹਰਜਿੰਦਰ ਢੇਸੀ (559-618-0156) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਮੀਟਿੰਗ ਵਿਚ ਇਸ ਸਾਲ ਅਪਰੈਲ ਦੇ ਮਹੀਨੇ ਕਰਵਾਏ ਗਏ 18ਵੇਂ ਮੇਲੇ ਅਤੇ ਅਗਸਤ-2018 ਵਿਚ ਕਰਵਾਏ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲਿਆਂ ਦੇ ਪ੍ਰੋਗਰਾਮਾਂ ਵਿਚ ਮਿਲੇ ਭਰਪੂਰ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਪ੍ਰੋਗਰਾਮਾਂ ਲਈ ਭਰਪੂਰ ਸਹਿਯੋਗ ਦੀ ਅਪੀਲ ਵੀ ਕੀਤੀ ਗਈ। ਇਸ ਦੌਰਾਨ ਭਾਰਤ ਦੇ ਸੂਬੇ ਕੇਰਲਾ, ਸਾਊਥ ਏਸ਼ੀਆਈ ਦੇਸ਼ ਫਿਲੇਪੀਨ ਅਤੇ ਅਮਰੀਕਾ ਦੇ ਪੂਰਬੀ ਹਿੱਸੇ ਵਿਚ ਸਮੁੰਦਰੀ ਤੂਫਾਨਾਂ ਕਾਰਨ ਅਤੇ ਕੈਲੀਫੋਰਨੀਆ ਦੇ ਕਈ ਸ਼ਹਿਰਾਂ ਵਿਚ ਜੰਗਲੀ ਅੱਗਾਂ ਜਿਹੀਆਂ ਕੁਦਰਤੀ ਆਫਤਾਂ ਦੀ ਬਰਬਾਦੀ ਝੱਲ ਰਹੇ ਲੋਕਾਂ ਨਾਲ ਹਮਦਰਦੀ ਪਰਗਟ ਕੀਤੀ ਅਤੇ ਬਿਪਤਾ ਵਿਚ ਫਸੇ ਇਨ੍ਹਾਂ ਲੋਕਾਂ ਦੀ ਸਹਾਇਤਾ ਲਈ ਪਹੁੰਚੀਆਂ ਸੰਸਥਾਵਾਂ ਦਾ ਧੰਨਵਾਦ ਵੀ ਕੀਤਾ।

# ਯੂਨਾਈਟਡ ਸਪੋਰਟਸ ਕਲੱਬ ਦੇ 14ਵੇਂ ਵਿਸ਼ਵ ਕੱਪ ਨੇ ਸਿਰਜਿਆ ਸਫਲਤਾ ਦਾ ਨਵਾਂ ਇਤਿਹਾਸ











- **ਬੇਏਰੀਆ ਸਪੋਰਟਸ ਕਲੱਬ ਨੇ ਜਿੱਤਿਆ ਖਿਤਾਬ**
- **ਅਗਲੇ ਸਾਲ 15 ਸਤੰਬਰ ਨੂੰ 15ਵਾਂ ਕਬੱਡੀ ਕੱਪ ਕਰਵਾਉਣ ਦਾ ਐਲਾਨ**
- **ਜੁਗਰਾਜ ਸਿੰਘ ਸਹੋਤਾ ਬਣੇ ਯੂਨਾਈਟਡ ਸਪੋਰਟਸ ਕਲੱਬ ਦੇ ਨਵੇਂ ਪ੍ਰਧਾਨ**

**ਯੂਨੀਅਨ ਸਿਟੀ/ਐੱਸ.ਅਸ਼ੋਕ.ਭੌਰਾ :**
ਯੂਨਾਈਟਡ ਸਪੋਰਟਸ ਕਲੱਬ ਦਾ 14ਵਾਂ ਕਬੱਡੀ ਵਿਸ਼ਵ ਕੱਪ ਦਰਸ਼ਕਾਂ ਦੇ ਦਿਲਾਂ ਉਤੇ ਇਕ ਅਮਿੱਟ ਛਾਪ ਛੱਡਦਾ ਹੋਇਆ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਪੂਰੀ ਸ਼ਾਨੋਸ਼ੌਕਤ ਨਾਲ ਖਤਮ ਹੋਇਆ। ਇਸ ਵਾਰ ਨਾ ਸਿਰਫ ਦਰਸ਼ਕਾਂ ਦੀ ਵੱਡੀ ਗਿਣਤੀ ਇਕ ਰਿਕਾਰਡ ਪੈਦਾ ਕਰਨ ਵਾਲੀ ਸੀ ਸਗੋਂ ਪਹਿਲੀ ਵਾਰ ਹੋਇਆ ਕਿ ਦੁਨੀਆ ਭਰ ਦੇ ਮਸ਼ਹੂਰ ਕਬੱਡੀ ਖਿਡਾਰੀਆਂ ਨੇ ਤਕਰੀਬਨ ਸੱਤ ਘੰਟੇ ਜੋਸ਼ ਅਤੇ ਸਖਤ ਮਿਹਨਤ ਨਾਲ ਕਮਾਏ ਜੁੱਸੇ ਨਾਲ ਕਬੱਡੀ ਖੇਡ ਦਾ ਪ੍ਰਦਰਸ਼ਨ ਕੀਤਾ। ਬਿਨਾ ਕਿਸੇ ਸੱਟ-ਫੇਟ ਅਤੇ ਵਿਵਾਦ ਦੇ ਨਿਰਵਿਘਨ ਨੇਪਰੇ ਚੜੇ ਕਬੱਡੀ ਕੱਪ ਵਿਚ ਇਕ ਪਲ ਵੀ ਅਜਿਹਾ ਨਹੀਂ ਆਇਆ ਜਦੋਂ ਖੇਡ ਮੈਦਾਨ ਖਾਲੀ ਰਿਹਾ ਹੋਵੇ। ਖੇਡ ਰਿਪੋਰਟਰ ਸੰਤੋਖ ਸਿੰਘ ਮੰਡੇਰ ਕੈਮਰੇ ਨਾਲ ਇਸ ਮੇਲੇ ਦੇ ਹਰ ਪਲ ਨੂੰ ਕੈਦ ਕਰ ਰਹੇ ਸਨ ਅਤੇ ਲਾਈਵ ਕਬੱਡੀ ਡੌਟ ਕੌਮ ਦੀ ਟੀਮ ਵਲੋਂ ਸੋਸ਼ਲ ਸਾਈਟਾਂ ’ਤੇ ਲਗਾਤਾਰ ਦਿਖਾਇਆ ਜਾ ਰਿਹਾ ਸੀ।

ਇਸ ਕਬੱਡੀ ਕੱਪ ਦੀ ਵਿਸ਼ਾਲ ਸਫਲਤਾ ’ਤੇ ਖੁਸ਼ੀ ਜ਼ਾਹਿਰ ਕਰਦਿਆਂ ਖੇਡ ਮੇਲੇ ਦੇ ਮੁੱਖ ਪ੍ਰਬੰਧਕ ਅਤੇ ਸਰ੍ਰਪਸਤ ਸ੍ਰ. ਅਮੋਲਕ ਸਿੰਘ ਗਾਖਲ ਨੇ ਸਫਲਤਾ ਦਾ ਸਿਹਰਾ ਕਰੀਬ ਦਸ ਹਜ਼ਾਰ ਦੇ ਕਰੀਬ ਪੁੱਜੇ ਕਬੱਡੀ ਪ੍ਰੇਮੀਆਂ ਦੇ ਸਿਰ ਬੰਨਦਿਆਂ ਕਿਹਾ ਕਿ ਜੇ ਇਸ ਤਰਾਂ ਹੀ ਸਹਿਯੋਗ ਮਿਲਦਾ ਰਿਹਾ ਤਾਂ ਉਹ ਆਉਂਦੇ ਵਰਿਆਂ ਦੌਰਾਨ ਵੀ ਪੰਜਾਬੀ ਭਾਈਚਾਰੇ ਵਿਚ ਸਾਂਝ ਪੈਦਾ ਕਰਨ ਤੇ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਹੋਰ ਵੀ ਉਤਸ਼ਾਹ ਨਾਲ ਕੰਮ ਕਰਦੇ ਰਹਿਣਗੇ। ਉਨਾਂ ਇਹ ਵੀ ਕਿਹਾ ਕਿ ਸ਼ਾਇਦ ਇਹ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਹੈ ਜਿੱਥੇ ਦਰਸ਼ਕ ਰੂਪੀ ਸੰਗਤਾਂ ਨੂੰ ਗੁਰੂ ਕਾ ਅਤੁੱਟ ਲੰਗਰ ਛਕਾਇਆ ਜਾਂਦਾ ਹੈ ਅਤੇ ਚਾਹ, ਪਕੌੜੇ, ਪਾਣੀ ਅਤੇ ਜੂਸ ਦੀ ਸੇਵਾ ਕਿਸੇ ਘਰ ਆਏ ਖਾਸ ਮਹਿਮਾਨ ਵਾਂਗ ਕੀਤੀ ਜਾਂਦੀ ਹੈ। ਉਨਾਂ ਗੁਰੂਘਰ ਫਰੀਮਾਂਟ, ਸੈਨਹੋਜ਼ੇ, ਮਿਲਪੀਟਸ ਅਤੇ ਸਟਾਕਟਨ ਦਾ ਉਚੇਚਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ ਸਾਲ ਤੋਂ ਇਹ ਗੁਰੂਘਰ ਖੇਡ ਮੇਲੇ ਲਈ ਲੰਗਰ ਦੀ ਸੇਵਾ ਲਗਾਤਾਰ ਕਰਦੇ ਆ ਰਹੇ ਹਨ। ਰਾਜਾ ਸਵੀਟਸ ਦੇ ਗਿਆਨੀ ਰਵਿੰਦਰ ਸਿੰਘ ਅਤੇ ਮੱਖਣ ਸਿੰਘ ਬੈਂਸ ਵਲੋਂ ਹਜ਼ਾਰਾਂ ਦਰਸ਼ਕਾਂ ਲਈ ਚਾਹ ਪਕੌੜਿਆਂ ਦੀ ਸਾਰਾ ਦਿਨ ਸ਼ਰਧਾ ਨਾਲ ਸੇਵਾ ਕੀਤੀ ਜਾਂਦੀ ਹੈ। ਦਰਸ਼ਕਾਂ ਨੂੰ ਹਮੇਸ਼ਾ ਦੀ ਤਰਾਂ ਮੁਫਤ ਦਾਖਲਾ ਅਤੇ ਮੁਫਤ ਪਾਰਕਿੰਗ ਦੀ ਸਹੂਲਤ ਦਿੱਤੀ ਗਈ।

ਸ. ਗਾਖਲ ਨੇ ਮਾਣ ਨਾਲ ਕਿਹਾ ਕਿ ਉਹ ਇਕੱਲੇ ਕੁਝ ਵੀ ਨਹੀਂ ਕਰ ਸਕਦੇ ਸਗੋਂ ਉਨਾਂ ਦੇ ਯੂਨਾਈਟਡ ਸਪੋਰਟਸ ਕਲੱਬ ਦੀ ਟੀਮ ਦਿਨ ਰਾਤ ਮਿਹਨਤ ਕਰਕੇ ਕਬੱਡੀ ਦਾ ਇਕ ਨਵਾਂ ਇਤਿਹਾਸ ਸਿਰਜਣ ਵਿਚ ਕਾਮਯਾਬ ਹੋਈ ਹੈ। ਉਨਾਂ ਉਚੇਚੇ ਤੌਰ ’ਤੇ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਵਿੱਤ ਸਕੱਤਰ ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਅਤੇ ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਆਪਣੇ ਬੋਰਡ ਆਫ ਡਾਇਰੈਕਟਰ ਦਾ ਜ਼ਿਕਰ ਕਰਦਿਆਂ ਇਸ ਵਡਿਆਈ ਤੇ ਮਾਣ ਲਈ ਉਨਾਂ ਨੂੰ ਵੀ ਬਰਾਬਰ ਦੇ ਹਿੱਸੇਦਾਰ ਕਿਹਾ।

ਇਸ 14ਵੇਂ ਵਿਸ਼ਵ ਕਬੱਡੀ ਕੱਪ ਦਾ ਰਸਮੀ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਮਾਈਕ ਬੋਪਾਰਾਏ, ਜਸਪ੍ਰੀਤ ਸਿੰਘ ਅਟਾਰਨੀ, ਮੇਜਰ ਸਿੰਘ ਬੈਂਸ ਅਤੇ ਹਰਦੁੱਮਣ ਸਿੰਘ ਬਿੱਲਾ



ਸੰਘੇੜਾ ਨੇ ਸਾਂਝੇ ਰੂਪ ਵਿਚ ਕੀਤਾ ਤੇ ਇਨਾਂ ਸਖਸ਼ੀਅਤਾਂ ਨੇ ਇਸ ਖੇਡ ਮੇਲੇ ਦੀ ਪ੍ਰਸ਼ੰਸਾ ਕਰਦਿਆਂ ਇਸਨੂੰ ਨਾ ਸਿਰਫ ਕੈਲੇਫੋਰਨੀਆਂ ਦਾ ਸਗੋਂ ਉੱਤਰੀ ਅਮਰੀਕਾ ਦਾ ਸਭ ਤੋਂ ਵੱਡਾ ਕਬੱਡੀ ਕੱਪ ਐਲਾਨਦਿਆਂ ਗਾਖਲ ਭਰਾਵਾਂ ਅਤੇ ਯੂਨਾਈਟਡ ਸਪੋਰਟਸ ਕਲੱਬ ਨੂੰ ਵਧਾਈ ਵੀ ਦਿੱਤੀ ਅਤੇ ਆਉਣ ਵਾਲੇ ਵਰਿਆਂ ਵਿਚ ਵੀ ਦਿਲ ਖੋਲ ਕੇ ਸਹਿਯੋਗ ਦੇਣ ਦਾ ਵਾਅਦਾ ਕੀਤਾ। ਉਦਘਾਟਨ ਉਪਰੰਤ ਸ. ਗਾਖਲ ਨੇ ਐਲਾਨ ਕੀਤਾ ਕਿ ਸਾਲ 2019 ਦਾ 15 ਵਿਸ਼ਵ ਕਬੱਡੀ ਕੱਪ ਇਸੇ ਲੋਗਨ ਹਾਈ ਸਕੂਲ ’ਚ 15 ਸਤੰਬਰ ਦਿਨ ਐਤਵਾਰ ਨੂੰ ਕਰਵਾਇਆ ਜਾਵੇਗਾ।

ਇਸ ਖੇਡ ਮੇਲੇ ਵਿਚ ਯੂਨੀਅਨ ਸਿਟੀ ਦੇ ਮੇਅਰ ਡੁਟਰਾ ਵਰਨਾਕੀ, ਕੌਂਸਲ ਮੈਂਬਰ ਪੈਟ ਡਾਕੋਸਕੌਟ, ਸਕੂਲ ਬੋਰਡ ਟਰੱਸਟੀ ਕਰਮਜੀਤ ਕੌਰ ਚੀਮਾ ਤੇ ਸ਼ੈਰਨ ਕੌਰ ਅਤੇ ਕੌਂਸਲ ਮੈਂਬਰ ਹੈਰੀ ਸਿੰਘ ਵੀ ਖੇਡ ਮੇਲੇ ਦੀਆਂ ਰੌਣਕਾਂ ਵੇਖਣ ਪਹੁੰਚੇ। ਅੰਡਰ-21 ਦੇ ਮੁਕਾਬਲਿਆਂ ਵਿਚ ਸ਼ਹੀਦ ਬਾਬਾ ਦੀਪ ਸਿੰਘ ਅਕੈਡਮੀ ਸੈਕਰਾਮੈਂਟੋ ਦੀ ਟੀਮ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਨੂੰ 39 ਦੇ ਮੁਕਾਬਲੇ 73 ਅੰਕਾ ਨਾਲ ਸ਼ਿਕਸਤ ਦੇ ਕੇ ਜੇਤੂ ਰਹੀ ਜਦੋਂ ਕਿ ਅੰਡਰ-25 ਵਿਚ ਖਾਲਸਾ ਸਪੋਰਟਸ ਦੀ ਟੀਮ ਨੇ ਯੂਬਾ ਬ੍ਰਦਰਜ਼ ਨੂੰ 25 ਦੇ ਮੁਕਾਬਲੇ 53 ਅੰਕਾਂ ਨਾਲ ਹਰਾਇਆ। ਕਬੱਡੀ ਦੇ ਸਾਨਾਂ ਵਰਗੇ ਭੇੜਾਂ ਵਿਚ ਬੇ-ਏਰੀਆ ਲਾਇਨਜ਼, ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਲਾਸ ਬੈਨਸ, ਬਾਬਾ ਸੰਗ ਜੀ ਸਪੋਰਟਸ ਕਲੱਬ ਮਿਡ ਵੈਸਟ ਅਤੇ ਰਾਇਲ ਕਿੰਗਜ਼ ਯੂਐੱਸਏ ਦੀਆਂ ਟੀਮਾਂ ਨੇ ਆਪਣੇ ਨਾਮੀ ਕਬੱਡੀ ਖਿਡਾਰੀਆਂ ਨਾਲ ਇਸ ਖੇਡ ਮੇਲੇ ਵਿਚ ਸ਼ਿਰਕਤ ਕੀਤੀ ਅਤੇ ਇਨਾਂ ਦੇ ਪ੍ਰਦਰਸ਼ਨ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਦਰਸ਼ਕਾਂ ਨੇ ਸਾਹ ਰੋਕ ਕੇ ਵੇਖਿਆ।

ਫਾਈਨਲ ਮੁਕਾਬਲਾ ਬੇ-ਏਰੀਆ ਸਪੋਰਟਸ ਕਲੱਬ ਅਤੇ ਲੱਛਰ ਭਰਾਵਾਂ ਦੀ ਲਾਸ ਬੈਨਸ ਦੀ ਟੀਮ ਵਿਚਾਲੇ ਏਨਾ ਦਿਲਚਸਪ ਸੀ ਕਿ ਪਹਿਲੇ ਹਾਫ ’ਚ ਹਰ ਰੇਡ ’ਤੇ ਕਬੱਡੀ ਪ੍ਰੇਮੀਆਂ ਨੇ ਸਟਾਪਰਾਂ ਤੇ ਰੇਡਰਾਂ ਲਈ ਦਿਲ ਖੋਲ ਕੇ ਨਕਦ ਇਨਾਮ ਦਿੱਤੇ। ਕਬੱਡੀ ਕੱਪ ਦਾ ਪਹਿਲਾ ਇਨਾਮ ਜੋ ਡਾਇਮੰਡ ਸਪੋਰਟਸ ਕਲੱਬ ਦੇ ਗੁਲਵਿੰਦਰ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਸਪਾਂਸਰ ਕੀਤਾ ਗਿਆ ਸੀ, ਬੇ-ਏਰੀਆ ਲਾਇਨਜ਼ ਦੀ ਝੋਲੀ ਪਿਆ। ਦੂਜਾ ਇਨਾਮ, ਜੋ ਕਿ ਸਹੋਤਾ ਭਰਾਵਾਂ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਸਪਾਂਸਰ ਕੀਤਾ ਗਿਆ ਸੀ, ਸ਼ੇਰ-ਏ-ਪੰਜਾਬ ਲਾਸ ਬੈਨਸ ਦੀ ਟੀਮ ਦੇ ਹਿੱਸੇ ਆਇਆ। ਫਾਈਨਲ ਮੁਕਾਬਲੇ ਵਿਚ ਬੇਏਰੀਆ ਲਾਇਨਜ਼ ਨੇ 27 ਦੇ ਮੁਕਾਬਲੇ 44 ਅੰਕ ਹਾਸਲ ਕੀਤੇ। ਇਸ ਖੇਡ ਮੇਲੇ ਦਾ ਇਕ ਹੋਰ ਸਿਹਰਾ ਸ. ਗਾਖਲ ਨੇ ਮਿਡਵੈਸਟ ਦੀ ਟੀਮ ਦੇ ਮੁੱਖ ਪ੍ਰਬੰਧਕ ਤਾਰੀ ਅਤੇ ਵਿੱਕੀ ਸੰਮੀਪੁਰੀਆ ਦੇ ਸਿਰ ਬੰਨਦਿਆਂ ਕਿਹਾ ਕਿ ਇਹ ਦੋ ਨੌਜਵਾਨਾਂ ਨੇ ਅਸਲ ’ਚ ਖੇਡ ਮੇਲੇ ਦੇ ਪ੍ਰਬੰਧ ’ਚ ਵੱਡਾ ਯੋਗਦਾਨ ਪਾਇਆ ਅਤੇ ਯੂਨਾਈਟਡ ਸਪੋਰਟਸ ਕਲੱਬ ਦੇ ਹਰ ਮੈਚ ਨੂੰ ਆਪਣਾ ਸਮਝ ਕੇ ਗਾਖਲ ਭਰਾਵਾਂ ਤੇ ਕਲੱਬ ਨਾਲ ਮੋਢੇ ਨਾਲ ਮੋਢਾ ਜੋੜੀ ਰੱਖਿਆ। ਸ. ਗਾਖਲ ਨੇ ਭਰੋਸਾ ਦਿਵਾਇਆ ਕਿ ਭਰਾਵਾਂ ਵਰਗੇ ਸਹਿਯੋਗੀ ਵਿੱਕੀ ਤੇ ਤਾਰੀ ਭਵਿੱਖ ਵਿਚ ਹੋਣ ਵਾਲੇ ਕਬੱਡੀ ਕੱਪਾਂ ਦਾ ਵੀ ਮਹੱਤਵਪੂਰਨ ਅੰਗ ਬਣੇ ਰਹਿਣਗੇ। ਸ. ਗਾਖਲ ਨੇ ਰਾਇਲ ਕਿੰਗਜ਼ ਯੂ.ਐੱਸ.ਏ ਦੇ ਮੁੱਖ ਸਰਬਜੀਤ ਸਿੰਘ ਉਰਫ ਸ਼ੱਬਾ ਥਿਆੜਾ ਦੀ ਵੀ ਪ੍ਰਸ਼ੰਸਾ ਕੀਤੀ। ਖੇਡ ਮੇਲੇ ਵਿਚ ਜਿੱਥੇ ਗਾਖਲ ਭਰਾਵਾਂ ਵਲੋਂ ਆਪਣੇ ਪਿਤਾ ਸਵ. ਨਸੀਬ ਸਿੰਘ ਦੀ ਯਾਦ ਵਿਚ ਕਿੰਦੂ ਰਮੀਦੀ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਉੱਥੇ ਬੈਸਟ ਰੇਡਰ ਲਈ ਦੱਲੀ ਸੌਂਸਪੁਰੀਆ ਅਤੇ ਬੈਸਟ ਸਟਾਪਰ ਲਈ ਸੰਦੀਪ ਨੰਗਲ ਅੰਬੀਆਂ ਨੂੰ ਗੋਲਡ ਮੈਡਲ ਪ੍ਰਦਾਨ ਕੀਤੇ ਗਏ। ਇਸ ਖੇਡ ਮੇਲੇ ਦੀ ਸਫਲਤਾ ’ਚ ਪ੍ਰਮੁੱਖ ਭੂਮਿਕਾ ਨਿਭਾਉਣ ਵਾਲੇ ਪਲਵਿੰਦਰ ਸਿੰਘ ਗਾਖਲ, ਇੰਡੀਆ ਤੋਂ ਹਰ ਸਾਲ ਉਚੇਚਾ ਪਹੁੰਚੇ ਸਾਧੂ ਸਿੰਘ ਖਲੌਰ, ਦਵਿੰਦਰ ਸਿੰਘ ਪੱਡਾ, ਨੱਥਾ ਸਿੰਘ ਗਾਖਲ, ਦੇਬੀ ਸੋਹਲ, ਇੰਦਰਜੀਤ ਸਿੰਘ ਥਿੰਦ, ਬਖਤਾਵਰ ਸਿੰਘ ਗਾਖਲ, ਗੁਰਪ੍ਰੀਤ ਸਿੰਘ ਗਾਖਲ, ਬਲਵੀਰ ਭਾਟੀਆ, ਗਿਆਨੀ ਰਵਿੰਦਰ ਸਿੰਘ, ਬਲਜਿੰਦਰ ਸਿੰਘ ਗਾਖਲ, ਰਜਿੰਦਰ ਲੱਧੜ, ਅਰੁਨਦੀਪ ਸਿੰਘ ਨੇ ਅਹਿਮ ਭੂਮਿਕਾ ਨਿਭਾਈ। ਚੇਅਰਮੈਨ ਸ. ਮੱਖਣ ਸਿੰਘ ਬੈਂਸ ਅਤੇ ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਨੇ ਟੂਰਨਾਮੈਂਟ ਦੇ ਪ੍ਰਬੰਧ ਉਤੇ ਨਿਗਰਾਨ ਵੱਜੋਂ ਨਜ਼ਰਾਂ ਟਿਕਾਈ ਰੱਖੀਆਂ। ਇਸ ਮੌਕੇ ਸਕਿਉਰਿਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਗੁਰੂ ਦੀਆਂ ਬਰਕਤਾਂ ਸਨ ਕਿ ਹਜ਼ਾਰਾਂ ਦਰਸ਼ਕਾਂ ਨੂੰ ਚਾਹ-ਪਕੌੜਿਆਂ ਤੇ ਲੰਗਰ ਛਕਣ ਵੇਲੇ ਕਤਾਰ ਵਿਚ ਵੀ ਨਹੀਂ ਲੱਗਣਾ ਪਿਆ।

ਕਬੱਡੀ ਮੈਚਾਂ ਨੂੰ ਸ਼ਬਦਾਂ ਦੀ ਰੰਗਤ ਦੇਣ ਵਿਚ ਲੱਖਾ ਸਿੱਧਵਾਂ, ਮੱਖਣ ਅਲੀ, ਸੁਰਜੀਤ ਕਕਰਾਲੀ, ਗੁਰਮੇਲ ਸਿੰਘ ਦਿਓਲ ਆਦਿ ਕੁਮੈਂਟੇਟਰਾਂ ਨੇ ਲੱਛੇਦਾਰ ਕੁਮੈਂਟਰੀ ਨਾਲ ਸਿਰਾ ਕੀਤਾ। ਸਰਦੂਲ ਸਿੰਘ ਰੰਧਾਵਾ, ਅਜੀਤ ਸਿੰਘ ਬੱਲ ਅਤੇ ਸਾਧੂ ਸਿੰਘ ਖਲੌਰ ਨੇ ਤਕਨੀਕੀ ਪ੍ਰਬੰਧਾਂ ਦੀ ਜ਼ਿੰਮੇਵਾਰੀ ਨਿਭਾਈ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਕਲੱਬ ਦੇ ਜਨਰਲ ਸਕੱਤਰ ਅਤੇ ਮੀਡੀਆ ਇੰਚਾਰਜ ਐੱਸ.ਅਸ਼ੋਕ. ਭੌਰਾ ਤੇ ਮੰਚ ਸੰਚਾਲਿਕਾ ਬੀਬੀ ਆਸ਼ਾ ਸ਼ਰਮਾ ਨੇ ਨਿਭਾਈ। ਗੀਤਕਾਰ ਮੱਖਣ ਬਰਾੜ ਨੇ ਸਮੁੱਚੇ ਖੇਡ ਮੇਲੇ ਵਿਚ ਕਈ ਵਾਰ ਦਰਸ਼ਕਾਂ ਨੂੰ ਆਪਣੇ ਖੂਬਸੂਰਤ ਸ਼ਿਅਰਾਂ ਨਾਲ ਹੱਸਣ ਅਤੇ ਤਾੜੀਆਂ ਵਜਾਉਣ ਲਈ ਮਜਬੂਰ ਕੀਤਾ। ਟੋਰਾਂਟੋ ਤੋਂ ਸੇਵਾ ਸਿੰਘ ਰੰਧਾਵਾ, ਨਿਊਯਾਰਕ ਤੋਂ ਜਗੀਰ ਸਿੰਘ ਸਬਜ਼ੀ ਮੰਡੀ, ਕਨੇਡਾ ਤੋਂ ਦੀਪੂ ਗਾਖਲ ਹਮੇਸ਼ਾ ਵਾਂਗ ਪੁੱਜੇ।

**ਜੁਗਰਾਜ ਸਹੋਤਾ ਬਣੇ ਕਲੱਬ ਦੇ ਨਵੇਂ ਪ੍ਰਧਾਨ :** ਖੇਡ ਮੇਲੇ ਦੀ ਸਫਲਤਾ ਤੋਂ ਬਾਅਦ ਕਲੱਬ ਲਈ ਬਿਹਤਰੀਨ ਸੇਵਾਵਾਂ ਨਿਭਾਉਂਦੇ ਆ ਰਹੇ ਜੁਗਰਾਜ ਸਿੰਘ ਸਹੋਤਾ ਨੂੰ ਇੱਥੇ ਰਾਜਾ ਸਵੀਟਸ ਵਿਖੇ ਸ. ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਹੋਈ ਮੀਟਿੰਗ ਵਿਚ ਸਰਬਸੰਮਤੀ ਨਾਲ ਨਵਾਂ ਪ੍ਰਧਾਨ ਚੁਣ ਲਿਆ ਗਿਆ। ਸ. ਗਾਖਲ ਨੇ ਜੁਗਰਾਜ ਸਹੋਤਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਕਲੱਬ ਦੇ ਮਹੱਤਵਪੂਰਨ ਅੰਗ ਹਨ ਅਤੇ ਉਹ ਉਨਾਂ ਦੀਆਂ ਬਿਹਤਰੀਨ ਸੇਵਾਵਾਂ ਦੀ ਭਰਪੂਰ ਪ੍ਰਸ਼ੰਸਾ ਕਰਦੇ ਹਨ। ਖੇਡ ਮੇਲੇ ਦੀ ਸਮਾਪਤੀ ਉਪਰੰਤ ਸ. ਗਾਖਲ ਤੇ ਮੱਖਣ ਸਿੰਘ ਬੈਂਸ ਨੇ ਆਪਣੇ ਸਾਰੇ ਸਪਾਂਸਰਾਂ ਸਹਿਯੋਗੀਆਂ, ਖੇਡ ਪ੍ਰਬੰਧਕਾਂ ਤੇ ਸਕੂਲ ਮੈਨਜਮੈਂਟ ਦਾ ਧੰਨਵਾਦ ਕਰਦਿਆਂ ਅਗਲੇ ਸਾਲ ਫਿਰ ਮਿਲਣ ਦਾ ਵਾਅਦਾ ਕੀਤਾ।





## ਬਾਦਲ ਪਰਿਵਾਰ ਦਾ ਅਜੋਕਾ ਸੰਕਟ ਅਤੇ ਅਕਾਲੀ ਦਲ

ਬਠਿੰਡਾ ਲੋਕ ਸਭਾ ਸੀਟ ਤੋਂ ਚੋਣ ਲੜੀ ਸੀ ਅਤੇ ਹੁਣ ਤੱਕ ਇਸੇ ਹਲਕੇ ਦੀ ਨੁਮਾਇੰਦਗੀ ਕਰ ਰਹੀ ਹੈ। ਸੁਖਬੀਰ ਨੇ ਸੰਨ 2009 ਦੀ ਇਸ ਚੋਣ ਤੋਂ ਪਹਿਲਾਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਸਮਝੌਤਾ ਕਰ ਲਿਆ ਸੀ। ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਦੇ ਦੋਸ਼ੀ ਇਸ ਡੇਰੇ ਦੇ ਪੈਰੋਕਾਰ ਹੀ ਨਿਕਲੇ ਅਤੇ ਫੜ ਵੀ ਲਏ ਗਏ ਹਨ। ਇਸ ਡੇਰੇ ਦੇ ਮੁਖੀ ਨੂੰ ਸੰਨ 2015 ਵਿੱਚ ਮੁਆਫੀ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਵਰਗੀਆਂ ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਗਈ ਪਰ ਇਸ ਮੁਆਫ਼ੀ ਵਿਰੁੱਧ ਪੈਦਾ ਹੋਏ ਰੋਸ ਕਾਰਨ ਕੁਝ ਦਿਨਾਂ ਬਾਅਦ ਹੀ ਅਕਾਲ ਤਖ਼ਤ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ। ਉਂਝ, ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਇਸ ਫ਼ੈਸਲੇ ਨੂੰ ਸਹੀ ਠਹਿਰਾਉਣ ਲਈ 97 ਲੱਖ ਰੁਪਏ ਇਸ਼ਤਿਹਾਰਬਾਜ਼ੀ ਉੱਤੇ ਖਰਚ ਦਿੱਤੇ ਸਨ।

ਸਿੱਖ ਧਾਰਮਿਕ ਤੇ ਸਿਆਸੀ ਖੇਤਰ ਨੂੰ ਹਮੇਸ਼ਾ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਆਗੂ ਦੀ ਲੋੜ ਰਹਿੰਦੀ ਹੈ, ਜਿਹੜਾ ਅਕਾਲੀ ਦਲ ਅਤੇ ਇਨ੍ਹਾਂ ਪੰਥਕ ਸੰਸਥਾਵਾਂ ਦੌਰਾਨ ਕੜੀ ਦਾ ਕੰਮ ਕਰਦਾ ਸੀ। ਮੂਲੋਂ ਹੀ ਹੌਲੇ ਵਿਅਕਤੀਆਂ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾ ਕੇ ਇਸ ਅਹਿਮ ਕੜੀ ਨੂੰ ਖਤਮ ਕਰਨ ਦੀ ਬਾਦਲਾਂ ਨੂੰ ਹੁਣ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਅਜੋਕੇ ਸੰਕਟ ਵਿੱਚ ਅਸਲ ਖ਼ਤਰਾ ਸੂਬੇ ਵਿਚਲੀ ਫਿਰਕੂ ਇਕਸੁਰਤਾ ਜਾਂ ਭਾਈਚਾਰਕ ਸਾਂਝ ਨੂੰ ਨਹੀਂ, ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਨੂੰ ਹੈ।

## ਕਰਮਨ ਵਿਖੇ ਹਾਰਵੈਸਟ ਫੈਸਟੀਵਲ ਦਾ ਲੋਕਾਂ ਨੇ ਭਰਪੂਰ ਅਨੰਦ ਲਿਆ

ਦਾ ਖੁੱਲ੍ਹ ਕੇ ਪਰਦਸ਼ਨ ਕਰਦੇ ਹਨ। ਇਨ੍ਹਾਂ ਫਲੋਟਾਂ ਨੂੰ ਵਧੀਆਂ ਸਜਾਉਣ ਦੇ ਮੁਕਾਬਲੇ ਵੀ ਦਿਲਚਸਪ ਹੁੰਦੇ ਹਨ, ਜਿਸ ਦੇ ਇਨਾਮ ਦਿੱਤੇ ਜਾਂਦੇ ਹਨ। ਸਥਾਨਕ ਲੋਕ ਸੜਕ ਦੇ ਦੋਨੋਂ ਪਾਸੇ ਬੈਠ ਕੇ ਇਸ ਪਰੰਪਰਾਗਤ ਪਰੇਡ ਦਾ ਖੁੱਲ੍ਹ ਕੇ ਅਨੰਦ ਮਾਣਦੇ ਹਨ ਅਤੇ ਹਿੱਸਾ ਲੈਣ ਵਾਲਿਆਂ ਦੀ ਹੌਸਲਾ ਅਫਜ਼ਾਈ ਕਰਦੇ ਹਨ। ਇਸ ਪਰੇਡ ਦੀ ਸਮਾਪਤੀ ਉਪਰੰਤ ਚਾਰ ਦਿਨ ਲੋਕ ਗੀਤ-ਸੰਗੀਤ, ਖੇਡਾਂ, ਰਾਈਡਾਂ, ਤਰ੍ਹਾਂ-ਤਰ੍ਹਾਂ ਦੇ ਝੂਲਿਆਂ ਅਤੇ ਖਾਣਿਆਂ ਦਾ ਅਨੰਦ ਮਾਣਦੇ ਹਨ। ਇਸੇ ਤਰ੍ਹਾਂ ਇਤਿਹਾਸਕ ਤਸਵੀਰਾਂ ਅਤੇ ਵਸਤਾਂ ਦੀ ਪ੍ਰਦਰਸ਼ਨੀ ਵੀ ਦੇਖਣਯੋਗ ਸੀ। ਇਹ ਮੇਲੇ ਸਾਰੇ ਸ਼ਹਿਰਾਂ ਵਿਚ ਲਗਾਤਾਰ ਪਰੰਪਰਾਵਾਂ ਨੂੰ ਕਾਇਮ ਰੱਖਦੇ ਹੋਏ ਲਗਦੇ ਹਨ, ਜਿੱਥੇ ਲੋਕ ਆਪਸੀ ਮੇਲਜੋਲ ਵਧਾਉਂਦੇ ਹਨ। ਕਰਮਨ ਸ਼ਹਿਰ ਦਾ ਇਸ ਸਾਲ ਦਾ ਮੇਲਾ ਵੀ ਹਮੇਸ਼ਾ ਵਾਂਗ ਖੁਸ਼ੀਆਂ ਵੰਡਦਾ ਹੋਇਆ ਯਾਦਗਾਰੀ ਹੋ ਨਿਬੜਿਆ।

## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਉਤੇ ਲਾਗੂ ਧਾਰਾ 295-ਏ ਤੋਂ ਪ੍ਰਕਾਸ਼ਕ ਅਤੇ ਲੇਖਕ ਡਰੇ

ਬਿਲਾਂ 'ਚ ਸੋਧਾਂ ਦਾ ਸਭ ਤੋਂ ਵਧ ਖੌਅ ਪ੍ਰਕਾਸ਼ਕਾਂ ਅਤੇ ਲੇਖਕਾਂ 'ਚ ਹੈ। ਹਰਭਜਨ ਸਿੰਘ ਨੇ ਕਿਹਾ ਕਿ ਹੁਣ ਪੁਸਤਕ 'ਚ ਇਕ ਗਲਤੀ 'ਤੇ ਹੀ ਪੂਰੀ ਉਮਰ ਜੇਲ੍ਹ 'ਚ ਗੁਜ਼ਾਰਨੀ ਪੈ ਸਕਦੀ ਹੈ। ਉਨ੍ਹਾਂ ਕਿਹਾ ਕਿ ਛਪਾਈ ਦਾ ਕਾਰੋਬਾਰ ਜੋਖਮ ਭਰਿਆ ਹੋ ਗਿਆ ਹੈ। ਪਿਛਲੇ ਦੋ ਦਹਾਕਿਆਂ 'ਚ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਲਈ ਉਹ ਧਾਰਮਿਕ ਕੱਟੜਪੰਥੀਆਂ ਦੇ ਨਿਸ਼ਾਨੇ 'ਤੇ ਰਹੇ ਹਨ। ਉਨ੍ਹਾਂ ਕਿਹਾ,"ਨਵੇਂ ਬਿਲ 'ਚ ਬੇਅਦਬੀ ਬਾਰੇ ਵਿਸਥਾਰ ਨਾਲ ਨਹੀਂ ਦੱਸਿਆ ਗਿਆ ਹੈ ਅਤੇ ਕਿਸੇ ਤੁਕ 'ਚ ਗਲਤੀ ਨਾਲ ਹੀ ਤੁਹਾਨੂੰ ਸਜ਼ਾ ਭੁਗਤਨੀ ਪੈ ਸਕਦੀ ਹੈ। ਇਥੋਂ ਤਕ ਕਿ ਗਲਪ ਜਾਂ ਵਾਰਤਕ 'ਚ ਲੇਖਕਾਂ ਵੱਲੋਂ ਧਾਰਮਿਕ ਪੁਸਤਕਾਂ 'ਚੋਂ ਹਵਾਲੇ ਦਿੱਤੇ ਜਾਂਦੇ ਹਨ। ਚੰਡੀਗੜ੍ਹ ਆਧਾਰਿਤ ਪੰਜਾਬੀ ਪੁਸਤਕਾਂ ਦੇ ਸਭ ਤੋਂ ਵੱਡੇ ਪ੍ਰਕਾਸ਼ਕ ਹਰੀਸ਼ ਜੈਨ ਵੀ ਇਸ ਤੋਂ ਸਹਿਮਤ ਹਨ। ਉਨ੍ਹਾਂ ਕਿਹਾ,"ਧਾਰਾ 295-ਏ ਦੀ ਪੂਰੀ ਵਿਆਖਿਆ ਨਾ ਹੋਣ ਕਰਕੇ ਵਿਦਵਾਨਾਂ ਅਤੇ ਲੇਖਕਾਂ 'ਚ ਚਿੰਤਾ ਦਾ ਵਿਸ਼ਾ ਬਣਿਆ ਰਹੇਗਾ। ਉਨ੍ਹਾਂ ਖ਼ਦਸ਼ਾ ਜ਼ਾਹਰ ਕੀਤਾ ਕਿ ਬਿਲ ਰਾਹੀਂ ਸੌੜੇ ਹਿੱਤਾਂ ਖ਼ਾਤਰ ਬੇਕਸੂਰ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਉਨ੍ਹਾਂ ਮੁਤਾਬਕ ਇਹ ਢੁਕਵਾਂ ਸਮਾਂ ਹੈ ਕਿ ਬਿਲ ਦੀਆਂ ਖਾਮੀਆਂ ਬਾਰੇ ਵਿਚਾਰ ਵਟਾਂਦਰਾ ਕਰਕੇ ਉਸ 'ਚ ਸੋਧ ਕੀਤੀ ਜਾਵੇ।

ਇਹ ਬਿਲ ਉਸ ਸਮੇਂ ਹੋਂਦ 'ਚ ਆਇਆ ਜਦੋਂ ਮਹਾਸ਼ੇ ਰਾਜਪਾਲ (ਪੰਜਾਬ ਦੇ ਸਾਬਕਾ ਰਾਜਪਾਲ ਸੁਰਿੰਦਰਨਾਥ ਦੇ ਪਿਤਾ) ਨੇ ਸੰਨ 1924 'ਚ ਪੁਸਤਕ ਰੰਗੀਲਾ ਰਸੂਲ ਪ੍ਰਕਾਸ਼ਤ ਕੀਤੀ ਸੀ। ਪੁਸਤਕ 'ਚ ਪੈਗ਼ੰਬਰ ਮੁਹੰਮਦ ਸਾਹਿਬ ਦੇ ਅਕਸ ਨੂੰ ਕਥਿਤ ਤੌਰ 'ਤੇ ਗ਼ਲਤ ਢੰਗ ਨਾਲ ਦਰਸਾਇਆ ਗਿਆ ਸੀ। ਰਾਜਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਨ੍ਹਾਂ 'ਤੇ ਧਾਰਾ 153-ਏ ਤਹਿਤ ਕੇਸ ਚੱਲਿਆ ਪਰ ਪੰਜ ਸਾਲਾਂ ਮਗਰੋਂ ਉਹ ਅਪਰੈਲ ਸੰਨ 1929 'ਚ ਬਰੀ ਹੋ ਗਏ ਕਿਉਂਕਿ ਧਾਰਮਿਕ ਬੇਅਦਬੀ ਖ਼ਿਲਾਫ਼ ਕੋਈ ਕਾਨੂੰਨ ਨਹੀਂ ਸੀ। ਇਸ ਮਗਰੋਂ ਚਾਰ ਮਹੀਨਿਆਂ ਦੇ ਅੰਦਰ ਹੀ ਕੇਂਦਰੀ ਵਿਧਾਨਪਾਲਿਕਾ ਨੇ ਬਿਲ 'ਚ ਸੋਧ ਕਰਦਿਆਂ ਆਈਪੀਸੀ ਦੀ ਧਾਰਾ 295-ਏ ਲਿਆਂਦੀ। ਜ਼ਿਕਰਯੋਗ ਹੈ ਕਿ ਰਾਜਪਾਲ ਦੀ 6 ਅਪਰੈਲ 1929 'ਚ ਇਲਮ-ਉਦ-ਦੀਨ ਨਾਂ ਦੇ ਨੌਜਵਾਨ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ।

## ਸਿੱਖ ਇਨਕਲਾਬ ਦਾ ਮੂਲ ਆਧਾਰ ਧਰਮ ਅਤੇ ਰਾਜਨੀਤੀ ਦੀ ਸਾਂਝ

ਰਾਜ ਵਿਚ ਸਭ ਤੋਂ ਵੱਡਾ ਨਿਆ ਅਧਿਕਾਰੀ ਸੁਲਤਾਨ ਜਾਂ ਬਾਦਸ਼ਾਹ ਹੁੰਦਾ ਸੀ ਜੋ ਉਲਮਾ ਨਾਲ ਧਾਰਮਿਕ ਮਾਮਲਿਆਂ ਬਾਰੇ ਸਲਾਹ ਕਰਕੇ ਫੈਸਲਾ ਦਿੰਦਾ ਸੀ। ਗੈਰ ਮੁਸਲਮਾਨਾਂ ਜਾਂ ਹਿੰਦੂਆਂ ਨਾਲ ਸ਼ਰੀਅਤ ਦੀ ਵਿਆਖਿਆ ਕਰਕੇ ਨਿਆਂ ਕਰਨ ਲਈ ਵਚਨਬੱਧ ਹੁੰਦਾ ਸੀ, ਪਰੰਤੂ ਇਸ ਸਮੇਂ ਉਲਮਾ ਨੂੰ ਸ਼ਾਸਕ ਦੀ ਸਰਫਰਸਤੀ ਦੀ ਲੋੜ ਹੁੰਦੀ ਸੀ। ਇਸ ਲਈ ਸ਼ਾਸਕ ਦੀ ਇੱਛਾ ਅਨੁਸਾਰ ਸ਼ਰਾ ਦੀ ਵਿਆਖਿਆ ਕਰਕੇ ਗੈਰ ਮੁਸਲਮਾਨਾਂ ਵਿਰੁੱਧ ਫਤਵਾ ਜਾਰੀ ਕਰ ਦਿੰਦਾ ਸੀ। ਇਸ ਤਰ੍ਹਾਂ ਆਪੋ ਆਪਣੇ ਸਵਾਰਥ ਲਈ ਉਹ ਇਕ ਦੂਜੇ ਨਾਲ ਜੁੜੇ ਹੋਏ ਸਨ। ਕਾਜ਼ੀ ਨਿਆਂ ਦਾ ਪ੍ਰਤੀਕ ਸੀ, ਭਾਵੇਂ ਪ੍ਰਾਂਤ ਦਾ ਨਿਆਂ ਪ੍ਰਬੰਧ ਉਸ ਤੋਂ ਇਲਾਵਾ ਸੂਬੇਦਾਰ ਅਤੇ ਦੀਵਾਨ ਵੀ ਕਰਦੇ ਸਨ। ਮੁਸਲਿਮ ਰਾਜ ਸਮੇਂ ਪਰਗਨਿਆਂ ਵਿਚ ਕਾਜ਼ੀ ਧਾਰਮਿਕ ਮੁਕੱਦਮਿਆਂ ਦਾ ਫੈਸਲਾ ਕਰਦੇ ਸਨ। ਕਾਜ਼ੀ ਆਪਣੀ ਸ਼ਕਤੀ ਦਾ ਗਲਤ ਪ੍ਰਯੋਗ ਕਾਰਨ ਬਦਨਾਮ ਹੋ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਕਾਜ਼ੀਆਂ ਦੇ ਕਿਰਦਾਰ ਦਾ ਵਰਨਣ ਆਪਣੀ ਬਾਣੀ ਵਿਚ ਵੀ ਕੀਤਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ :

ਕਾਜੀ ਹੋਇ ਕੈ ਬਹੈ ਨਿਆਇ॥<br>
ਫੇਰੇ ਤਸਬੀ ਕਰੇ ਖੁਦਾਇ ॥

ਲੋਧੀਆਂ ਸਮੇਂ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਰਾਜਨੀਤਕ ਅਸ਼ਾਂਤੀ ਹੀ ਰਹੀ। ਮਹਿਮੂਦ ਗਜ਼ਨਵੀ ਦੇ ਸਮੇਂ ਤੋਂ ਲੈ ਕੇ ਅਫਗਾਨਿਸਤਾਨ (ਪੱਛਮ) ਵਲੋਂ ਹਮਲਾਵਰਾਂ ਦੇ ਰਸਤੇ ਵਿਚ ਹੋਣ ਕਾਰਨ ਪੰਜਾਬ ਨੂੰ ਯੁੱਧ ਦੇ ਸੰਤਾਪ ਸਹਿਣੇ ਪੈ ਰਹੇ ਸਨ। ਪੰਜਾਬ ਦੇ ਸੂਬੇਦਾਰ ਦੀ ਦਿੱਲੀ ਦੇ ਕਮਜ਼ੋਰ ਸੁਲਤਾਨਾਂ ਤੋਂ ਸੁਤੰਤਰ ਹੋਣ ਦੀ ਕੋਸ਼ਿਸ਼ ਵਿਚ ਰਹਿੰਦੇ ਸਨ ਤੇ ਦੂਜੇ ਪਾਸੇ ਪੰਜਾਬ ਦੀ ਜਨਤਾ ਉਤੇ ਅੱਤਿਆਚਾਰ ਵੀ ਕਰਦੇ ਸਨ।

ਲੋਧੀ ਸ਼ਾਸਕ ਸਿਕੰਦਰ ਲੋਧੀ (1489-1517 ਈ.) ਬਹੁਤ ਸਖ਼ਤ ਹੁਕਮਰਾਨ ਸੀ। ਉਹ ਇਸਲਾਮ ਪ੍ਰਤੀ ਬਹੁਤ ਕੱਟੜ ਸੀ, ਜਿਸ ਕਾਰਣ ਉਸ ਨੇ ਹਿੰਦੂਆਂ ਉੱਤੇ ਬਹੁਤ ਅੱਤਿਆਚਾਰ ਕੀਤੇ। ਉਸ ਨੇ ਮਥਾਰ ਦੇ ਮੰਦਰ ਡੇਗ ਕੇ ਮਸਜਿਦਾਂ ਦਾ ਨਿਰਮਾਣ ਕਰਵਾਇਆ ਅਤੇ ਮੂਰਤੀਆਂ ਤੋੜ ਕੇ ਕਸਾਈਆਂ ਨੂੰ ਮਾਸ ਤੋਲਣ ਲਈ ਵੱਟੇ ਬਣਾਉਣ ਵਾਸਤੇ ਦਿੱਤੀਆਂ। ਇਸ ਤੋਂ ਇਲਾਵਾ ਉਸ ਨੇ ਮਾਰਵਾੜ, ਚੰਦੇਰੀ, ਨਗਰਕੋਟ ਤੇ ਜਵਾਲਾਮੁਖੀ ਦੇ ਮੰਦਰ ਢਹਿ ਢੇਰੀ ਕਰਵਾ ਦਿੱਤੇ। ਭਾਈ ਗੁਰਦਾਸ ਜੀ ਇਸ ਬਾਰੇ ਲਿਖਦੇ ਹਨ :

ਠਾਕੁਰ ਦੁਆਰੇ ਢਾਹਿਕੈ<br>
ਤਿਹਿ ਠਉੜੀ ਮਾਸੀਤ ਉਸਾਰਾ॥

ਉਸ ਨੇ ਹਿੰਦੂਆਂ ਉਪਰ ਜਮਨਾ ਨਦੀ ਵਿਚ ਇਸ਼ਨਾਨ ਕਰਨ ਤੇ ਪਾਬੰਦੀ ਲਾ ਦਿੱਤੀ। 1521 ਈ. ਵਿਚ ਜਦੋਂ ਬਾਬਰ ਨੇ ਦੂਸਰੀ ਵਾਰੀ ਭਾਰਤ ਉਪਰ ਹਮਲਾ ਕੀਤਾ ਤਾਂ ਉਸ ਸਮੇਂ ਗੁਰੂ ਨਾਨਕ ਦੇਵ ਜੀ ਵੀ ਸੈਦਪੁਰ ਵਿਖੇ ਸਨ, ਉਥੇ ਉਨ੍ਹਾਂ ਦੇ ਬਾਬਰ ਦੇ ਹਮਲੇ ਅਤੇ ਅਤਿਆਚਾਰ ਦਾ ਵਰਨਣ ਆਪਣੀ ਬਾਬਰ ਬਾਣੀ ਵਿਚ ਵੀ ਕੀਤਾ ਅਤੇ ਰੱਬ ਨੂੰ ਆਮ ਜਨਤਾ ਦੀ ਇਸ ਤਰਸਯੋਗ ਲਈ ਉਲਾਮਾ ਦਿੱਤਾ :

ਖੁਰਾਸਾਨ ਖਸਮਾਨਾ ਕੀਆ<br>
ਹਿੰਦੁਸਤਾਨੁ ਡਰਾਇਆ॥

ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਨੇ ਸਿੱਖ-ਮੁਗਲ ਸੰਬੰਧਾਂ ਵਿਚ ਇਕ ਨਵਾਂ ਮੋੜ ਲਿਆਂਦਾ ਅਤੇ ਇਕ ਨਵੇਂ ਧਰਮ ਦੀ ਸਥਾਪਨਾ ਕੀਤੀ। ਸਿੱਖਾਂ ਨੂੰ ਧਾਰਮਿਕ ਰੰਗ ਵਿਚ ਰੰਗ ਕੇ ਫਿਰ ਆਪਣੇ ਅਤੇ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਸਿਪਾਹੀ ਬਣਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਤੋਂ ਬਾਅਦ ਸਿੱਖ ਰਾਜ ਕਾਇਮ ਕੀਤਾ। ਬੇਸ਼ੱਕ ਰਣਜੀਤ ਸਿੰਘ ਦਾ ਰਾਜ ਰਾਜਤੰਤਰ ਸੀ, ਪਰ ਉਸ ਵਿਚ ਲੋਕਤੰਤਰੀ ਪ੍ਰਣਾਲੀ ਦੀ ਝਲਕ ਵੀ ਦਿਖਾਈ ਦਿੰਦੀ ਸੀ।

ਇਸ ਤਰ੍ਹਾਂ ਸਿੱਖ ਚਿੰਤਨ, ਧਰਮ ਤੇ ਰਾਨਜੀਤੀ ਵਿਚਕਾਰ ਇਕ ਐਸੀ ਸਾਂਝ ਦਾ ਮੁਦਈ ਹੈ, ਜਿਹੜੀ ਰਾਜ ਤੇ ਸਮਾਜ ਲਈ ਉਸਾਰੂ ਭੂਮਿਕਾ ਨਿਭਾ ਸਕੇ। ਇਹ ਸਾਂਝ ਸੰਪਰਦਾਇਕ ਧਰਮ ਤੇ ਸਵਾਰਥੀ ਰਾਜਨੀਤੀ ਵਿਚਕਾਰ ਨਹੀਂ, ਸਗੋਂ ਸਰਬੱਤ ਦਾ ਭਲਾ ਮੰਗਣ ਵਾਲੇ ਧਰਮ ਤੇ ਨਿਰਸਵਾਰਥ ਰਾਜਨੀਤੀ ਵਿਚਕਾਰ ਹੀ ਸੰਭਵ ਹੈ। ਇਸ ਪ੍ਰਕਾਰ ਧਰਮ ਅਤੇ ਰਾਜਨੀਤੀ ਵਿਚਕਾਰ ਸਾਂਝ ਉਨ੍ਹਾਂ ਲੋਕਾਂ ਲਈ ਸੁਰੱਖਿਅਤ ਹੈ, ਜਿਹੜੇ ਧਰਮ ਦੀ ਬੁਲੰਦੀ ਨੂੰ ਸਮਝਦੇ ਹਨ-ਜਿਨ੍ਹਾਂ ਨੂੰ ਧਰਮ ਦੀ ਡੂੰਘਾਈ ਦਾ ਗਿਆਨ ਹੈ।

## ਨਿਰਮਲ ਸਿੰਘ ਭੰਗੂ ਖਿਲਾਫ 48000 ਕਰੋੜ ਦੇ ਚਿੱਟ-ਫੰਡ ਘੁਟਾਲੇ ਵਿਚ ਚਾਰਜਸ਼ੀਟ ਦਾਖਲ

ਕਰਵਾਉਣ ਦਾ ਵਾਅਦਾ ਕਰਦੇ ਸਨ ਤੇ ਜੇ ਜ਼ਮੀਨ ਨਾ ਮਿਲ ਸਕੇ ਤਾਂ ਰਕਮ 'ਤੇ ਚੋਖਾ ਲਾਭ ਦੇਣ ਦਾ ਸਬਜ਼ਬਾਗ਼ ਦਿਖਾਉਂਦੇ ਸਨ।

ਈਡੀ ਨੇ ਕਿਹਾ ਕਿ ਪੀਏਸੀਐਲ ਅਤੇ ਪੀਜੀਐਫਐਲ ਦੇ ਪ੍ਰਮੋਟਰਾਂ ਤੇ ਡਾਇਰੈਕਟਰਾਂ ਨੇ ਜ਼ਰਾਇਤੀ ਜ਼ਮੀਨ ਦੀ ਵਿਕਰੀ ਰਾਹੀਂ ਦੇਸ਼ ਭਰ 'ਚੋਂ 48000 ਕਰੋੜ ਰੁਪਏ ਤੋਂ ਵੱਧ ਧਨ ਇਕੱਤਰ ਕੀਤਾ ਸੀ। ਪਹਿਲਾਂ 45000 ਕਰੋੜ ਰੁਪਏ ਦਾ ਅਨੁਮਾਨ ਲਾਇਆ ਗਿਆ ਸੀ। ਈਡੀ ਵੱਲੋਂ ਜਾਰੀ ਕੀਤੇ ਇਕ ਬਿਆਨ ਮੁਤਾਬਕ " ਕੁੱਲ ਫੰਡਾਂ ਵਿੱਚੋਂ ਪੀਏਸੀਐਲ ਨੇ 164 ਕਰੋੜ ਰੁਪਏ ਪਰਲਜ਼ ਇਨਫਰਾਸਟ੍ਰਕਚਰ ਪ੍ਰਾਜੈਕਟਸ ਲਿਮਟਿਡ ਪੀਆਈਪੀਐਲ ਵਿੱਚ 25.37 ਫ਼ੀਸਦ ਸ਼ੇਅਰ ਖਰੀਦਣ ਲਈ ਨਿਵੇਸ਼ ਕੀਤੇ ਅਤੇ ਬਾਕੀ ਦੀ 74.63 ਫ਼ੀਸਦ ਹਿੱਸਾਪੱਤੀ ਪੀਏਸੀਐਲ ਅਤੇ ਇਸ ਦੀ ਮੁਹਰੈਲ ਕੰਪਨੀਆਂ ਰਾਹੀਂ 493.18 ਕਰੋੜ ਰੁਪਏ ਵਿੱਚ ਖਰੀਦੀ ਗਈ। 2009 ਤੋਂ 2014 ਤੱਕ ਕੁੱਲ ਮਿਲਾ ਕੇ 657.18 ਕਰੋੜ ਰੁਪਏ ਪੀਆਈਪੀਐਲ ਨੂੰ ਮਿਲੇ ਸਨ।" ਬਿਆਨ ਵਿੱਚ ਕਿਹਾ ਗਿਆ ਹੈ ਕਿ ਪੀਏਸੀਐਲ ਦੀ ਸਹਾਇਕ ਕੰਪਨੀ ਪੀਆਈਪੀਐਲ ਨੇ 2010 ਵਿੱਚ 147.38 ਕਰੋੜ ਰੁਪਏ ਦੇ ਨਿਵੇਸ਼ ਨਾਲ ਆਸਟਰੇਲੀਅਨ ਫਰਮ ਮਾਈਰਿਜ਼ੋਰਟਜ਼ ਗਰੁਪ ਦੇ 50 ਫ਼ੀਸਦ ਸ਼ੇਅਰ ਤੇ 2009 ਤੋਂ 2014 ਤੱਕ 459.23 ਕਰੋੜ ਰੁਪਏ ਦੇ ਨਿਵੇਸ਼ ਨਾਲ ਇਕ ਹੋਰ ਆਸਟਰੇਲੀਅਨ ਫਰਮ ਮਾਈਗਰੁਪ ਹੋਲਡਿੰਗਜ਼ ਦੇ 99.24 ਸ਼ੇਅਰ ਖਰੀਦ ਲਏ। ਮਾਈਗਰੁਪ ਨੇ 147.38 ਕਰੋੜ ਰੁਪਏ ਦੇ ਨਿਵੇਸ਼ ਨਾਲ ਮਾਈਰਿਜ਼ੋਰਟਜ਼ ਦੇ ਬਾਕੀ 50 ਫ਼ੀਸਦ ਸ਼ੇਅਰ ਖਰੀਦ ਲਏ। ਅਚੱਲ ਸੰਪਤੀ ਦੀ ਖਰੀਦ ਬਦਲੇ ਆਸਟਰੇਲੀਆ ਦੇ ਹਿਕੀ ਲਾਅਰਜ਼ ਟਰੱਸਟ ਨੂੰ 25.07 ਕਰੋੜ ਰੁਪਏ ਦੀ ਰਕਮ ਅਦਾ ਕੀਤੀ ਗਈ।


For Classified Contact
510.240.5949



ਰੈਪਾਪੋਰਟ ਅਤੇ ਉਸ ਦੀ ਪਤਨੀ ਦੇ ਪੈਸੇ ਤੁਰੰਤ ਵਾਪਸ ਕਰੋ

ਕਾਂਗਰਸਮੈਨ ਡੇਵਿਨ ਨੁਨਸ, ਤੁਸੀਂ ਮਾਰਟਿਨ ਰੈਪਾਪੋਰਟ ਤੋਂ ਕਾਨੂੰਨੀ ਮੁਹਿੰਮ ਚਲਾਉਣ ਲਈ ਵੱਧ ਤੋਂ ਵੱਧ ਦਾਨ ਕਿਉਂ ਸਵੀਕਾਰ ਕੀਤਾ ਹੈ, ਜਿਸ ਨੇ ਇਹ ਕਿਹਾ ਹੈ, ਕਿ ਭਾਰਤੀਆਂ ਨੇ ਅੱਤਵਾਦ ਨੂੰ ਫੰਡਿਗ ਕੀਤੀ ਹੈ। ਉਹ ਨਰਿੰਦਰ ਮੋਦੀ ਦੇ ਅਜਿਹੇ ਹੀ "ਬਕਵਾਸ" ਬਿਆਨਾਂ ਨੂੰ ਵੀ ਦੁਹਰਾਉਂਦੇ ਹਨ। ਇਸ ਕਰਕੇ ਹੁਣੇ ਹੀ ਰੈਪਾਪੋਰਟ ਅਤੇ ਉਸ ਦੀ ਪਤਨੀ ਦੇ ਪੈਸੇ ਵਾਪਸ ਕਰੋ।

Congressman Devin Nunes : Why did you accept the maximum legal campaign donation from Martin Rapaport, who is reported to have insinuated that Indians fund terrorism and called statements by Narendra Modi "bulls*t?"

Tell Nunes to return Rapaport and his wife's money NOW

PAID FOR BY THE SWAMP ACCOUNTABILITY PROJECT AND NOT AUTHORIZED BY ANY CANDIDATE OR CANDIDATE'S COMMITTEE.
WWW.SWAMPACCOUNTABILITYPROJECT.COM


## .ਗ਼ਜ਼ਲ

**ਕੇਵਲ ਸਿੰਘ ਧਰਮਪੁਰਾ**, 9878801561

ਮੈਂ ਕਿਉਂ ਐਨਾ ਘੱਟ ਲਿਖਦਾ ਹਾਂ<br>
ਕਿਉ ਜੋ ਸੱਚੋ ਸੱਚ ਲਿਖਦਾ ਹਾਂ

ਲੋਕ ਵੀ ਲਿਖਦਾਂ ਮੁੱਦੇ ਵੀ ਲਿਖਦਾਂ<br>
ਧੱਕੇਸ਼ਾਹੀਆਂ ਜਚ ਜਚ ਲਿਖਦਾ ਹਾਂ

ਕਦੇ ਅੱਖਰ ਮੇਰੇ ਅੱਗ ਦੇ ਕਦੇ ਲੋਹੇ ਦੇ<br>
ਨਾ ਸੱਜਣਾ ਮੈਂ ਕੱਚ ਲਿਖਦਾ ਹਾਂ

ਜਿਸ ਦਿਨ ਦਿਲਦਾਰਾਂ ਦੀ ਦੀਦ ਹੋਵੇ<br>
ਤਾਂ ਮੈਂ ਨੱਚ ਨੱਚ ਲਿਖਦਾ ਹਾਂ

ਗ਼ਮ ਦੀ ਪਾ ਕੇ ਝਾਂਜਰ ਛਣਕਾਉਂਦਾ ਨਹੀਂ<br>
ਦਿਲ ਦੇ ਜਖ਼ਮ ਵੀ ਹੱਸ ਲਿਖਦਾ ਹਾਂ

ਇਸ਼ਕ ਮੁਹੱਬਤ ਵਿਚੇ ਲੋਕ ਮੁੱਦੇ<br>
ਨਾ ਮੈਂ ਵੱਖ ਵੱਖ ਲਿਖਦਾ ਹਾਂ

ਖੋ ਜਾਂਦਾ ਹਾਂ ਕੱਖਾਂ ਦੀ ਪੰਡ 'ਚ<br>
ਟੁੱਟੀ ਚੱਪਲ ਵਿਚ ਰਚ ਲਿਖਦਾ ਹਾਂ

ਜੋ ਵੀ ਆਖਾਂ ਸ਼ਰੇਆਮ ਆਖਦਾ<br>
ਨਾ ਜਾਲਮ ਤੋਂ ਬਚ ਬਚ ਲਿਖਦਾ ਹਾਂ

ਨਾ ਗੁੜ, ਨਾ ਗੰਨਾ, ਨਾ ਗੰਦਲਾਂ<br>
ਮੈਂ ਲਿਖਾਂ ਤਾਂ ਦੇਸੀ ਅੱਕ ਲਿਖਦਾ ਹਾਂ


Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਰੈਲੀਆਂ ਦੀ ਰਾਜਨੀਤੀ : ਬੇਅਦਬੀ ਦੇ ਮੁੱਦੇ ਨੂੰ ਰੋਲਣ ਲਈ ਬਾਦਲਾਂ ਤੇ ਕਾਂਗਰਸ ਦੀ ਸਿਆਸੀ ਖੇਡ ਸ਼ੁਰੂ

ਘਟਨਾਵਾਂ ਅਤੇ ਗੋਲੀਕਾਂਡਾਂ ਦਾ ਜਵਾਬ ਦੇਣ ਦੀ ਥਾਂ ਮਾਮਲੇ ਨੂੰ ਰੋਲਣਾ ਵੱਧ ਜਾਪਦਾ ਹੈ।

ਸਫਲਤਾ/ਅਸਫਲਤਾ ਜਾਂ ਲਾਭ/ਹਾਨੀ ਨੂੰ ਵਿਚਾਰੇ ਬਿਨਾ ਹੀ ਅਕਾਲੀ ਦਲ ਦੇ ਸੀਨੀਅਰ ਸਿਆਸਤਦਾਨ ਦਾ ਜੋ ਸ਼ੋਸ਼ਾ ਆਮ ਲੋਕਾਂ ਤੇ ਸ਼ੋਸ਼ਲ ਮੀਡੀਆ ਫੇਸ ਬੁੱਕ ਤੇ ਸਭਤੋਂ ਵੱਧ ਮਕਬੂਲ ਹੋਇਆ, ਉਹ ਸੀ ਕਿ 'ਜੇ ਮੈਨੂੰ ਜਾਂ ਮੇਰੇ ਪੁਤ ਨੂੰ ਜਾਨ ਦੇਣ ਦੀ ਲੋੜ ਪਈ ਤਾਂ ਅਸੀਂ ਤਿਆਰ ਹਾਂ'। ਜਸਟਿਸ ਰਣਜੀਤ ਸਿੰਘ ਕਮਿਸ਼ਨ ਵਲੋਂ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਸਮੁਚੇ ਵਰਤਾਰੇ ਵਿੱਚ ਬਾਦਲਾਂ ਦੀ ਖੋਲ੍ਹੀ ਗਈ ਪੋਲ ਤੋਂ ਬਾਅਦ ਦਲ ਦੀ ਫਰੀਦਕੋਟ ਵਾਲੀ ਪੋਲ ਖੋਲ ਰੈਲੀ ਨੱਕ ਦਾ ਵਕਾਰ ਬਣੀ ਹੋਈ ਸੀ।ਪੰਜ ਜਿਲ੍ਹਿਆਂ ਦੀ ਪੁਲਿਸ ਦੀ ਸਖਤ ਸੁਰਖਿਆ ਛਤਰੀ ਹੇਠ ਜੋ ਰੈਲੀ ਦਾ ਰੌਲਾ ਪਾਇਆ ਗਿਆ ਉਸ ਵਿਚੋਂ ਉਹੀ ਦਹਾਕਿਆਂ ਪੁਰਾਣਾ ਰਾਗ ਸੁਨਣ ਨੂੰ ਮਿਲਿਆ, ਕਿਸੇ ਫਿਲਮੀ ਗਾਣੇ ਵਰਗਾ ਕਿ 'ਤੂੰ ਨਾ ਮਿਲੀ ਤੋਂ ਮੈਂ ਮਰ ਜਾਉਂਗਾਂ'। ਫਰਕ ਸਿਰਫ ਇਹੀ ਰਿਹਾ ਕਿ ਫਿਲਮ ਦੇ ਗਾਣੇ ਵਿੱਚ ਕਲਾਕਾਰ ਚੰਦ ਪੈਸਿਆਂ ਖਾਤਿਰ ਕੁਝ ਸਮੇਂ ਦੀ ਸਹੇਲੀ ਮਗਰ ਭੱਜਦਾ ਗਾਉਂਦਾ ਹੈ ਤੇ ਫਰੀਦਕੋਟ ਦੀ ਰੈਲੀ ਵਿੱਚ ਉਨ੍ਹਾਂ ਲੋਕਾਂ ਨੂੰ ਕੀਲਣ ਦੀ ਕੋਸ਼ਿਸ਼ ਕੀਤੀ ਗਈ ਜਿਹੜੇ ਆਏ ਹੀ ਇਸੇ ਮਕਸਦ ਲਈ ਸਨ।

ਅਕਾਲੀਆਂ ਦੀ ਫਰੀਦਕੋਟ ਰੈਲੀ ਵਿਚੋਂ ਪੰਜਾਬ ਦੀ ਭਲਾਈ ਲਈ ਤਾਂ ਭਲਾਂ ਕੀ ਨਿਕਲਣਾ ਸੀ ਪਰ ਸ਼ੋਸ਼ਲ ਮੀਡੀਆ ਤੇ ਵਿਚਰ ਰਹੇ ਜਾਗਰੂਕ ਲੋਕਾਂ ਨੇ ਬਾਦਲਾਂ ਦੀ ਕੁਰਬਾਨੀ ਦਾ ਇਤਿਹਾਸ ਜ਼ਰੂਰ ਫਰੋਲ ਕੇ ਰੱਖ ਦਿੱਤਾ ਹੈ। ਸਿੱਖ ਸਿਆਸਤ ਦੇ ਜਾਣਕਾਰ ਤੇ ਵਿਸ਼ੇਸ਼ ਕਰਕੇ ਪਰਕਾਸ਼ ਸਿਘ ਬਾਦਲ ਨੂੰ ਨੇੜਿਓਂ ਜਾਨਣ ਵਾਲੇ ਲੋਕਾਂ ਨੇ ਹੀ ਦੱਸ ਦਿੱਤਾ ਕਿ ਪੰਜਾਬ ਦੇ ਜਿਹੜੇ ਦਰਿਆਈ ਪਾਣੀਆਂ ਦੀ ਵੰਡ ਖਿਲਾਫ ਪਰਕਾਸ਼ ਸਿੰਘ ਬਾਦਲ ਸੰਨ 1980 ਤੋਂ ਰੌਲਾ ਪਾ ਰਹੇ ਸਨ ਉਸ ਵੇਲੇ ਵੀ ਵੱਡੇ ਬਾਦਲ ਨੇ ਇਹੀ ਐਲਾਨ ਕੀਤਾ ਸੀ ਕਿ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਰੋਕਣ ਲਈ ਗੋਲੀਆਂ ਖਾਵਾਂਗੇ।

ਦਰਬਾਰ ਸਾਹਿਬ ਦੀ ਰਾਖੀ ਲਈ ਦਿੱਤੇ ਸੱਦੇ 'ਤੇ ਅਕਾਲ ਤਖਤ ਸਾਹਿਬ ਦੇ ਸਨਮੁਖ ਖੜ੍ਹ ਕੇ ਸਹੁੰ ਖਾਣ ਵਾਲੇ 80 ਹਜਾਰ ਦੇ ਕਰੀਬ ਮਰਜੀਵੜਿਆਂ ਵਿੱਚ ਸ੍ਰ:ਪਰਕਾਸ਼ ਸਿੰਘ ਬਾਦਲ ਵੀ ਸ਼ਾਮਿਲ ਸਨ।ਬਕਾਇਦਾ ਜਿਕਰ ਆਇਆ ਹੈ ਕਿ ਇਸ ਵੇਲੇ ਉਮਰ ਦੇ ਦਸਵੇਂ ਦਹਾਕੇ ਵਿੱਚ ਦਾਖਲ ਹੋ ਚੁੱਕੇ ਪਰਕਾਸ਼ ਸਿੰਘ ਬਾਦਲ ਉਨ੍ਹਾਂ ਆਗੂਆਂ ਵਿੱਚ ਵੀ ਸ਼ਾਮਿਲ ਸਨ ਜੋ ਇਹ ਕਹਿੰਦੇ ਨਹੀ ਸਨ ਥਕਦੇ ਕਿ ਜੇ ਫੌਜ ਆਈ ਤਾਂ ਸਾਡੀਆਂ ਲਾਸ਼ਾਂ ਤੋਂ ਲੰਘ ਕੇ ਦਰਬਾਰ ਸਾਹਿਬ ਅੰਦਰ ਦਾਖਲ ਹੋਵੇਗੀ।ਤੇ ਬਾਦਲ ਇਹ ਮੌਕਾ ਵੀ ਹੱਥੋਂ ਗਵਾ ਬੈਠੇ।

ਸੱਤਾ ਖਾਤਿਰ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਲਈ ਪਰਕਾਸ਼ ਸਿੰਘ ਬਾਦਲ ਦਾ ਇਹ ਸ਼ੋਸ਼ਾ ਸੀ ਤੇ ਸੁਖਬੀਰ ਸਿੰਘ ਬਾਦਲ ਦਾ ਪਹਿਲਾ।ਦੁਨੀਆਂ ਤਾਂ ਕਹਿੰਦੀ ਹੈ ਕਿ ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ, ਝੂਠ ਵਾਰ-ਵਾਰ ਨਹੀਂ ਬੋਲਿਆ ਜਾਂਦਾ ਹੈ, ਚੋਰੀ ਦੇ ਪੁੱਤ ਕਦੇ ਗੱਭਰੂ ਨਹੀਂ ਹੁੰਦੇ, ਪਰ ਪੰਜਾਬ ਦਾ ਬਜ਼ੁਰਗ, ਘਾਗ ਸਿਆਸਤਦਾਨ 93 ਸਾਲ ਦੀ ਉਮਰ ਵਿੱਚ ਵੀ ਕਹਿੰਦਾ ਹੈ ਕਿ ਤੁਹਾਨੂੰ ਮਕਾਰੀ ਆਉਂਦੀ ਹੋਵੇ ,ਫਿਰ ਜਿੰਨੇ ਵਾਰੀ ਮਰਜ਼ੀ ਝੂਠ ਬੋਲੀ ਜਾਓ, ਲੋਕਾਂ ਨੂੰ ਗੁੰਮਰਾਹ ਕਰੀ ਜਾਓ, ਕੋਈ ਫ਼ਰਕ ਨਹੀਂ ਪੈਂਦਾ।

ਸਿਤਮ ਦੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾਉਣ ਵਾਲਾ ਬਾਦਲ ਆਖ ਰਿਹਾ ਹੈ ਕਿ ਉਹ ਹਰ ਕੁਰਬਾਨੀ ਦੇਣ ਲਈ ਤਿਆਰ ਹੈ। ਕੁਰਬਾਨੀ ਕਿਸ ਗੱਲ ਲਈ ਦੇਣੀ ਹੈ? ਕੁਰਬਾਨੀ ਦੇਣੀ ਸੀ ਤਾਂ ਲੰਗੜੇ ਪੰਜਾਬੀ ਸੂਬੇ ਨੂੰ ਮੁਕੰਮਲ ਸੂਬਾ ਬਣਾਉਣ ਲਈ ਕੁਰਬਾਨੀ ਦੇਣੀ ਸੀ। ਭਾਰਤੀ ਸੰਵਿਧਾਨ ਦੀ ਧਾਰਾ 25-ਬੀ ਦੇ ਖ਼ਾਤਮੇ ਲਈ ਕੁਰਬਾਨੀ ਦੇਣੀ ਸੀ। ਪੰਜਾਬ ਦੇ, ਪੰਜਾਬੀ ਬੋਲਦੇ ਇਲਾਕੇ ਵਾਪਸ ਲੈਣ ਲਈ ਕੁਰਬਾਨੀ ਦੇਣ ਸੀ। ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਕੁਰਬਾਨੀ ਦੇਣੀ ਸੀ। ਸ੍ਰੀ ਦਰਬਾਰ ਸਾਹਿਬ ਉਪਰ ਹੱਲਾ ਬੋਲਣ ਵਾਲਿਆਂ ਵਿਰੁੱਧ ਕੁਰਬਾਨੀ ਦੇਣੀ ਸੀ। ਨਵੰਬਰ 1984 ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਕੁਰਬਾਨੀ ਦੇਣੀ। ਪੰਜਾਬ ਵਿਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਦੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਕੁਰਬਾਨੀ ਦੇਣੀ ਸੀ। ਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਕੁਰਬਾਨੀ ਦੇਣੀ, ਕਦੇ ਪ੍ਰਕਾਸ਼ ਸਿੰਘ ਬਾਦਲ ਨੂੰ ਯਾਦ ਨਹੀਂ ਆਈ। ਉਹ ਐਲਾਨ ਕਰਦੇ ਹਨ ਕਿ ਜੇ ਹਰਿਆਣੇ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਦਿੱਤੀ ਗਈ ਤਾਂ ਮੈਂ ਕੁਰਬਾਨੀ ਦੇ ਦਿਆਂਗਾ। ਹੁਣ ਫ਼ਿਰ ਉਹ ਐਲਾਨ ਕਰਦੇ ਹਨ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਬਚਾਉਣ ਲਈ ਕੁਰਬਾਨੀ ਦੇ ਦੇਣਗੇ। ਭਲਾ! ਸੋਚੋ ਕਿ ਸ਼੍ਰੋਮਣੀ ਕਮੇਟੀ ਨੂੰ ਖ਼ਤਰਾ ਕਿਸ ਤੋਂ ਹੈ? ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਆਪਣੇ ਗੁਲਾਮ ਬਣਾ ਕੇ ਰੱਖਣ ਵਾਲਿਆਂ ਤੋਂ, ਸ਼੍ਰੋਮਣੀ ਕਮੇਟੀ ਨੂੰ ਖ਼ਤਰਾ ਹੈ ਜਾਂ ਫ਼ਿਰ ਉਸਦੀ ਗੋਲਕ ਦੇ ਚੋਰਾਂ ਤੋਂ ਅਤੇ ਸ਼੍ਰੋਮਣੀ ਕਮੇਟੀ ਨੂੰ ਬੰਧੂਆ ਗੁਲਾਮ ਬਣਾ ਕੇ ਰੱਖਣ ਵਾਲਿਆਂ ਤੋਂ ਖ਼ਤਰਾ ਹੈ।

ਸ਼ਾਇਦ ਬਾਦਲਕਿਆਂ ਨੂੰ ਉਨ੍ਹਾਂ ਦੇ ਅੰਦਰੂਨੀ ਪਾਪ ਡਰਾਉਂਦੇ ਹਨ, ਕਿਉਂਕਿ ਜਦੋਂ ਵੀ ਸੱਚ ਦੇ ਸੂਰਜ ਨੇ ਚੜ੍ਹਨਾ ਹੈ, ਸੱਚ ਨੇ ਉਜਾਗਰ ਹੋਣਾ ਹੈ, ਜੱਗ ਜਾਹਰ ਹੋਣਾ ਹੈ। ਦੋਸ਼ੀਆਂ ਦੀ ਕਤਾਰ ਵਿਚ ਬਾਦਲ ਦਲ 'ਚ ਸਭ ਤੋਂ ਮੂਹਰੇ ਨਜ਼ਰ ਆਉਣਗੇ। ਪਾਪਾਂ ਦੀ ਸਜ਼ਾ ਤੋਂ ਬਚਣ ਲਈ ਬਾਦਲਕੇ ਹਾਏ! ਪਾਹਰਿਆ ਕਰ ਰਹੇ ਹਨ ਤੇ ਕੁਰਬਾਨੀ ਦੇਣ ਵਰਗੀਆਂ ਟਾਹਰਾਂ ਮਾਰ ਰਹੇ ਹਨ। ਨਿੱਜੀ ਸਵਾਰਥ ਲਈ ਕੁਰਬਾਨੀ ਦੇਣੀ ਬਹੁਤ ਔਖੀ ਹੁੰਦੀ ਹੈ। ਬਾਦਲਕੇ ਤਾਂ ਹੁਣ ਕੰਡਾ ਚੁੱਭਿਆ ਵੀ ਬਰਦਾਸ਼ਤ ਕਰਨ ਵਾਲੇ ਨਹੀਂ ਫ਼ਿਰ ਕੁਰਬਾਨੀ ਤਾਂ ਬਹੁਤ ਦੂਰ ਦੀ ਗੱਲ ਹੈ।

ਬਾਦਲਕਿਆਂ ਨੂੰ ਕੈਪਟਨ ਨਾਲ ਹੋਏ ਅੰਦਰੂਨੀ ਸਮਝੌਤੇ ਦਾ ਵੱਡਾ ਹੌਸਲਾ ਜਾਪ ਰਿਹਾ ਹੈ। ਪੰਥਕ ਧਿਰਾਂ ਦੇ ਆਗੂਆਂ ਜਿਨ੍ਹਾਂ ਨੂੰ ਬਦਨਾਮ ਕਰਨ ਦੀ ਬਾਦਲਕਿਆਂ ਨੇ ਮੁਹਿੰਮ ਵਿੱਢੀ ਹੋਈ ਹੈ। ਪੰਜਾਬ ਵਿੱਚ ਦੋਵਾਂ ਵੱਡੀਆਂ ਪਾਰਟੀਆਂ ਵੱਲੋਂ ਰੈਲੀਆਂ ਕੀਤੇ ਜਾਣ ਨਾਲ ਟਕਰਾਅ ਵਧਣ ਤੋਂ ਬਿਨਾਂ ਹੋਰ ਕੁਝ ਨਹੀਂ ਨਿਕਲਣਾ। ਆਰਥਿਕ ਸੰਕਟ ਕਾਰਨ ਸੂਬੇ ਦੀ ਸਥਿਤੀ ਪਹਿਲਾਂ ਹੀ ਕਾਫੀ ਮਾੜੀ ਹੈ। ਲੋਕ ਨਾਖੁਸ਼ ਹਨ। ਬੇਰੁਜ਼ਗਾਰੀ ਤੇ ਮਹਿੰਗਾਈ ਲਗਾਤਾਰ ਵਧਦੀ ਜਾ ਰਹੀ ਹੈ। ਇਸ ਕਰਕੇ ਰੈਲੀਆਂ ਵਿਚ ਕਿਸੇ ਥਾਂ ਗੜਬੜ ਵੀ ਹੋ ਸਕਦੀ ਹੈ। ਬੇਅਦਬੀ ਦੀਆਂ ਘਟਨਾਵਾਂ ਕਾਰਨ ਸਾਬਕਾ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਵਿਰੁੱਧ ਲੋਕਾਂ 'ਚ ਗੁੱਸਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਿਛਲੀ ਵਾਰ ਜਦੋਂ ਹਾਲਾਤ ਵਿਗੜੇ ਸਨ, ਤਾਂ ਉਸ ਪਿੱਛੇ ਰੈਲੀਆਂ ਦਾ ਕਾਫੀ ਯੋਗਦਾਨ ਸੀ।

## ਬਾਦਲ ਸਾਹਿਬ ਨੂੰ ਪੂਰਾ ਸੱਚ ਬੋਲਣ 'ਚ ਕੀ ਦਿੱਕਤ ਹੈ ?

ਅਗਾਂਹ ਸੀ। ਪੰਜਾਬੀ ਸੂਬੇ ਦੀ ਮੰਗ ਮੌਕੇ ਭਾਰਤੀ ਜਨਤਾ ਪਾਰਟੀ ਦਾ ਨਓਂ ਜਨਸੰਘ ਸੀ। ਜਨਸੰਘੀਆਂ ਨੇ ਪੰਜਾਬੀ ਸੂਬੇ ਦੇ ਸਿਆਸੀ ਵਿਰੋਧ ਤੋਂ ਵੀ ਅਗਾਂਹ ਜਾ ਕੇ ਇਹਦਾ ਹਿੰਸਕ ਵਿਰੋਧ ਕਰਦੇ ਹੋਏ ਸਿੱਖਾਂ ਅਤੇ ਸਿੱਖੀ ਤੇ ਵੀ ਹਮਲੇ ਕੀਤੇ। ਪੰਜਾਬੀ ਸੂਬੇ ਦੀ ਮੰਗ ਨੂੰ ਅੱਧ ਪਚੱਧੀ ਸ਼ਕਲ 'ਚ ਮੰਨਦਿਆਂ ਕੇਂਦਰ ਸਰਕਾਰ ਨੇ ਪੰਜਾਬ ਦੇ ਰਿਜਨ (ਖੇਤਰ) ਬਣਾ ਦਿੱਤੇ। ਇਨਾਂ ਨੂੰ ਹਿੰਦੀ ਰਿਜ਼ਨ ਅਤੇ ਪੰਜਾਬੀ ਰਿਜਨ ਕਿਹਾ ਗਿਆ, ਜਿੱਥੇ ਪੰਜਾਬੀ ਰਿਜਨ ਵਿੱਚ ਪੰਜਾਬੀ ਅਤੇ ਹਿੰਦੀ ਰਿਜ਼ਨ ਵਿੱਚ ਹਿੰਦੀ ਲਾਗੂ ਹੋਈ ਸੀ।

ਹਾਲਾਂਕਿ ਇਹ ਮੁਕੰਮਲ ਪੰਜਾਬੀ ਸੂਬੇ ਦੀ ਥਾਂ ਪੰਜਾਬੀਆਂ ਨੂੰ ਇਹ ਇੱਕ ਛੋਟੀ ਜਿਹੀ ਹੀ ਰਿਆਇਤ ਦਿੱਤੀ ਗਈ ਸੀ ਪਰ ਜਨਸੰਘੀਆਂ ਨੂੰ ਪੰਜਾਬੀਆਂ ਨੂੰ ਦਿੱਤੀ ਗਈ ਇਹ ਛੋਟੀ ਜਹੀ ਰਿਆਇਤ ਵੀ ਬਰਦਾਸ਼ਤ ਨਾ ਹੋਈ। ਪੰਜਾਬ ਜਨਸੰਘ ਦੇ ਪ੍ਰਧਾਨ ਲਾਲ ਚੰਦ ਸਭਰਵਾਲ ਨੇ ਆਖਿਆ ਕਿ ਜੇ ਪੰਜਾਬੀ ਲਾਗੂ ਕਰਨ ਦੀ ਕੋਸ਼ਿਸ਼ ਜਬਰਦਸਤੀ ਕੀਤੀ ਗਈ ਤਾਂ ਸ਼ਹਿਰਾਂ ਦੇ ਗਲੀਆਂ ਬਜਾਰਾਂ 'ਚ ਲੜਾਈ ਹੋਵੇਗੀ।

ਇੱਕ ਹੋਰ ਉਘੇ ਜਨਸੰਘੀ ਆਗੂ ਬਲਰਾਮਜੀਦਾਸ ਟੰਡਨ ਨੇ ਰਿਜਨਲ ਫਾਰਮੂਲੇ ਦੇ ਖਿਲਾਫ 27 ਮਾਰਚ 1956 ਤੋਂ 9 ਅਪ੍ਰੈਲ 56 ਤੱਕ ਵਰਤ ਰੱਖਿਆ। ਜਨਸੰਘ ਨੇ ਮਹਾਂ ਪੰਜਾਬ ਵਾਲਿਆਂ ਨਾਲ ਮਿਲ ਅਪ੍ਰੈਲ 1956 ਤੋਂ ਜੂਨ 1956 ਤੱਕ ਪੰਜਾਬ ਦੇ ਵੱਡੇ ਸ਼ਹਿਰਾਂ 'ਚ ਰਿਜਨਲ ਫਾਰਮੂਲੇ ਦੇ ਖਿਲਾਫ ਜਲੂਸ ਕੱਢੇ ਜਿੰਨਾਂ 'ਚ ਸਿੱਖਾਂ 'ਤੇ ਹਮਲੇ ਕਰਦਿਆਂ ਪੁਲਿਸ ਨਾਲ ਝਗੜੇ ਵੀ ਕੀਤੇ। ਇਹਨਾਂ ਜਲੂਸਾਂ 'ਚ ਪੰਜਾਬੀ ਸੂਬੇ ਦੇ ਖਿਲਾਫ ਗੰਦੇ ਨਾਹਰੇ ਲਾਏ ਜਾਂਦੇ ਰਹੇ। ਇਹੀ ਬਲਰਾਮਜੀਦਾਸ ਟੰਡਨ, ਪ੍ਰਕਾਸ਼ ਸਿੰਘ ਬਾਦਲ ਦੀ ਵਜ਼ਾਰਤ ਵਿੱਚ ਤਿੰਨ ਵਾਰ ਪਹਿਲੇ ਨੰਬਰ ਵਾਲਾ ਵਜੀਰ ਰਿਹਾ।

ਅਕਾਲੀ ਦਲ ਦੀ ਲੰਮੀ ਜੱਦੋਜਹਿਦ ਤੋਂ ਬਾਅਦ ਜਦੋਂ ਕਾਂਗਰਸ ਵਰਕਿੰਗ ਕਮੇਟੀ ਨੇ 9 ਮਾਰਚ 1966 ਨੂੰ ਪੰਜਾਬੀ ਸੂਬੇ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ ਤਾਂ ਜਨਸੰਘੀ, ਕਾਂਗਰਸ 'ਤੇ ਇੰਨੇ ਲੋਹੇ ਲਾਖੇ ਹੋਏ ਕਿ ਕਾਂਗਰਸੀਆਂ, ਸਿੱਖਾਂ ਅਤੇ ਗੁਰਦੁਆਰਿਆਂ ਉਤੇ ਹਮਲੇ ਸ਼ੁਰੂ ਕਰ ਦਿੱਤੇ। ਜਨਸੰਘ ਦੇ ਜਰਨਲ ਸਕੱਤਰ ਯੱਗ ਦੱਤ ਸ਼ਰਮਾ ਨੇ ਪੰਜਾਬੀ ਸੂਬੇ ਦੇ ਖਿਲਾਫ ਮਰਨ ਵਰਤ ਰੱਖ ਲਿਆ। ਇਹੀ ਯੱਗ ਦੱਤ ਸ਼ਰਮਾ 1977 'ਚ ਅਕਾਲੀਆਂ ਦੀ ਸਰਗਰਮ ਹਮਾਇਤ ਨਾਲ 1977 'ਚ ਗੁਰਦਾਸਪੁਰ ਤੋਂ ਲੋਕ ਸਭਾ ਦੀ ਚੋਣ ਜਿੱਤਿਆ।

ਪੰਜਾਬੀ ਸੂਬੇ ਦੀ ਮੰਗ ਮੰਨਣ ਦਾ ਕਾਂਗਰਸ ਨੇ ਅਜੇ ਐਲਾਨ ਹੀ ਕੀਤਾ ਸੀ। ਪਰ ਜਨਸੰਘ ਵੱਲੋਂ ਇਹਦਾ ਏਨਾਂ ਹਿੰਸਕ ਪੱਧਰ 'ਤੇ ਵਿਰੋਧ ਕੀਤਾ ਗਿਆ ਕਿ ਦਿੱਲੀ ਸਮੇਤ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ 'ਚ ਕਰਫਿਊ ਲਾਉਣਾ ਪਿਆ। ਪੰਜਾਬੀ ਸੂਬੇ ਦੀ ਮੰਗ ਮੰਨਣ ਖਾਤਰ ਜਨਸੰਘੀਆਂ ਤੇ ਇਹਦੇ ਹੋਰ ਸਾਥੀਆਂ ਦਾ ਗੁੱਸਾ ਇਸ ਕਦਰ ਭੜਕਿਆ ਸੀ ਕੇ 15 ਮਾਰਚ 1966 ਨੂੰ ਪਾਣੀਪਤ ਵਿੱਚ ਕਾਂਗਰਸੀ ਪ੍ਰਧਾਨ ਦੀਵਾਨ ਚੰਦ ਟੱਕਰ, ਕਰਾਂਤੀ ਕੁਮਾਰ ਅਤੇ ਇੱਕ ਹੋਰ ਜਣੇ ਨੂੰ ਦੁਕਾਨ ਅੰਦਰ ਡੱਕ ਕੇ ਸਾੜ ਮਾਰਿਆ। ਜਨਸੰਘੀਆਂ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਨਾਲ ਕੀਤੀ ਗਈ ਇਸ ਹਿੰਸਾ ਦੇ 6 ਦਿਨਾਂ ਦੌਰਾਨ ਪੰਜਾਬ 'ਚ 9 ਜਾਣੇ ਮਾਰੇ ਗਏ। 200 ਜ਼ਖ਼ਮੀ ਹੋਏ, ਸਿੱਖਾਂ ਦੇ ਘਰਾਂ ਅਤੇ ਗੁਰਦੁਆਰਿਆਂ 'ਤੇ ਹਮਲੇ ਹੋਏ। ਇਸੇ ਰੌਲੇ ਕਰਕੇ ਜਨਸੰਘ ਦੇ 2528 ਬੰਦੇ ਗ੍ਰਿਫਤਾਰ ਹੋਏ। ਪਾਣੀਪਤ ਦੀ ਘਟਨਾ ਤੋਂ ਬਾਅਦ ਜਨਸੰਘ ਪੰਜਾਬੀ ਸੂਬੇ ਨੂੰ ਕੌੜੇ ਘੁੱਟ ਵਾਂਗੂ ਪੀ ਕੇ ਚੁੱਪ ਕਰ ਗਈ ਅਤੇ ਯੱਗ ਦੱਤ ਸ਼ਰਮਾਂ ਨੇ ਵੀ ਆਪਦਾ ਮਰਨ ਵਰਤ ਛੱਡ ਦਿੱਤਾ। ਸੋ ਇਹ ਅਸਲੀਅਤ ਹੈ ਜਿਹੜੀ ਸ. ਬਾਦਲ ਨੂੰ ਪੂਰਾ ਸੱਚ ਬੋਲਣ ਤੋਂ ਰੋਕਦੀ ਹੈ, ਕਿਉਂਕਿ ਇਸੇ ਜਨਸੰਘ ਦੀ ਮੌਜੂਦਾ ਸ਼ਕਲ ਭਾਰਤੀ ਜਨਤਾ ਪਾਰਟੀ ਨਾਲ ਸ. ਬਾਦਲ ਦੀ ਏਨੀ ਨੇੜਤਾ ਹੈ ਕਿ ਇਸ ਪਾਰਟੀ ਨਾਲ ਗੂੜ੍ਹੇ ਸਬੰਧਾਂ ਦਾ ਜਿਹੜਾ ਨਾਂ (ਪਤੀ-ਪਤਨੀ ਵਾਲਾ ਰਿਸ਼ਤਾ) ਸ. ਪ੍ਰਕਾਸ਼ ਸਿੰਘ ਬਾਦਲ ਨੇ ਧਰਿਆ ਹੈ, ਉਹੋ ਜਿਹਾ ਨਾਂ ਅੱਜ ਤਕ ਕਿਸੇ ਪਾਰਟੀ ਦੇ ਦੂਜੀ ਪਾਰਟੀ ਨਾਲ ਸਿਆਸੀ ਸਬੰਧਾਂ ਦੀ ਪਕਿਆਈ ਦਿਖਾਉਣ ਖਾਤਰ ਨਹੀਂ ਧਰਿਆ।

## ਨੌਰਥ ਕੈਰੋਲੀਨਾ ਇਲਾਕੇ 'ਚ ਫਲੋਰੈਂਸ ਤੂਫਾਨ ਦੀ ਤਬਾਹੀ

ਰਹਿਣ ਵਾਲੇ 7,500 ਲੋਕਾਂ ਨੂੰ ਫੌਰੀ ਤੌਰ ਤੇ ਬਾਹਰ ਕੱਢਣ ਦਾ ਹੁਕਮ ਦਿੱਤਾ। ਨਿਊ ਬਰਨ ਵਿੱਚ, ਤੱਟ ਦੇ ਨਾਲ, ਘਰਾਂ ਨੂੰ ਪੂਰੀ ਤਰਾਂ ਪਾਣੀ ਨੇ ਘੇਰਿਆ ਹੋਇਆ ਸੀ ਅਤੇ ਲੋਕਾਂ ਨੂੰ ਬਚਾਉਣ ਲਈ ਬੇੜੀਆਂ ਵਰਤੀਆਂ ਗਈਆਂ। ਨਿਊ ਬਰਨ ਦੇ ਬੁਲਾਰੇ ਕੋਲੀਨ ਰੌਬਰਟਸ ਨੇ ਕਿਹਾ ਕਿ ਤਬਾਹੀ ਦੇ ਕਾਰਨ ਹਜ਼ਾਰਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ। ਤੱਟ ਦੇ ਤਾਇਨਾਤ ਕੋਸਟ ਗਾਰਡ ਦੇ ਮੈਂਬਰਾਂ ਨੇ ਕਿਹਾ ਕਿ ਹੈਲੀਕਾਪਟਰਾਂ ਨੇ ਨਿਊ ਬਰਨ ਅਤੇ ਜੈਕਸਨਵਿਲ ਵਿਚ ਦੁਪਹਿਰ ਤੱਕ ਲਗਭਗ 50 ਥਾਵਾਂ ਤੋਂ ਲੋਕ ਬਚਾਏ। ਮਰੀਨ ਨੇ ਕੈਂਪ ਲੇਜਿਓਨ ਨੇੜੇ ਪਾਣੀ ਤੂਫਾਨ ਤੋਂ ਲਗਭਗ 20 ਨਾਗਰਿਕਾਂ ਨੂੰ ਬਚਾਇਆ। ਹੁਣ ਤਕ ਤੂਫਾਨ ਕਾਰਨ ਮਾਰੇ ਗਏ ਮ੍ਰਿਤਕਾਂ ਵਿਚ ਇੱਕ ਮਾਂ ਤੇ ਉਸ ਦਾ ਬੱਚਾ ਵੀ ਸ਼ਾਮਿਲ ਹੈ ਇਹ ਘਟਨਾ ਉਦੋਂ ਵਾਪਰੀ ਜਦੋਂ ਉੱਤਰੀ ਵਿਲਮਿੰਗਟਨ ਵਿੱਚ ਇੱਕ ਘਰ ਉਤੇ ਇੱਕ ਰੁੱਖ ਡਿੱਗ ਪਿਆ।

## ਸੀਆਰਐਸ ਰੀਪੋਰਟ ਨੇ ਭਾਰਤ ਵਿਚ ਹਿੰਦੂ-ਅੱਤਵਾਦ ਦਾ ਡਰ ਪ੍ਰਗਟਾਇਆ

ਮੈਂਬਰਾਂ ਦੇ ਵਿਚਾਰਾਂ ਦੀ ਤਰਜਮਾਨੀ ਕਰਦੀ ਹੈ ਪਰ ਇਸ ਤਰ੍ਹਾਂ ਦੀ ਰੀਪੋਰਟ ਆਜ਼ਾਦ ਮਾਹਰ ਸਮੂਹ ਤਿਆਰ ਕਰਦੇ ਹਨ ਤਾਂ ਕਿ ਸੰਸਦ ਮੈਂਬਰ ਇਸ 'ਤੇ ਗੌਰ ਕਰ ਸਕਣ ਅਤੇ ਢੁਕਵਾਂ ਫ਼ੈਸਲਾ ਲੈ ਸਕਣ। ਰੀਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਹਾਲ ਹੀ ਦੇ ਦਹਾਕਿਆਂ ਵਿਚ ਭਾਰਤ ਵਿਚ ਹਿੰਦੂ ਰਾਸ਼ਟਰਵਾਦ ਉਭਰਦੀ ਰਾਜਨੀਤਕ ਤਾਕਤ ਹੈ ਜਿਸ ਨਾਲ ਉਥੋਂ ਦੇ ਧਰਮਨਿਰਪੱਖ ਤਾਣੇ-ਬਾਣੇ ਦਾ ਨੁਕਸਾਨ ਹੋ ਰਿਹਾ ਹੈ। ਚੇਤਾਵਨੀ ਦਿਤੀ ਗਈ ਹੈ ਕਿ ਸੋਸ਼ਲ ਮੀਡੀਆ ਪਲੇਟਫ਼ਾਰਮ ਦੇਸ਼ ਵਿਚ ਬਹੁਗਿਣਤੀ ਵਰਗ ਦੀ ਹਿੰਸਾ ਦੀਆਂ ਵਧਦੀਆਂ ਘਟਨਾਵਾਂ ਨੂੰ ਸਿੱਧੀ ਅਤੇ ਅਸਿੱਧੀ ਮਨਜ਼ੂਰੀ ਦਿੰਦੇ ਹਨ। 'ਇੰਡੀਆ : ਰਿਲੀਜੀਅਸ ਫ਼ਰੀਡਮ ਇਸ਼ੂਜ਼'ਨਾਂ ਦੇ ਸਿਰਲੇਖ ਵਾਲੀ ਰੀਪੋਰਟ ਵਿਚ ਕਿਹਾ ਗਿਆ ਹੈ, ਕਿ "ਸੰਵਿਧਾਨ ਦੁਆਰਾ ਧਾਰਮਕ ਆਜ਼ਾਦੀ ਦੀ ਸਪੱਸ਼ਟ ਰੂਪ ਨਾਲ ਰਾਖੀ ਕੀਤੀ ਗਈ ਹੈ। ਭਾਰਤ ਦੀ ਆਬਾਦੀ ਵਿਚ ਹਿੰਦੂਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਬੀਤੇ ਦਹਾਕਿਆਂ ਵਿਚ ਹਿੰਦੂ ਰਾਸ਼ਟਰਵਾਦ ਉਭਰਦਾ ਰਾਜਨੀਤਕ ਬਲ ਹੈ ਅਤੇ ਇਹ ਕਈ ਮਾਅਨਿਆਂ ਵਿਚ ਭਾਰਤ ਦੇ ਧਰਮਨਿਰਪੱਖ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾ ਰਿਹਾ ਹੈ ਤੇ ਦੇਸ਼ ਦੀ ਧਾਰਮਕ ਆਜ਼ਾਦੀ 'ਤੇ ਨਵੇਂ ਹਮਲਿਆਂ ਦਾ ਕਾਰਨ ਬਣ ਰਿਹਾ ਹੈ।"

## 'ਅਮਰੀਕਾ ਵਿਚ ਸਿੱਖ' ਟੀਵੀ ਪ੍ਰੋਗਰਾਮ ਨੇ ਐਮੀ ਐਵਾਰਡ ਜਿੱਤਿਆ

ਬਲਬੀਰ ਸਿੰਘ ਸੋਢੀ ਦੀ ਕਹਾਣੀ ਵੀ ਹੈ। ਪਿਛਲੇ ਦਹਾਕੇ ਦੇ ਬਿਰਤਾਂਤ ਨਾਲ ਭਰੀ ਇਹ ਫ਼ਿਲਮ 300 ਕੈਂਪਸਾਂ ਵਿਚ ਦਿਖਾਈ ਗਈ ਹੈ ਤਾਂ ਕਿ ਸੰਵਾਦ ਸ਼ੁਰੂ ਕੀਤਾ ਜਾ ਸਕੇ। ਇਹ ਹੁਣ ਮੁਫ਼ਤ ਵਿਚ ਔਨਲਾਈਨ ਉਪਲਬਧ ਹੈ ਅਤੇ ਕਲਾਸਰੂਮ, ਪੂਜਾ ਘਰ ਜਾਂ ਆਰਾਮ ਕਮਰੇ ਵਿਚ ਬੈਠ ਕੇ ਦੇਖ ਸਕਦੇ ਹੋ। ਤੁਸੀਂ ਐਮੇਜ਼ੋਨ 'ਤੇ ਫ਼ਿਲਮ ਦੀ ਡੀਵੀਡੀ ਵੀ ਲੈ ਸਕਦੇ ਹੋ। ਸਿਵਲ ਰਾਈਟਸ ਐਕਟੀਵਿਸਟ ਅਤੇ ਸਿੱਖ ਭਰਾ ਅਰਜੁਨ ਸਿੰਘ ਸੇਠੀ ਨੇ ਹੁਣੇ ਜਿਹੇ ਇਕ ਨਵੀਂ ਕਿਤਾਬ 'ਅਮਰੀਕਨ ਹੇਟ' ਜਾਰੀ ਕੀਤੀ ਹੈ। ਇਸ ਵਿਚ ਟਰੰਪ ਦੇ ਅਮਰੀਕਾ ਵਿਚ ਨਫ਼ਰਤ ਤੋਂ ਪ੍ਰਭਾਵਿਤ ਲੋਕਾਂ ਦੀਆਂ ਕਹਾਣੀਆਂ ਦਾ ਸੰਗ੍ਰਿਹ ਹੈ। ਸਾਨੂੰ ਆਪਣੇ ਇਤਿਹਾਸ ਨੂੰ ਸਮਝਣਾ ਪਵੇਗਾ ਅਤੇ ਇਸ ਉਤੇ ਮਾਣ ਹੋਣਾ ਚਾਹੀਦਾ ਹੈ। ਸਾਨੂੰ ਬੋਲਣਾ ਚਾਹੀਦਾ ਹੈ, ਕਿਉਂਕਿ ਸਾਡੀ ਕਮਿਊਨਿਟੀ ਵਿਚ ਤਾਕਤ ਹੈ ਅਤੇ ਪਿਆਰ ਹੈ।

## ਸਿਆਟਲ ਵਿਰਾਸਤ ਮੇਲੇ ਦੀਆਂ ਤਿਆਰੀਆਂ ਮੁਕੰਮਲ

ਪੰਜਾਬੀ ਵਿਰਸੇ ਨਾਲ ਜੋੜਨ ਦੇ ਮਕਸਦ ਨਾਲ ਆਪਣੇ ਸੱਭਿਆਚਾਰ ਵਿਚ ਰਹਿਣ ਵਾਲੇ ਪੰਜਾਬੀ ਨਵ-ਜੋੜੇ ਸਨਮਾਨਤ ਕੀਤੇ ਜਾਣਗੇ। ਇਸੇ ਤਰ੍ਹਾਂ ਸਰਦਾਰ ਪੰਜਾਬੀ ਤੇ ਮਿਸ ਪੰਜਾਬਣ, 18 ਸਾਲ ਤੋਂ ਥੱਲੇ ਤੇ 18 ਸਾਲ ਤੋਂ ਉਪਰ ਉਮਰ ਵਰਗਾਂ ਲਈ ਮੁਕਾਬਲਾ ਹੋਵੇਗਾ। ਯੂਐਸਏ ਟਰੈਵਲ ਵਲੋਂ ਇੰਡੀਆ ਦੀ ਮੁਫ਼ਤ ਟਿਕਟ ਦੀ ਲਾਟਰੀ ਕੱਢੀ ਜਾ ਰਹੀ ਹੈ। ਸ਼ਰਾਬ ਪੀ ਕੇ ਆਉਣ ਦੀ ਸਖ਼ਤ ਮਨਾਹੀ ਹੋਵੇਗੀ। 7 ਵਜੇ ਤੋਂ ਬਾਅਦ ਕੰਪਲੀਮੈਂਟਰੀ ਪਾਸ ਵਾਲਿਆਂ ਲਈ ਸੀਟ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਸਿਆਟਲ ਦੇ ਨੌਜਵਾਨ ਤੇ ਸਪਾਂਸਰ ਸਿਆਟਲ ਵਿਰਾਸਤ ਮੇਲੇ ਦੀ ਅਗਵਾਈ ਕਰਨਗੇ।

## ਹਰਪ੍ਰੀਤ ਸਿੰਘ ਹੰਸਰਾ ਦੀ ਚੋਣ ਰੈਲੀ ਨੇ ਧੰਨ-ਧੰਨ ਕਰਵਾਈ

ਤੁਹਾਡੇ ਦਰਵਾਜੇ 'ਤੇ ਦਸਤਕ ਦੇਵਾਂਗਾ। ਮੈਂ ਵਾਅਦਾ ਕਰਦਾ ਹਾਂ ਕਿ ਮੈਂ ਬਰੈਂਪਟਨ ਦੇ ਹੱਕ ਵਿੱਚ ਵੋਟ ਪਾਵਾਂਗਾ। ਮੈਂ ਦੂਸਰੇ ਕੌਂਸਲਰਾਂ ਨਾਲ ਦੋਸਤੀ ਪੁਗਾਉਣ ਲਈ ਬਰੈਂਪਟਨ ਦਾ ਭਵਿੱਖ ਦਾਅ ਤੇ ਨਹੀਂ ਲਾਵਾਂਗਾ।"

ਹੰਸਰਾ ਨੇ ਅਖੀਰ ਵਿੱਚ ਅਪੀਲ ਕੀਤੀ ਕਿ ਕੋਈ ਵੀ ਚੋਣ ਉਦੋਂ ਤਕ ਨਹੀਂ ਜਿੱਤੀ ਨਹੀਂ ਜਾ ਸਕਦੀ ਜਦ ਤੱਕ ਕਮਿਊਨਿਟੀ ਖੁਦ ਵਿਚ ਸ਼ਾਮਿਲ ਨਾ ਹੋਵੇ ਅਤੇ ਵਲੰਟੀਅਰ ਦਰਵਾਜ਼ੇ ਖੜਕਾਉਣ ਲਈ ਅੱਗੇ ਨਾ ਆਉਣ। ਸਾਨੂੰ ਮਾਲੀ ਮਦਦ ਦੀ ਵੀ ਲੋੜ ਹੈ ਕਿਉਂਕਿ ਮਿਊਂਸਪਲ ਚੋਣਾਂ ਵਿੱਚ ਕੋਈ ਪਾਰਟੀ ਜਾਂ ਧੜੇ ਦੀ ਹਮਾਇਤ ਨਹੀਂ ਹੁੰਦੀ। ਇਸ ਕਰਕੇ ਕਮਿਊਨਟੀ ਨੂੰ ਹੀ ਹੱਥ ਵਟਾਉਣਾ ਪੈਂਦਾ ਹੈ।

ਹਰਪ੍ਰੀਤ ਸਿੰਘ ਹੰਸਰਾ ਦੀ ਚੋਣ ਰੈਲੀ ਵਿੱਚ ਕਮਿਊਨਟੀ ਦੇ ਪਤਵੰਤੇ ਸੱਜਣਾਂ ਤੋਂ ਇਲਾਵਾ ਨੌਜੁਆਨ ਸਿਆਸਤਦਾਨ ਹਰਕੀਰਤ ਸਿੰਘ, ਕੌਂਸਲਰ ਪੈਟ ਫਰਟੀਨੀ, ਸਾਬਕਾ ਮੇਅਰ ਸੂਜ਼ਨ ਫੈਨਿਲ, ਵਿੱਕੀ ਢਿਲੋਂ, ਸਨਦੀਪ ਸਿੰਘ, ਐਮਪੀ ਰਮੇਸ਼ਵਰ ਸੰਘਾ ਨੇ ਵੀ ਸ਼ਮੂਲੀਅਤ ਕੀਤੀ। ਇਨ੍ਹਾਂ ਤੋਂ ਇਲਾਵਾ ਸਮੁੱਚੇ ਮੀਡੀਆ ਅਤੇ ਸਪੋਰਟਸ ਕਲੱਬਾਂ ਦੇ ਨੁਮਾਇੰਦਿਆਂ ਨੇ ਵੀ ਇਸ ਮੌਕੇ ਹਾਜ਼ਰੀ ਭਰੀ।

## ਇਕ ਰੈਲੀ ਰੱਦ ਹੋਣ ਨਾਲ ਹੀ ਐਮਰਜੈਂਸੀ ਯਾਦ ਆਈ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਪੁੱਛਦਾ ਨਹੀਂ। ਅਕਾਲੀ ਸਰਕਾਰ ਦੇ ਇਸ਼ਾਰਿਆਂ 'ਤੇ ਸਿਰਫ ਪੁਲੀਸ ਨੇ ਹੀ ਡਾਂਗਾਂ ਨਹੀਂ ਵਰ੍ਹਾਈਆਂ ਸਗੋਂ ਇਨ੍ਹਾਂ ਦੇ ਮੰਤਰੀ ਅਤੇ ਲੀਡਰ ਆਪ ਮੁਜਾਹਰਾਕਾਰੀਆਂ ਦੀ ਕੁੱਟਮਾਰ ਕਰਦੇ ਦੇਖੇ ਗਏ, ਇੱਥੋਂ ਤੱਕ ਕਿ ਬੀਬੀਆਂ ਨੂੰ ਵੀ ਨਹੀਂ ਬਖਸ਼ਿਆ ਗਿਆ। ਭਾਈ ਦਰਸ਼ਨ ਸਿੰਘ ਲੁਹਾਰਾ, ਭਾਈ ਕਮਲਜੀਤ ਸਿੰਘ, ਭਾਈ ਹਰਮੰਦਰ ਸਿੰਘ, ਭਾਈ ਜਸਪਾਲ ਸਿੰਘ, ਭਾਈ ਕ੍ਰਿਸ਼ਨ ਭਗਵਾਨ ਸਿੰਘ, ਭਾਈ ਗੁਰਜੀਤ ਸਿੰਘ ਵਰਗੇ ਗੁਰਸਿੱਖ ਸ਼ਹੀਦ ਹੋਏ, ਆਪਣੀ ਬੇਟੀ ਦੀ ਇੱਜ਼ਤ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਪੁਲੀਸ ਅਫਸਰ ਦੀ ਜਾਨ ਗਈ। ਕੱਥੂਨੰਗਲ ਵਿਖੇ ਸ੍ਰ. ਸਿਮਰਨਜੀਤ ਸਿੰਘ ਮਾਨ ਸਮੇਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਪਿਛਲੇ ਤਿੰਨ ਸਾਲ ਤੋਂ ਵੱਧ ਸਮੇਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹੁੰਦੀ ਆ ਰਹੀ ਬੇਅਦਬੀ ਦੇ ਰੋਹ ਕਾਰਨ ਸਿੱਖ ਕੌਮ ਦੇ ਸਬਰ ਦਾ ਪਿਆਲਾ ਹੁਣ ਭਰ ਕੇ ਉੱਛਲ ਰਿਹਾ ਹੈ। ਕੌਮੀ ਭਾਵਨਾਵਾਂ ਦੀ ਤਰਜਮਾਨੀ ਕਰਦੇ ਹੋਏ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਧਿਆਨ ਸਿੰਘ ਮੰਡ ਸਾਹਿਬ ਵੱਲੋਂ ਲਾਇਆ ਗਿਆ ਮੋਰਚਾ ਪੰਥ ਵਿਰੋਧੀ ਤਾਕਤਾਂ ਦੇ ਫੁੱਟਪਾਊ ਗੁਮਰਾਹਕੁੰਨ ਪ੍ਰਚਾਰ ਦੇ ਬਾਵਜੂਦ ਸਫਲਤਾ ਤੱਕ ਜਾਰੀ ਰਹੇਗਾ। ਖ਼ਜ਼ਾਨਾ ਮੰਤਰੀ ਵੱਲੋਂ ਸੁਰੱਖਿਆ ਲਈ ਨਵੀਆਂ ਕਾਰਾਂ ਦੇਣ ਤੋਂ ਨਾਂਹ ਕਰਨ ਅਤੇ ਪ੍ਰਸ਼ਾਸਨ ਵੱਲੋਂ ਰੈਲੀਆਂ ਰੱਦ ਕਰਨ ਤੋਂ ਬਾਦ ਕਾਲੀ ਦਲ ਦੇ ਆਗੂਆਂ ਨੂੰ ਚਾਹੀਦਾ ਕਿ ਆਪਣੀਆਂ ਬੀਤੇ ਵਿਚ ਮਾਰੀਆਂ ਡੀਂਗਾਂ ਮੁਤਾਬਕ ਹੁਣ ਮੰਗਲ ਗ੍ਰਹਿ ਨੂੰ ਹੀ ਆਪਣਾ ਟਿਕਾਣਾ ਬਣਾ ਲੈਣ।

## ਮਕਸੂਦਾਂ ਪੁਲਿਸ ਥਾਣੇ 'ਚ ਹੋਏ ਬੰਬ ਧਮਾਕਿਆਂ ਦੀ ਗੁੱਥੀ ਉਲਝੀ

ਅਵਾਜ਼ ਇਕ ਕਿਲੋਮੀਟਰ ਦੀ ਦੂਰੀ ਤੱਕ ਸੁਣੀ ਗਈ। ਖ਼ਬਰ ਦਾ ਪਤਾ ਲੱਗਦਿਆਂ ਹੀ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਹਾਲਾਤ ਦਾ ਜਾਇਜ਼ਾ ਲਿਆ। ਹਮਲੇ ਦੇ ਚਾਰ ਦਿਨ ਬੀਤ ਜਾਣ ਤੋਂ ਬਾਅਦ ਵੀ ਪੁਲਿਸ ਇਸ ਰਹੱਸ ਨੂੰ ਸੁਲਝਾ ਨਹੀ ਪਾਈ ਹੈ ਕਿ ਕਿਸ ਤਰ੍ਹਾਂ ਵਾਰਦਾਤ ਨੂੰ ਅੰਜ਼ਾਮ ਦਿੱਤਾ ਗਿਆ। ਫੌਰੈਂਸਿਕ ਟੀਮਾਂ ਇਹ ਪਤਾ ਕਰਨ ਦੀ ਕੋਸ਼ਿਸ਼ ਕਰਨ ਵਿਚ ਲੱਗੀਆਂ ਹੋਈਆਂ ਹਨ ਕਿ ਧਮਾਕਿਆਂ ਲਈ ਕਿਸ ਪਦਾਰਥ ਦੀ ਵਰਤੋਂ ਕੀਤੀ ਗਈ ਹੈ। ਪੁਲਿਸ ਅਨੁਸਾਰ ਬੰਬ ਧਮਾਕਿਆਂ ਕਾਰਨ ਨਾ ਤਾਂ ਕੋਈ ਟੋਆ ਪਿਆ ਹੈ ਅਤੇ ਨਾ ਹੀ ਕੋਈ ਮਲਬਾ ਮਿਲਿਆ ਹੈ ਜਿਸ ਤੋਂ ਪਤਾ ਲੱਗ ਸਕੇ ਕਿ ਬੰਬ ਧਮਾਕੇ ਕਰਨ ਵਿਚ ਕਿਸ ਪਦਾਰਥ ਦੀ ਵਰਤੋਂ ਕੀਤੀ ਗਈ ਸੀ। ਪੁਲਿਸ ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ ਦੇ ਨਾਮ ਉਤੇ ਭੇਜੇ ਗਏ ਪੱਤਰ 'ਤੇ ਵੀ ਸ਼ੱਕ ਜਤਾ ਰਹੀ ਹੈ। ਪੁਲਿਸ ਦੀਆਂ ਟੀਮਾਂ ਇਹ ਪਤਾ ਲਗਾਉਣ ਵਿਚ ਲੱਗੀਆਂ ਹੋਈਆਂ ਹਨ ਕਿ ਇਹ ਈ-ਮੇਲ ਕਿਥੋਂ ਭੇਜੀ ਗਈ ਹੈ ਪਰ ਇਸ ਸਭ ਦੇ ਬਾਵਜੂਦ ਪੁਲਿਸ ਥਾਣੇ ਅੰਦਰ ਬੰਬ ਧਮਾਕਿਆਂ ਨੇ ਪੁਲਿਸ ਦੀ ਖੁਦ ਦੀ ਸੁਰੱਖਿਆ 'ਤੇ ਹੀ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ
ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@singhsolar.com

SUNPREME
Premium Bifacial Thin Film Solar






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

### SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM